@Qpatrika
@qaumipatrika punjabi
instagram.com/ qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Friday, 8 March 2024

Punjabi National Daily

Qaumi Patrika NO.1

ਨਵੀਂ ਦਿੱਲੀ: ਸ਼ੁੱਕਰਵਾਰ 8 ਮਾਰਚ 2024, 22 ਫੱਗਣ ਨਾਨਕਸ਼ਾਹੀ ਸੰਮਤ 554 (ਸਫ਼ੇ-12) ਮੁੱਲ 3.00 ਰੁਪਏ

VISIT: www.qaumipatrika.org
Email: qpatrika@gmail.com

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 98, qpatrika@gmail.com ਫੋਨ : 9971359517 www.qaumipatrika.org

## ਆਦਿਵਾਸੀਆਂ ਨੂੰ 'ਵਣ ਵਾਸੀ' ਕਹਿਣਾ ਸਭ ਤੋਂ ਵੱਡਾ ਅਪਮਾਨ : ਰਾਹੁਲ

ਬਦਨਾਵਰ 7 ਮਾਰਚ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਬੁੱਧਵਾਰ ਨੂੰ ਆਦਿਵਾਸੀਆਂ ਦਰਮਿਆਨ ਬਿਨਾਂ ਕਿਸੇ ਦਾ ਨਾਂ ਲਏ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਲੋਕਾਂ ਨੇ ਆਦਿਵਾਸੀਆਂ ਨੂੰ ਵਣਵਾਸੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਅਤੇ ਇਹ ਆਦਿਵਾਸੀਆਂ ਦਾ ਸਭ ਤੋਂ ਵੱਡਾ ਅਪਮਾਨ ਹੈ। ਰਾਹੁਲ ਗਾਂਧੀ ਨੇ 'ਭਾਰਤ ਜੋੜੋ ਨਿਆਂ' ਯਾਤਰਾ ਤਹਿਤ ਮੱਧ ਪ੍ਰਦੇਸ਼ ਦੇ ਧਾਰ ਜ਼ਿਲੇ ਦੇ ਬਦਨਾਵਰ 'ਚ ਆਮ ਸਭਾ ਨੂੰ ਸੰਬੋਧਿਤ ਕੀਤਾ। ਇਸ ਦੌਰਾਨ ਪਾਰਟੀ ਪ੍ਰਧਾਨ ਮਲਿਕਾਰਜੁਨ ਖੜਗੇ, ਪ੍ਰਦੇਸ਼ ਪ੍ਰਧਾਨ ਜੀਤੂ ਪਟਵਾਰੀ, ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਅਤੇ ਵਿਧਾਨ ਸਭਾ 'ਚ ਵਿਰੋਧੀ ਨੇਤਾ ਉਮੰਗ ਸਿੰਘਾ ਵੀ ਹਾਜਰ ਰਹੇ। ਸਭਾ 'ਚ ਵੱਡੀ ਗਿਣਤੀ 'ਚ ਮੌਜੂਦ ਆਦਿਵਾਸੀਆਂ ਨੂੰ ਸੰਬੋਧਿਤ



ਕਰਦੇ ਹੋਏ ਰਾਹੁਲ ਗਾਂਧੀ ਨੇ ਆਪਣੇ ਸੰਬੋਧਨ ਦੀ ਸ਼ੁਰੂਆਤ ਸੂਬੇ ਦੇ ਸੀਧੀ ਕਾਂਡ ਦਾ ਸੰਦਰਭ ਦਿੰਦੇ ਹੋਏ ਕੀਤੀ। ਉਨ੍ਹਾਂ ਕਿਹਾ ਕਿ ਭਾਜਪਾ ਦੀ ਵਿਚਾਰਧਾਰਾ ਅਜਿਹੀ ਹੀ ਹੈ। ਭਾਜਪਾ ਸਿਰਫ ਆਦਿਵਾਸੀਆਂ ਨਾਲ ਹੀ ਨਹੀਂ, ਦਲਿਤਾਂ ਅਤੇ ਗਰੀਬ ਪਿਛੜਿਆਂ ਨਾਲ ਵੀ ਅਜਿਹਾ ਵਿਵਹਾਰ ਕਰਦੀ ਹੈ। ਭਾਜਪਾ ਦੇ ਲੋਕ ਸਾਰੀਆਂ ਥਾਵਾਂ 'ਤੇ ਕਮਜੋਰਾਂ ਦਾ ਅਪਮਾਨ ਕਰਦੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਲੋਕਾਂ ਨੇ ਹੁਣ ਆਦਿਵਾਸੀਆਂ ਨੂੰ ਵਣਵਾਸੀ ਕਹਿਣਾ ਸ਼ੁਰੂ ਕਰ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਦੋਵਾਂ ਸ਼ਬਦਾਂ ਦਾ ਅਰਥ ਸਮਝਾਉਂਦੇ ਹੋਏ ਕਿਹਾ ਕਿ ਆਦਿਵਾਸੀ ਦਾ ਮਤਲਬ ਉਹ ਵਿਅਕਤੀ ਜੋ ਜਮੀਨ ਦਾ ਸਭ ਤੋਂ ਪਹਿਲਾਂ ਮਾਲਕ ਸੀ, ਉਥੇ ਵਣਵਾਸੀ ਦਾ ਅਰਥ ਉਨ੍ਹਾਂ ਲੋਕਾਂ ਤੋਂ ਹੈ, ਜੋ ਜੰਗਲਾ 'ਚ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਜੇਕਰ ਆਦਿਵਾਸੀ ਨੂੰ ਆਦਿਵਾਸੀ ਕਹਿਣਗੇ ਤਾਂ ਸਰਕਾਰ ਨੂੰ ਉਨ੍ਹਾਂ ਨੂੰ ਜਲ-ਜੰਗਲ-ਜਮੀਨ ਦਾ ਹੱਕ ਦੇਣਾ ਪਵੇਗਾ। ਆਦਿਵਾਸੀਆਂ ਨੂੰ ਵਣਵਾਸੀ ਕਹਿਣ ਨਾਲ ਵੱਡਾ ਅਪਮਾਨ ਉਨ੍ਹਾਂ ਦਾ ਕੋਈ ਹੋਰ ਨਹੀਂ ਹੋ ਸਕਦਾ।

# ਧਾਰਾ 370 ਹਟਣ ਤੋਂ ਬਾਅਦ ਜੰਮੂ ਕਸ਼ਮੀਰ ਛੂਹ ਰਿਹੈ ਵਿਕਾਸ ਦੀਆਂ ਨਵੀਆਂ ਉੱਚਾਈਆਂ : ਨਰਿੰਦਰ ਮੋਦੀ

**ਸਿੰਮੀ ਕੌਰ ਬੱਬਰ**

ਸ਼੍ਰੀਨਗਰ 7 ਮਾਰਚ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਵੀਰਵਾਰ ਨੂੰ ਸ਼੍ਰੀਨਗਰ ਵਿਚ ਕਸਮੀਰੀ ਨਾਗਰਿਕਾਂ ਨੂੰ ਸੰਬੋਧਨ ਕੀਤਾ। ਇਸ ਦੌਰਾਨ ਵਿਰੋਧੀ ਧਿਰ 'ਤੇ ਤਿੱਖਾ ਹਮਲਾ ਕਰਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਕੁਝ ਸਿਆਸੀ ਪਰਿਵਾਰ ਹਮੇਸਾ 370 ਦੇ ਨਾਂ 'ਤੇ ਫਾਇਦਾ ਚੁੱਕਦੇ ਰਹੇ ਅਤੇ ਕਾਂਗਰਸ ਗੁੰਮਰਾਹ ਕਰਦੀ ਰਹੀ। ਉਨ੍ਹਾਂ ਕਿਹਾ ਕਿ ਸੰਵਿਧਾਨ ਦੀ ਧਾਰਾ 370 ਨੂੰ ਰੱਦ ਕੀਤੇ ਜਾਣ ਤੋਂ ਬਾਅਦ ਜੰਮੂ ਕਸ਼ਮੀਰ ਵਿਕਾਸ ਦੀਆਂ ਨਵੀਆਂ ਉੱਚਾਈਆਂ ਨੂੰ ਛੂਹ ਰਿਹਾ ਹੈ ਅਤੇ ਆਜਾਦ ਰੂਪ ਨਾਲ ਸਾਹ ਲੈ ਰਿਹਾ ਹੈ। ਪੀ.ਐੱਮ. ਮੋਦੀ ਨੇ ਕਿਹਾ,"ਧਰਤੀ 'ਤੇ ਸਵਰਗ ਆਉਣ ਦਾ ਇਹ ਅਹਿਸਾਸ ਅਨੋਖਾ ਹੈ। ਅਸੀਂ ਦਹਾਕਿਆਂ ਤੋਂ ਇਸ ਨਵੇਂ ਜੰਮੂ-ਕਸਮੀਰ ਦੀ ਉਡੀਕ ਕਰ ਰਹੇ ਸੀ।" ਉਨ੍ਹਾਂ ਨੇ ਕਸ਼ਮੀਰੀ ਨਾਗਰਿਕਾਂ ਨੂੰ ਕਿਹਾ,"ਮੋਦੀ ਕਸ਼ਮੀਰੀਆਂ ਦੇ ਪਿਆਰ ਦੇ ਇਸ ਕਰਜ ਨੂੰ ਚੁਕਾਉਣ ਲਈ ਕੋਈ ਕਸਰ ਨਹੀਂ ਛੱਡੇਗਾ। 2014 ਦੇ ਬਾਅਦ ਮੈਂ ਜਦੋਂ ਵੀ ਆਇਆ, ਮੈਂ ਇਹੀ ਕਿਹਾ ਕਿ ਮੈਂ ਇਹ ਮਿਹਨਤ ਤੁਹਾਡਾ ਦਿਲ ਜਿੱਤਣ ਲਈ ਕਰ ਰਿਹਾ ਹਾਂ ਅਤੇ ਮੈਂ ਦਿਨੋਂ-ਦਿਨ ਦੇਖ ਰਿਹਾ ਹਾਂ ਕਿ ਤੁਹਾਡਾ ਦਿਲ ਜਿੱਤਣ ਦੀ ਸਹੀ ਦਿਸ਼ਾ 'ਚ ਮੈਂ ਜਾ ਰਿਹਾ ਹਾਂ।" ਪੀ.ਐੱਮ. ਮੋਦੀ ਨੇ ਕਿਹਾ ਕਿ ਇੱਥੋਂ ਦੀਆਂ ਝੀਲਾਂ 'ਚ ਜਗ੍ਹਾ-ਜਗ੍ਹਾ ਕਮਲ ਦੇਖਣ ਨੂੰ ਮਿਲਦੇ ਹਨ। 50 ਸਾਲ ਪਹਿਲੇ ਬਣੇ ਜੰਮੂ ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਦੇ ਲੋਕਾਂ



'ਚ ਵੀ ਕਮਲ ਹੈ। ਇਹ ਸੁਖਦ ਇਤਫਾਕ ਹੈ ਜਾਂ ਕੁਦਰਤ ਦਾ ਕੋਈ ਇਸ਼ਾਰਾ ਹੈ ਕਿ ਭਾਜਪਾ ਦਾ ਚਿੰਨ੍ਹ ਵੀ ਕਮਲ ਹੈ ਅਤੇ ਕਮਲ ਨਾਲ ਜੰਮੂ ਕਸਮੀਰ ਦਾ ਡੂੰਘਾ ਰਿਸ਼ਤਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਜੰਮੂ ਕਸ਼ਮੀਰ 'ਚ ਸੈਰ-ਸਪਾਟੇ ਦੇ ਨਾਲ ਹੀ ਖੇਤੀਬਾੜੀ ਅਤੇ ਖੇਤੀ ਉਤਪਾਦਾਂ ਦੀ ਤਾਕਤ ਵੀ ਹੈ। ਜੰਮੂ ਕਸ਼ਮੀਰ ਦੀ ਕੇਸਰ, ਸੇਬ, ਇੱਥੋਂ ਦੇ ਮੇਵੇ, ਜੰਮੂ ਕਸ਼ਮੀਰ ਦੀ ਚੈਰੀ, ਜੰਮੂ ਕਸ਼ਮੀਰ ਆਪਣੇ ਆਪ 'ਚ ਹੀ ਇੰਨਾ ਵੱਡਾ ਬਰਾਂਡ ਹੈ। ਜਦੋਂ ਇਰਾਦੇ ਨੇਕ ਹੋਣ ਤਾਂ ਸੰਕਲਪ ਨੂੰ ਸਿੱਧ ਕਰਨ ਦਾ ਜਜਬਾ ਹੋਵੇ ਤਾਂ ਫਿਰ ਨਤੀਜੇ ਵੀ ਮਿਲਦੇ ਹਨ। ਪੂਰੀ ਦੁਨੀਆ ਨੇ ਦੇਖਿਆ ਕਿ ਕਿਵੇਂ ਇੱਥੇ ਜੰਮੂ ਕਸ਼ਮੀਰ 'ਚ ਜੀ-20 ਦਾ ਸ਼ਾਨਦਾਰ ਆਯੋਜਨ ਹੋਇਆ। ਅੱਜ ਇੱਥੇ ਜੰਮੂ ਕਸ਼ਮੀਰ 'ਚ ਸੈਰ-ਸਪਾਟੇ ਦੇ ਸਾਰੇ ਰਿਕਾਰਡ ਟੁੱਟ ਰਹੇ ਹਨ। ਇਕੱਲੇ 2023 'ਚ ਹੀ 2 ਕਰੋੜ ਤੋਂ ਜ਼ਿਆਦਾ ਸੈਲਾਨੀ ਇੱਥੇ ਆਏ ਹਨ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਨੇ ਜੰਮੂ ਕਸ਼ਮੀਰ ਦੇ ਨੌਜਵਾਨ ਉੱਦਮੀਆਂ ਨਾਲ ਵੀ ਗੱਲਬਾਤ ਕੀਤੀ। ਉਨ੍ਹਾਂ ਨੇ ਇਕ ਸ਼ਹਿਦ ਦਾ ਬਿਜਨੈੱਸ ਕਰਨ ਵਾਲੇ ਨੌਜਵਾਨ ਅਤੇ ਬੇਕਰੀ ਦਾ ਬਿਜਨੈੱਸ ਕਰਨ ਵਾਲੀ ਇਕ ਕੁੜੀ ਨਾਲ ਗੱਲ ਕੀਤੀ। ਬਖਸ਼ੀ ਸਟੇਡੀਅਮ 'ਚ ਜਨ ਸਭਾ ਨੂੰ ਸੰਬੋਧਨ ਕਰਨ ਤੋਂ ਪਹਿਲਾਂ ਪ੍ਰਧਾਨ ਮੰਤਰੀ ਮੋਦੀ ਨੇ 6400 ਕਰੋੜ ਰੁਪਏ ਦੇ ਕਈ ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ। ਪੀ.ਐੱਮ. ਦੇ ਦੌਰੇ ਤੋਂ ਪਹਿਲਾਂ ਸਕਿਓਰਿਟੀ ਨੂੰ ਧਿਆਨ 'ਚ ਰੱਖਦੇ ਹੋਏ ਸ਼੍ਰੀਨਗਰ 'ਚ ਛੋਟੀਆਂ ਸੜਕਾਂ ਨੂੰ ਵੀ ਸੀਲ ਕਰ ਦਿੱਤਾ ਗਿਆ। 24 ਘੰਟੇ ਪਹਿਲਾਂ ਹੀ ਸਟੇਡੀਅਮ ਦੇ ਬਾਹਰ ਬੈਰੀਕੇਡਿੰਗ ਕਰ ਦਿੱਤੀ ਗਈ। ਕਸ਼ਮੀਰ 'ਚ ਇੰਨੀ ਵੱਡੀ ਜਨਸਭਾ ਹਾਲ-ਫਿਲਹਾਲ 'ਚ ਨਹੀਂ ਦੇਖੀ ਗਈ।

## ਦਿੱਲੀ ਯੂਨੀਵਰਸਿਟੀ ਦੇ ਕਾਲਜ ਨੂੰ ਮਿਲੀ ਬੰਬ ਨਾਲ ਉਡਾਉਣ ਦੀ ਧਮਕੀ

ਨਵੀਂ ਦਿੱਲੀ 7 ਮਾਰਚ। ਦਿੱਲੀ ਯੂਨੀਵਰਸਿਟੀ ਦੇ ਰਾਮ ਲਾਲ ਆਨੰਦ ਕਾਲਜ ਨੂੰ ਵੀਰਵਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲਣ ਮਗਰੋਂ ਹਫੜਾ-ਦਫੜੀ ਮਚ ਗਈ। ਸੂਚਨਾ ਮਿਲਣ ਦੇ ਤੁਰੰਤ ਬਾਅਦ ਪੁਲਸ ਟੀਮ ਮੌਕੇ 'ਤੇ ਪਹੁੰਚ ਗਈ। ਵਿਦਿਆਰਥੀਆਂ ਨੂੰ ਕਾਲਜ ਤੋਂ ਬਾਹਰ ਕੱਢਣ ਮਗਰੋਂ ਪੁਲਸ ਅਤੇ ਸੁਰੱਖਿਆ ਅਧਿਕਾਰੀਆਂ ਨੇ ਕੈਂਪਸ ਵਿਚ ਸਰਚ ਮੁਹਿੰਮ ਚਲਾਈ। ਪੁਲਸ ਨੂੰ ਤਲਾਸ਼ੀ ਦੌਰਾਨ ਕਾਲਜ ਵਿਚ ਕੁਝ ਨਹੀਂ ਮਿਲਿਆ। ਦਿੱਲੀ ਪੁਲਸ ਅਤੇ ਖੋਜੀ ਦਸਤਿਆਂ ਵਲੋਂ ਤਲਾਸ਼ੀ ਮੁਹਿੰਮ ਮਗਰੋਂ ਰਾਮ ਲਾਲ ਆਨੰਦ ਕਾਲਜ ਵਿਚ ਸਥਿਤੀ ਆਮ ਹੋ ਗਈ ਹੈ ਪਰ ਪੁਲਸ ਇਸ ਮਾਮਲੇ ਦੀ ਜਾਂਚ ਵਿਚ ਜੁੱਟੀ ਹੈ ਕਿ ਕਿਸ ਨੇ ਕਾਲਜ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦਿੱਤੀ? ਵਿਦਿਆਰਥੀਆਂ ਵਿਚ ਡਰ ਦਾ ਮਾਹੌਲ ਹੈ ਅਤੇ ਉਹ ਇੱਧਰ-ਉੱਧਰ ਦੌੜਨ ਲੱਗੇ। ਦੱਖਣੀ-ਪੱਛਮੀ ਦਿੱਲੀ ਦੇ ਪੁਲਸ ਡਿਪਟੀ ਕਮਿਸਨਰ ਰੋਹਿਤ ਮੀਨਾ ਨੇ ਕਿਹਾ ਕਿ ਕਾਲਜ ਦੇ ਇਕ ਕਰਮਚਾਰੀ ਨੂੰ ਸਵੇਰੇ 9:34 ਵਜੇ ਵਟਸਐਪ 'ਤੇ ਬੰਬ ਦੀ ਧਮਕੀ ਦਾ ਸੁਨੇਹਾ ਮਿਲਿਆ ਸੀ। ਉਨ੍ਹਾਂ ਦੱਸਿਆ ਕਿ ਸੂਚਨਾ ਮਿਲਣ ਦੇ ਤੁਰੰਤ ਬਾਅਦ ਪੁਲਸ ਦੀ ਇਕ ਟੀਮ ਐਂਬੂਲੈਂਸ, ਬੰਬ ਨਿਰੋਧਕ ਦਸਤੇ ਸਮੇਤ ਕਾਲਜ ਪਹੁੰਚੀ ਅਤੇ ਫਿਰ ਵਿਦਿਆਰਥੀਆਂ ਅਤੇ ਸਟਾਫ ਨੂੰ ਉਥੋਂ ਬਾਹਰ ਕੱਢਿਆ ਗਿਆ। ਬੰਬ ਨਾਲ ਉਡਾਉਣ ਨੂੰ ਲੈ ਕੇ ਧਮਕੀ ਦੀ ਸੂਚਨਾ ਮਿਲਣ ਮਗਰੋਂ ਕਾਲਜ ਵਿਚ ਹੜਕੰਪ ਮਚ ਗਿਆ।

## ਕੇਰਲ ਦੇ ਸਾਬਕਾ ਸੀ. ਐੱਮ. ਕਰੁਣਾਕਰਨ ਦੀ ਧੀ ਭਾਜਪਾ 'ਚ ਸ਼ਾਮਲ

ਨਵੀਂ ਦਿੱਲੀ 7 ਮਾਰਚ। ਕਾਂਗਰਸ ਦੇ ਮਰਹੂਮ ਸੀਨੀਅਰ ਆਗੂ ਅਤੇ ਕੇਰਲ ਦੇ ਸਾਬਕਾ ਮੁੱਖ ਮੰਤਰੀ ਕੇ. ਕਰੁਣਾਕਰਨ ਦੀ ਧੀ ਪਦਮਜਾ ਵੇਣੂਗੋਪਾਲ ਵੀਰਵਾਰ ਨੂੰ ਇੱਥੇ ਭਾਰਤੀ ਜਨਤਾ ਪਾਰਟੀ (ਭਾਜਪਾ) 'ਚ ਸ਼ਾਮਲ ਹੋ ਗਈ। ਪਦਮਜਾ ਦੇ ਭਰਾ ਕੇ. ਮੁਰਲੀਧਰਨ ਵਡਕਰਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਹਨ। ਇਸ ਤੋਂ ਪਹਿਲਾਂ, ਕੇਰਲ



ਦੇ ਸਾਬਕਾ ਮੁੱਖ ਮੰਤਰੀ ਏ. ਕੇ. ਐਂਟਨੀ ਦੇ ਬੇਟੇ ਅਨਿਲ ਐਂਟਨੀ ਭਾਜਪਾ 'ਚ ਸ਼ਾਮਲ ਹੋ ਗਏ ਸਨ। ਅਨਿਲ ਨੂੰ ਆਉਣ ਵਾਲੀਆਂ ਲੋਕ ਸਭਾ ਚੋਣਾਂ ਲਈ ਕੇਰਲ ਦੀ ਪੱਤਨਮਤਿੱਟਾ ਸੀਟ ਤੋਂ ਉਮੀਦਵਾਰ ਬਣਾਇਆ ਹੈ।

## ਬਿਹਾਰ ਪੁਲਸ ਨੇ ਲਾਰੈਂਸ ਬਿਸ਼ਨੋਈ ਗੈਂਗ ਦੇ 2 ਸ਼ੂਟਰ ਕੀਤੇ ਗ੍ਰਿਫਤਾਰ

ਪਟਨਾ 7 ਮਾਰਚ। ਬਿਹਾਰ ਪੁਲਸ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਲਾਰੈਂਸ ਬਿਸ਼ਨੋਈ ਗਿਰੋਹ ਦੇ 2 ਸ਼ੂਟਰਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਦੱਸਿਆ ਕਿ ਇਹ ਆਪਰੇਸ਼ਨ ਬੁੱਧਵਾਰ ਦੇਰ ਰਾਤ ਮੁਜੱਫਰਪੁਰ ਅਤੇ ਸੀਤਾਮੜ੍ਹੀ ਪੁਲਸ ਨੇ ਸੰਯੁਕਤ ਰੂਪ ਨਾਲ ਚਲਾਇਆ। ਪੁਲਸ ਨੇ ਸ਼ੂਟਰਾਂ ਦੀ ਪਛਾਣ ਜੈਪੁਰ ਦੇ ਮੂਲ ਵਾਸੀ ਸੁਨੀਲ ਕਰੋਲੀਆ ਅਤੇ ਬਿਹਾਰ ਦੇ ਸੀਤਾਮੜ੍ਹੀ ਜ਼ਿਲ੍ਹੇ ਦੇ ਮੇਹਸੌਲ ਬਲਾਕ ਵਾਸੀ ਸ਼ਾਹਨਵਾਜ ਸਾਹਿਲ ਵਜੋਂ ਕੀਤੀ ਹੈ। ਪੁਲਸ ਨੇ ਦੱਸਿਆ ਕਿ ਮੁਜੱਫਰਪੁਰ-ਸੀਤਾਮੜ੍ਹੀ ਸਰਹੱਦ ਖੇਤਰ ਦੇ ਰੂਨੀ ਸੈਦਪੁਰ ਟੋਲ ਪਲਾਜਾ 'ਤੇ ਜਾਲ ਵਿਛਾਇਆ ਸੀ। ਪੁਲਸ ਨੂੰ ਪਤਾ ਲੱਗਾ ਸੀ ਕਿ 2 ਸ਼ੂਟਰ ਨੇਪਾਲ ਤੋਂ ਆ ਰਹੇ ਸਨ ਅਤੇ ਇਸ ਤੋਂ ਬਾਅਦ ਜਾਲ ਵਿਛਾਇਆ ਗਿਆ ਅਤੇ ਦੋਸ਼ੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਦੋਸ਼ੀਆਂ ਦੇ ਕਬਜੇ 'ਚੋਂ ਪਾਬੰਦੀਸ਼ੁਦਾ ਸਮੱਗਰੀ ਵੀ ਬਰਾਮਦ ਕੀਤੀ ਗਈ। ਪੁਲਸ ਨੇ ਦੱਸਿਆ ਕਿ ਸ਼ੁਰੂਆਤੀ ਜਾਂਚ 'ਚ ਪਤਾ ਲੱਗਾ ਹੈ ਕਿ ਦੋਵੇਂ ਸ਼ੂਟਰ ਰਾਜਸਥਾਨ, ਪੰਜਾਬ ਅਤੇ ਮੱਧ ਪ੍ਰਦੇਸ਼ 'ਚ ਕਈ ਕਤਲਾਂ 'ਚ ਸ਼ਾਮਲ ਸਨ।

## ਕਲਕੱਤਾ ਹਾਈ ਕੋਰਟ ਦੇ ਸਾਬਕਾ ਜੱਜ ਅਭਿਜੀਤ ਭਾਜਪਾ 'ਚ ਸ਼ਾਮਲ



ਕੋਲਕਾਤਾ, 7 ਮਾਰਚ। ਕਲਕੱਤਾ ਹਾਈ ਕੋਰਟ ਦੇ ਜੱਜ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ 2 ਦਿਨ ਬਾਅਦ ਵੀਰਵਾਰ ਨੂੰ ਅਭਿਜੀਤ ਗੰਗੋਪਾਧਿਆਏ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸਾਮਲ ਹੋ ਗਏ। ਹਾਈ ਕੋਰਟ ਦੇ ਜੱਜ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਕੁਝ ਘੰਟਿਆਂ ਬਾਅਦ ਉਨ੍ਹਾਂ ਨੇ ਮੰਗਲਵਾਰ ਨੂੰ ਐਲਾਨ ਕੀਤਾ ਸੀ ਕਿ ਉਹ ਭਾਜਪਾ ਵਿਚ ਸਾਮਲ ਹੋਣਗੇ। ਅਭਿਜੀਤ ਗੰਗੋਪਾਧਿਆਏ ਨੇ ਭਾਜਪਾ 'ਚ ਸਾਮਲ ਹੋਣ ਤੋਂ ਬਾਅਦ ਕਿਹਾ ਕਿ ਅੱਜ ਮੈਂ ਇਕ ਨਵੇਂ ਖੇਤਰ 'ਚ ਕਦਮ ਰੱਖਿਆ ਹੈ। ਮੈਂ ਭਾਜਪਾ ਵਿਚ ਸਾਮਲ ਹੋ ਕੇ ਖੁਸ ਹਾਂ ਅਤੇ ਪਾਰਟੀ ਦੇ ਸਿਪਾਹੀ ਵਜੋਂ ਕੰਮ ਕਰਾਂਗਾ। ਸਾਡਾ ਉਦੇਸ ਰਾਜ ਵਿਚੋਂ ਭ੍ਰਿਸਟ ਟੀ. ਐੱਮ. ਸੀ. (ਤ੍ਰਿਣਮੂਲ ਕਾਂਗਰਸ) ਸਾਸਨ ਨੂੰ ਬਾਹਰ ਕਰਨਾ ਹੈ। ਉਨ੍ਹਾਂ ਦਾ ਸਾਲਟ ਲੇਕ ਸਥਿਤ ਭਾਜਪਾ ਦਫਤਰ ਵਿਚ ਸਾਨਦਾਰ ਸਵਾਗਤ ਕੀਤਾ ਗਿਆ ਅਤੇ ਪਾਰਟੀ ਦੀ ਪੱਛਮੀ ਬੰਗਾਲ ਇਕਾਈ ਦੇ ਪ੍ਰਧਾਨ ਸੁਕਾਂਤ ਮਜੂਮਦਾਰ ਨੇ ਉਨ੍ਹਾਂ ਨੂੰ ਪਾਰਟੀ ਦਾ ਝੰਡਾ ਸੌਂਪਿਆ।

## ਵਿਧਾਨ ਸਭਾ ਲਈ ਗਲਬਾ ਭਾਜਪਾ ਤੇ ਬੀਜਦ ਗਠਜੋੜ ਦੇ ਰਾਹ 'ਚ ਰੁਕਾਵਟ

ਨਵੀਂ ਦਿੱਲੀ 7 ਮਾਰਚ। ਇਸ ਸਾਲ ਮਈ 'ਚ ਓਡੀਸ਼ਾ 'ਚ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਇੱਕੋ ਸਮੇਂ ਹੋਣ ਵਾਲੀਆਂ ਚੋਣਾਂ ਦੌਰਾਨ ਗੱਠਜੋੜ ਲਈ ਭਾਜਪਾ ਤੇ ਬੀਜੂ ਜਨਤਾ ਦਲ ਦੀ ਸਿਖਰਲੀ ਲੀਡਰਸ਼ਿਪ ਵੱਲੋਂ ਅੰਤਿਮ ਕੋਸ਼ਿਸਾਂ ਕੀਤੀਆਂ ਜਾ ਰਹੀਆਂ ਹਨ। ਦੋਵੇਂ ਪਾਰਟੀਆਂ ਸੂਬੇ 'ਚ ਦਹਾਕਿਆਂ ਤੋਂ ਇੱਕ-ਦੂਜੇ ਵਿਰੁੱਧ ਲੜ ਰਹੀਆਂ ਹਨ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਓਡੀਸ਼ਾ ਦੇ ਮੁੱਖ ਮੰਤਰੀ ਨਵੀਨ ਪਟਨਾਇਕ ਦੇ ਆਪਸੀ ਸਬੰਧ ਬਹੁਤ ਗੂੜ੍ਹੇ ਹਨ। ਇੰਨਾ ਹੀ ਨਹੀਂ, ਜਦੋਂ ਪ੍ਰਧਾਨ ਮੰਤਰੀ ਨੇ ਪਟਨਾਇਕ ਨੂੰ ਓਡੀਸ਼ਾ ਤੋਂ ਅਸਵਨੀ ਵੈਸਨਵ ਲਈ ਰਾਜ ਸਭਾ ਦੀ ਸੀਟ ਮੰਗੀ ਤਾਂ ਉਨ੍ਹਾਂ ਸਾਥ ਦਿੱਤਾ। ਹੁਣੇ ਜਿਹੇ ਜਦੋਂ ਦੋਵੇਂ ਨੇਤਾ ਓਡੀਸ਼ਾ 'ਚ ਮਿਲੇ ਸਨ ਤਾਂ ਰਸਮੀ ਗਠਜੋੜ ਜਾਂ ਸੀਟ ਐਡਜਸਟਮੈਂਟ ਦਾ ਮੁੱਦਾ ਉਠਾਇਆ ਗਿਆ ਸੀ। ਦੋਵੇਂ ਆਗੂ ਸੰਭਾਵਨਾਵਾਂ ਦੀ ਪੜਚੋਲ ਕਰਨ ਲਈ ਸਹਿਮਤ ਹੋਏ ਕਿਉਂਕਿ ਬੀਜਦ ਨੇ 42.8 ਫੀਸਦੀ ਵੋਟਾਂ ਨਾਲ ਲੋਕ ਸਭਾ ਦੀਆਂ 12 ਸੀਟਾਂ ਜਿੱਤੀਆਂ ਸਨ ਜਦੋਂ ਕਿ ਭਾਜਪਾ ਨੇ 38.4 ਫੀਸਦੀ ਵੋਟਾਂ ਨਾਲ 8 ਸੀਟਾਂ ਜਿੱਤੀਆਂ ਸਨ। ਕਾਂਗਰਸ 13.4 ਫੀਸਦੀ ਵੋਟਾਂ ਨਾਲ ਇੱਕ ਸੀਟ ਹਾਸਲ ਕਰਨ 'ਚ ਕਾਮਯਾਬ ਰਹੀ। ਪੀ. ਐੱਮ. ਮੰਗਲਵਾਰ ਵੀ ਓਡੀਸ਼ਾ 'ਚ ਸਨ ਪਰ ਉਨ੍ਹਾਂ ਕੁਝ ਵੀ ਕਹਿਣ ਤੋਂ ਗੁਰੇਜ ਕੀਤਾ। ਮੋਦੀ ਚਾਹੁੰਦੇ ਹਨ ਕਿ ਬੀਜਦ ਰਸਮੀ ਤੌਰ 'ਤੇ ਐੱਨ. ਡੀ. ਏ. 'ਚ ਸਾਮਲ ਹੋ ਜਾਵੇ । ਦੋਵੇਂ ਪਾਰਟੀਆਂ ਆਪੋ-ਆਪਣੀ ਤਾਕਤ ਦੇ ਆਧਾਰ 'ਤੇ ਇਕੱਠਿਆਂ ਚੋਣ ਲੜਨ ਦੀ ਸੰਭਾਵਨਾ ਦਾ ਪਤਾ ਲਾਉਣ। ਦੋਹਾਂ ਪਾਰਟੀਆਂ ਨੇ ਲੋਕ ਸਭਾ ਦੀਆਂ ਸੀਟਾਂ ਲਈ ਵੰਡ ਦਾ ਫਾਰਮੂਲਾ ਤਿਆਰ ਕੀਤਾ ਪਰ ਜਦੋਂ ਵਿਧਾਨ ਸਭਾ ਸੀਟਾਂ ਦੀ ਵੰਡ ਦੀ ਗੱਲ ਆਈ ਤਾਂ ਗੱਲਾਂ ਵੱਖ ਹੋ ਗਈਆਂ। 2019 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਭਾਵੇਂ ਬੇਹਤਰ ਪ੍ਰਦਰਸਨ ਕੀਤਾ ਪਰ ਵਿਧਾਨ ਸਭਾ ਦੀਆਂ ਚੋਣਾਂ 'ਚ ਬੀਜਦ ਨੇ 147 'ਚੋਂ 112 ਸੀਟਾਂ ਜਿੱਤੀਆਂ । ਉਸ ਨੇ 44.7 ਫੀਸਦੀ ਵੋਟਾਂ ਹਾਸਲ ਕੀਤੀਆਂ, ਜੋ ਲੋਕ ਸਭਾ ਚੋਣਾਂ ਦੇ ਮੁਕਾਬਲੇ 2 ਫੀਸਦੀ ਵਾਧੂ ਸਨ। ਭਾਜਪਾ ਸਿਰਫ 23 ਸੀਟਾਂ ਹੀ ਜਿੱਤ ਸਕੀ । ਉਸ ਦਾ ਵੋਟ ਸੇਅਰ 6 ਫੀਸਦੀ ਡਿੱਗ ਕੇ 32.49 ਫੀਸਦੀ ਰਹਿ ਗਿਆ। ਵਿਧਾਨ ਸਭਾ ਸੀਟਾਂ ਦੀ ਵੰਡ ਕਿਸ ਤਰ੍ਹਾਂ ਕੀਤੀ ਜਾਵੇ, ਇਸ ਦਾ ਹੱਲ ਲੱਭਣ ਲਈ ਅੰਤਮ ਯਤਨ ਕੀਤੇ ਜਾ ਰਹੇ ਹਨ।

## ਬਦਰੀਨਾਥ-ਕੇਦਾਰਨਾਥ ਦਾ 'ਹਿਮ ਅਵਤਾਰ', 6 ਫੁੱਟ ਤੱਕ ਜੰਮੀ ਬਰਫ

ਚਮੋਲੀ 7 ਮਾਰਚ। ਉੱਤਰਾਖੰਡ 'ਚ ਇਸ ਸਮੇਂ ਉੱਚਾਈ ਵਾਲੇ ਇਲਾਕਿਆਂ 'ਚ ਬਰਫਬਾਰੀ ਦਾ ਦੌਰ ਜਾਰੀ ਹੈ। ਦੋਹਾਂ ਤੀਰਥ ਸਥਾਨਾਂ 'ਤੇ ਇਸ ਸਮੇਂ ਚਾਰੋ ਪਾਸੇ ਬਰਫ ਦੀ 6 ਫੁੱਟ ਤੱਕ ਬਰਫ ਜੰਮੀ ਹੋਈ ਹੈ। ਇਸ ਸਮੇਂ ਬਦਰੀਨਾਥ ਸਮੇਤ ਚਾਰੋਂ ਧਾਮ ਦੇ ਕਿਵਾੜ ਬੰਦ ਹਨ। ਸੂਬੇ ਦੇ ਪਹਾੜੀ ਇਲਾਕਿਆਂ 'ਚ ਤਿੰਨ ਦਿਨ ਤੋਂ ਬਰਫਬਾਰੀ ਹੋ ਰਹੀ ਹੈ। ਇਸ ਕਾਰਨ ਬਦਰੀਨਾਥ ਧਾਮ ਦੇ ਆਲੇ-ਦੁਆਲੇ ਦੀਆਂ ਪਹਾੜੀਆਂ ਬਰਫ ਦੀ ਸਫੈਦ ਚਾਦਰ ਨਾਲ ਢਕੀਆਂ ਹੋਈਆਂ ਹਨ। ਬਰਫ ਪੈਣ ਕਾਰਨ ਠੰਡ ਵਧ ਗਈ ਹੈ। ਹਾਲਾਂਕਿ ਮੰਗਲਵਾਰ ਨੂੰ ਮੌਸਮ ਸਾਫ ਰਿਹਾ ਪਰ ਮੰਦਰ ਕੰਪਲੈਕਸ ਵਿਚ ਕਈ ਫੁੱਟ ਬਰਫ ਜੰਮੀ ਹੋਈ ਹੈ। ਔਲੀ ਤੋਂ ਇਲਾਵਾ ਕਈ ਹੇਠਲੇ ਇਲਾਕਿਆਂ ਵਿਚ ਬਰਫਬਾਰੀ ਹੋਈ। ਮਾਰਚ ਮਹੀਨੇ ਵਿਚ ਅਜਿਹਾ ਹੀ ਵੇਖਣ ਨੂੰ ਮਿਲਦਾ ਹੈ, ਜਦੋਂ ਇੰਨੇ ਹੇਠਲੇ ਇਲਾਕਿਆਂ ਵਿਚ ਵੀ ਬਰਫਬਾਰੀ ਜਾਰੀ ਰਹੀ। ਦੱਸ ਦੇਈਏ ਕਿ ਅਜੇ ਕੇਦਾਰਨਾਥ ਵਿਚ -25 ਡਿਗਰੀ ਸੈਲਸੀਅਸ ਤਾਪਮਾਨ ਚੱਲ ਰਿਹਾ ਹੈ। ਇੱਥੇ ਦਸੰਬਰ-ਜਨਵਰੀ ਵਿਚ ਘੱਟ ਬਰਫਬਾਰੀ ਹੋਈ ਹੈ। 50 ਮਜਦੂਰ ਇਨ੍ਹਾਂ ਥਾਵਾਂ 'ਤੇ ਬਰਫ ਕੱਟ ਕੇ ਪੈਦਲ ਮਾਰਗ ਬਣਾਉਣ ਵਿਚ ਲਾਏ ਜਾਣਗੇ। ਇਹ ਕੰਮ 10 ਮਾਰਚ ਤੋਂ ਸ਼ੁਰੂ ਹੋਵੇਗਾ।

# ਅਕਾਲੀ-ਭਾਜਪਾ ਗਠਜੋੜ ਨੂੰ ਲੈ ਕੇ ਪਰਨੀਤ ਕੌਰ ਦਾ ਵੱਡਾ ਬਿਆਨ

**ਤੇਜਿੰਦਰ ਕੌਰ ਬੱਬਰ**

ਪਟਿਆਲਾ 7 ਮਾਰਚ। ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀਆਂ ਕਿਆਸਅਰਾਈਆਂ ਲਗਾਤਾਰ ਜਾਰੀ ਹਨ ਤੇ ਜਿਉਂ-ਜਿਉਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਨੇ, ਇਸ ਨੂੰ ਲੈ ਕੇ ਚਰਚਾ ਹੋਰ ਵੀ ਵੱਧਦੀ ਜਾ ਰਹੀ ਹੈ। ਬੀਤੇ ਦਿਨੀਂ ਢੀਂਡਸਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦਾ ਸ਼੍ਰੋਮਣੀ ਅਕਾਲੀ ਦਲ ਵਿਚ ਰਲੇਵਾਂ ਕਰ ਦਿੱਤਾ ਗਿਆ, ਜਿਸ ਨਾਲ ਅਕਾਲੀ ਦਲ ਨੂੰ ਮਜਬੂਤੀ ਮਿਲੀ ਹੈ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀਆਂ ਚਰਚਾਵਾਂ ਵੀ ਲਗਾਤਾਰ ਜਾਰੀ ਹੈ। ਭਾਰਤੀ ਜਨਤਾ ਪਾਰਟੀ ਦੇ ਸੁਨੀਲ ਜਾਖੜ-ਕੈਪਟਨ ਅਮਰਿੰਦਰ ਸਿੰਘ ਜਿਹੇ ਕਈ ਵੱਡੇ ਆਗੂ ਖੁੱਲ੍ਹ ਕੇ ਗਠਜੋੜ ਦੇ ਹੱਕ ਵਿਚ ਬਿਆਨ ਦੇ ਚੁੱਕੇ ਹਨ। ਹੁਣ ਇਸ ਨੂੰ ਲੈ ਕੇ ਪਰਨੀਤ ਕੌਰ ਦਾ ਵੱਡਾ ਬਿਆਨ ਸਾਹਮਣੇ ਆਈ ਹੈ। ਦੋਹਾਂ ਪਾਰਟੀਆਂ ਦੇ ਗਠਜੋੜ ਨੂੰ ਲੈ ਕੇ ਪਰਨੀਤ ਕੌਰ ਨੇ ਕਿਹਾ ਹੈ ਕਿ 1 ਨਾਲ 1



ਜੁੜਕੇ 2 ਬਣਦੇ ਹਨ ਤੇ ਮਜਬੂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਦੇ ਉੱਚ ਆਗੂਆਂ ਵਿਚਾਲੇ ਗੱਲਬਾਤ ਲਗਾਤਾਰ ਚੱਲ ਰਹੀ ਹੈ। ਉਨ੍ਹਾਂ ਵੱਲੋਂ ਜੋ ਵੀ ਫੈਸਲਾ ਲਿਆ ਜਾਵੇਗਾ, ਉਹ ਸਭ ਨੂੰ ਮਨਜੂਰ ਹੋਵੇਗਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਕੈਪਟਨ ਅਮਰਿੰਦਰ ਸਿੰਘ ਦੇ ਵੱਲੋਂ ਵੀ ਸਿਫਾਰਿਸ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ ਦੇ ਵੱਲੋਂ ਕਈ ਮੁੱਦਿਆਂ ਦੇ ਉੱਪਰ ਕੇਂਦਰੀ ਮੰਤਰੀਆਂ ਨੂੰ ਸਿਫਾਰਿਸ ਕੀਤੀ ਗਈ ਹੈ, ਚਾਹੇ ਉਹ ਗਠਜੋੜ ਹੋਵੇ, ਚਾਹੇ ਕਿਸਾਨਾਂ ਦਾ ਮੁੱਦਾ ਹੋਵੇ। ਉਨ੍ਹਾਂ ਕਿਹਾ ਕਿ ਜੋ ਕੁਝ ਵੀ ਪੰਜਾਬ ਦੇ ਭਲੇ ਦੇ ਲਈ ਹੋਵੇਗਾ, ਉਸ ਦੀ ਜਰੂਰ ਸਿਫਾਰਿਸ ਕਰਦੇ ਰਹਾਂਗੇ। ਇੱਥੇ ਜ਼ਿਕਰਯੋਗ ਹੈ ਕਿ ਅਕਾਲੀ ਦਲ 1996 ਤੋਂ ਭਾਜਪਾ ਦੀ ਅਗਵਾਈ ਵਾਲੇ ਰਾਸਟਰੀ ਜਮਹੂਰੀ ਗਠਜੋੜ (ਐੱਨ.ਡੀ.ਏ.) ਦਾ ਹਿੱਸਾ ਰਿਹਾ ਸੀ, ਪਰ ਕੇਂਦਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੇ ਮੱਦੇਨਜਰ 2020 ਵਿਚ ਗਠਜੋੜ ਤੋੜ ਗਿਆ ਸੀ। ਭਾਜਪਾ ਨੇ ਉਸ ਸਮੇਂ ਇਸ ਨੂੰ ਜਲਦਬਾਜੀ 'ਚ ਚੁੱਕਿਆ ਗਿਆ ਕਦਮ ਕਰਾਰ ਦਿੱਤਾ ਸੀ। ਹੁਣ ਇਕ ਵਾਰ ਫ਼ਿਰ ਦੋਹਾਂ ਪਾਰਟੀਆਂ ਦੇ ਗਠਜੋੜ ਲਈ ਮੀਟਿੰਗਾਂ ਦੀਆਂ ਖਬਰਾਂ ਆ ਰਹੀਆਂ ਸਨ



# ਰਜਿਸਟਰੀ ਦਫਤਰ ਤੇ ਤਹਿਸੀਲਾਂ ’ਚ ਜਾਅਲੀ ਦਸਤਾਵੇਜ ਬਣਾਉਣ ਵਾਲਾ ਗੈਂਗ ਸਰਗਰਮ

ਅੰਮ੍ਰਿਤਸਰ 7 ਮਾਰਚ। ਜ਼ਿਲ੍ਹਾ ਅੰਮ੍ਰਿਤਸਰ ਦੇ ਰਜਿਸਟਰੀ ਦਫਤਰ-1, ਰਜਿਸਟਰੀ ਦਫਤਰ-2, ਰਜਿਸਟਰੀ ਦਫਤਰ-3 ਤੇ ਸਬ ਤਹਿਸੀਲਾਂ ’ਚ ਦਰਜਨਾਂ ਦੀ ਗਿਣਤੀ ’ਚ ਜਾਅਲੀ ਐੱਨ. ਓ. ਸੀਜ, ਜਾਅਲੀ ਪਾਵਰ ਆਫ ਅਟਾਰਨੀ ਅਤੇ ਜਾਅਲੀ ਰਜਿਸਟਰੀਆਂ, ਜਿਸ ’ਚ ਮੁੱਖ ਰੂਪ ਤੌਰ ’ਤੇ ਚਰਚਾ ਦਾ ਵਿਸ਼ਾ ਬਣੀ ਹੋਈ ਅੰਬੈਸਡਰ ਰਚਿਤਾ ਭੰਡਾਰੀ ਦੀ 588 ਗਜ ਜਮੀਨ ਦੀ ਰਜਿਸਟਰੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇਹ ਸਾਬਤ ਹੋ ਚੁੱਕਾ ਹੈ ਕਿ ਰਜਿਸਟਰੀ ਦਫਤਰ ਤੇ ਤਹਿਸੀਲਾਂ ’ਚ ਜਾਅਲੀ ਦਸਤਾਵੇਜ ਤਿਆਰ ਕਰਨ ਵਾਲਾ ਗੈਂਗ ਸਰਗਰਮ ਹੈ। ਇਹ ਗੈਂਗ ਲੈਂਡ ਮਾਫੀਆ ਦੀ ਮਦਦ ਕਰਦਾ ਹੈ ਅਤੇ ਆਮ ਲੋਕਾਂ ਨੂੰ ਵੀ ਐੱਨ. ਓ. ਸੀ. ਅਤੇ ਹੋਰ ਦਸਤਾਵੇਜ ਬਣਾਉਣ ਦਾ ਲਾਲਚ ਦੇ ਕੇ ਆਪਣੇ ਝਾਂਸੇ ’ਚ ਫਸਾਉਂਦਾ ਹੈ। ਨਕਲੀ ਦਸਤਾਵੇਜ ਬਣਾਉਣ ਵਾਲੇ ਗੈਂਗ ਦੀ ਪਕੜ ਸਰਕਾਰੀ ਵਿਭਾਗਾਂ ’ਚ ਕਾਫੀ ਅੰਦਰ ਤਕ ਹੈ। ਇਸ ਦਾ ਵੱਡਾ ਸਬੂਤ ਹੋਰ ਕੀ ਹੋ ਸਕਦਾ ਹੈ ਕਿ ਹੁਣ ਦੋ ਦਿਨ ਪਹਿਲਾਂ ਹੀ ਡੀ. ਸੀ. ਘਣਸ਼ਾਮ ਥੋਰੀ ਦੇ ਹੁਕਮ ਅਨੁਸਾਰ ਰਜਿਸਟਰੀ ਦਫਤਰ, ਤਹਿਸੀਲ ਤੇ ਐੱਸ. ਡੀ. ਐੱਮ. ਦਫਤਰ ਦੇ ਬਾਹਰ ਲਾਏ ਗਏ ਇਕ ਲੋੜੀਂਦੇ ਪਰਿਵਾਰ ਦੇ ਪੋਸਟਰ ਪਾੜ ਦਿੱਤੇ ਗਏ। ਜਾਣਕਾਰੀ ਅਨੁਸਾਰ ਰਜਿਸਟਰੀ ਦਫਤਰ-1 ਤੋਂ ਜ਼ਿਲ੍ਹਾ ਖਜਾਨਾ ਦਫਤਰ ਨੂੰ ਜਾਣ ਵਾਲੇ ਰਸਤੇ ਵਿਚ ਲਾਏ ਪੋਸਟਰ ਅਤੇ ਐੱਸ. ਡੀ. ਐੱਮ. -2 ਦੇ ਪੁਰਾਣੇ ਦਫਤਰ ’ਚ ਲਾਏ ਗਏ ਪੋਸਟਰ ਪਾੜੇ ਗਏ ਹਨ। ਜਦੋਂਕਿ ਇਨ੍ਹਾਂ ਦਫਤਰਾਂ ’ਚ ਸੀ. ਸੀ. ਟੀ. ਵੀ. ਕੈਮਰੇ ਵੀ ਲੱਗੇ ਹੋਏ ਹਨ ਪਰ ਪੋਸਟਰ ਪਾੜਣ ਵਾਲਿਆਂ ਨੂੰ ਵੀ ਇਹ ਵੀ ਪਤਾ ਹੈ ਕਿ ਉਪਰ ਨਜਰ ਆ ਰਹੇ ਸੀ. ਸੀ. ਟੀ. ਵੀ. ਕੈਮਰੇ ਕੰਮ ਨਹੀਂ ਕਰਦੇ ਹਨ ਅਤੇ ਸਿਰਫ ਦਿਖਾਵਾ ਮਾਤਰ ਹੀ ਹਨ, ਹਾਲਾਂਕਿ ਪੋਸਟਰ ਪਾੜੇ ਜਾਣ ਵਾਲੇ ਏਰੀਆ ’ਚ ਵੀ ਲੋਕਾਂ ਦਾ ਆਉਣਾ ਜਾਣਾ ਕਾਫੀ ਰਹਿੰਦਾ ਹੈ। ਜਦੋਂ ਵੀ ਕੋਈ ਜਾਅਲੀ ਰਜਿਸਟਰੀ, ਜਾਅਲੀ ਪਾਵਰ ਆਫ ਅਟਾਰਨੀ ਜਾਂ ਫਿਰ ਜਾਅਲੀ ਐੱਨ. ਓ. ਸੀਜ ਦਾ ਮਾਮਲਾ ਕਿਸੇ ਸਬ-ਰਜਿਟਰਾਰ ਜਾਂ ਤਹਿਸੀਲਦਾਰ-ਨਾਇਬ ਤਹਿਸੀਲਦਾਰ ਵਲੋਂ ਫੜਿਆ ਜਾਂਦਾ ਹੈ ਤਾਂ ਆਮ ਤੌਰ ’ਤੇ ਦੇਖਣ ’ਚ ਆਇਆ ਹੈ ਕਿ ਸਬ-ਰਜਿਸਟਰਾਰ ਵਲੋਂ ਅਜਿਹੇ ਮਾਮਲਿਆਂ ’ਚ ਦੋਸ਼ੀ ਨੂੰ ਜਾਂ ਤਾਂ ਛੱਡ ਦਿੱਤਾ ਜਾਂਦਾ ਹੈ ਜਾਂ ਫਿਰ ਉਸ ਖਿਲਾਫ ਕਾਰਵਾਈ ਕਰਨ ਲਈ ਡੀ. ਸੀ. ਨੂੰ ਰਿਪੋਰਟ ਭੇਜ ਦਿੱਤੀ ਜਾਂਦੀ ਹੈ। ਇਹ ਰਿਪੋਰਟ ਲੈਂਡ ਮਾਫੀਆ ਗੈਂਗ ਵਲੋਂ ਰਸਤੇ ’ਚ ਹੀ ਗਾਇਬ ਕਰ ਦਿੱਤੀ ਜਾਂਦੀ ਹੈ। ਲੈਂਡ ਮਾਫੀਆ ਕੋਈ ਜਾਅਲੀ ਰਜਿਸਟਰੀ, ਜਾਅਲੀ ਪਾਵਰ ਆਫ ਅਟਾਰਨੀ ਜਾਂ ਫਿਰ ਜਾਅਲੀ ਐੱਨ. ਓ. ਸੀਜ ਦਾ ਮਾਮਲਾ ਕਿਸੇ ਸਬ-ਰਜਿਟਰਾਰ ਜਾਂ ਤਹਿਸੀਲਦਾਰ-ਨਾਇਬ ਤਹਿਸੀਲਦਾਰ ਵਲੋਂ ਫੜਿਆ ਜਾਂਦਾ ਹੈ ਤਾਂ ਆਮ ਤੌਰ ’ਤੇ ਦੇਖਣ ’ਚ ਆਇਆ ਹੈ ਕਿ ਸਬ-ਰਜਿਸਟਰਾਰ ਵਲੋਂ ਅਜਿਹੇ ਮਾਮਲਿਆਂ ’ਚ ਦੋਸ਼ੀ ਨੂੰ ਜਾਂ ਤਾਂ ਛੱਡਤੇ ਜਾਅਲੀ ਦਸਤਾਵੇਜ ਤਿਆਰ ਕਰਨ ਵਾਲੇ ਗੈਂਗ ਨਾਲ ਕੁਝ ਸਰਕਾਰੀ ਕਰਮਚਾਰੀ ਵੀ ਸ਼ਾਮਲ ਹਨ, ਜੋ ਕਈ ਵਾਰ ਫੜੇ ਜਾ ਚੁੱਕੇ ਹਨ ਅਤੇ ਸਮੇਂ-ਸਮੇਂ ’ਤੇ ਇਨ੍ਹਾਂ ਕਰਮਚਾਰੀਆਂ ਨੂੰ ਸਸਪੈਂਡ ਵੀ ਕੀਤਾ ਜਾਂਦਾ ਰਿਹਾ ਹੈ। ਹੁਣੇ ਜਿਹੇ ਇਕ ਫਰਜੀ ਇੰਤਕਾਲ ਦੇ ਕੇਸ ’ਚ ਡੀ. ਸੀ. ਘਣਸ਼ਾਮ ਥੋਰੀ ਵਲੋਂ ਇਕ ਪਟਵਾਰੀ ਨੂੰ ਸਸਪੈਂਡ ਕੀਤਾ ਜਾ ਚੁੱਕਾ ਹੈ। ਜਦੋਂਕਿ ਅੰਬੈਸਡਰ ਰਚਿਤਾ ਭੰਡਾਰੀ ਦੀ ਜਮੀਨ ਦੀ ਜਾਅਲੀ ਰਜਿਸਟਰੀ ਹੋਣ ਦੇ ਬਹੁ ਚਰਚਿਤ ਮਾਮਲੇ ’ਚ ਡੀ. ਸੀ. ਘਣਸ਼ਾਮ ਥੋਰੀ ਵਲੋਂ ਦਰਜਾਚਾਰ ਕਰਮਚਾਰੀ ਗੁਰਧੀਰ ਨੂੰ ਸਸਪੈਂਡ ਕੀਤਾ ਗਿਆ ਹੈ। ਐੱਸ. ਡੀ. ਐੱਮ.-2 (ਆਈ. ਏ. ਐੱਸ.) ਨਿਕਾਸ ਕੁਮਾਰ ਦੀ ਰਿਪੋਰਟ ਤੋਂ ਬਾਅਦ ਡੀ. ਸੀ. ਵਲੋਂ 6 ਲੋਕਾਂ ਖ਼ਿਲਾਫ ਐੱਫ. ਆਈ. ਆਰ. ਦਰਜ ਕਰਨ ਦੀ ਸਿਫਾਰਿਸ਼ ਵੀ ਕੀਤੀ ਗਈ ਅਤੇ ਪੁਲਸ ਵਲੋਂ ਐੱਫ. ਆਈ. ਆਰ. ਦਰਜ ਕਰ ਕੇ ਮੁਲਜਮ ਦੀ ਗ੍ਰਿਫਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਜ਼ਿਲ੍ਹਾ ਕਚਹਿਰੀ ’ਚ ਕਈ ਅਜਿਹੇ ਗੈਰ-ਲਾਇਸੈਂਸੀ ਵਸੀਕਾ ਨਵੀਸ ਘੁੰਮਦੇ ਨਜਰ ਆਉਂਦੇ ਹਨ, ਜਿਨ੍ਹਾਂ ਕੋਲ ਵਸੀਕਾ ਲਾਇਸੈਂਸ ਨਹੀਂ ਹੈ ਅਤੇ ਇਹ ਲਾਇਸੈਂਸੀ ਵਸੀਕਾ ਨਵੀਸਾਂ ਦੇ ਰਜਿਸਟਰਾਰ ਵਿਚ ਐਂਟਰੀ ਕਰਵਾ ਕੇ ਕੰਮ ਕਰਦੇ ਹਨ। ਕੁਝ ਬਹੁ ਚਰਚਿਤ ਪ੍ਰਾਈਵੇਟ ਕਰਿੰਦੇ ਵੀ ਸਰਗਰਮ ਹਨ, ਜਿਨ੍ਹਾਂ ਖ਼ਿਲਾਫ ਕਈ ਵਾਰ ਸ਼ਿਕਾਇਤਾਂ ਹੋ ਚੁੱਕੀਆਂ ਹਨ। ਇਨ੍ਹਾਂ ਗੈਰ-ਲਾਇਸੈਂਸੀ ਵਸੀਕਾ ਨਵੀਸਾਂ ਖ਼ਿਲਾਫ ਕਈ ਵਾਰ ਵਸੀਕਾ ਨਵੀਸ ਯੂਨੀਅਨ ਵਲੋਂ ਸ਼ਿਕਾਇਤ ਵੀ ਕੀਤੀ ਜਾ ਚੁੱਕੀ ਹੈ ਪਰ ਮਾਮਲਾ ਠੰਢੇ ਬਸਤੇ ’ਚ ਪਾ ਦਿੱਤਾ ਜਾਂਦਾ ਹੈ। ਉਂਝ ਤਾਂ ਸਾਰੇ ਰਜਿਸਟਰੀ ਦਫਤਰਾਂ ’ਚ ਜਾਅਲੀ ਦਸਤਾਵੇਜਾਂ ਨਾਲ ਰਜਿਸਟੀਆਂ ਅਤੇ ਪਾਵਰ ਅਟਾਰਨੀ ਦੇ ਮਾਮਲੇ ਸਾਹਮਣੇ ਆਉਂਦੇ ਰਹਿੰਦੇ ਹਨ ਪਰ ਅਜਿਹੇ ਮਾਮਲਿਆਂ ’ਚ ਰਜਿਸਟਰੀ ਦਫਤਰ-3 ਪਤਾ ਨਹੀਂ ਕਿਉਂ ਸਭ ਤੋਂ ਅੱਗੇ ਹੈ। ਸਾਬਕਾ ਸਬ-ਰਜਿਸਟਰਾਰ ਬੀਕਕਰਨ ਸਿੰਘ ਢਿੱਲੋਂ, ਹਰਕਰਮ ਸਿੰਘ ਰੰਧਾਵਾ, ਅਜੇ ਸ਼ਰਮਾ ਅਤੇ ਹੁਣ ਮੌਜੂਦਾ ਸਬ-ਰਜਿਸਟਰਾਰ ਜਗਤਾਰ ਸਿੰਘ ਦੇ ਕਾਰਜਕਾਲ ਦੌਰਾਨ ਜਾਅਲੀ ਰਜਿਸਟਰੀਆਂ ਦੇ ਵੱਡੇ ਮਾਮਲੇ ਸਾਹਮਣੇ ਆ ਚੁੱਕੇ ਹਨ। ਸਾਬਕਾ ਡੀ. ਸੀ. ਹਰਪ੍ਰੀਤ ਸਿੰਘ ਸੂਦਨ, ਅਮਿਤ ਤਲਵਾੜ ਅਤੇ ਹੁਣ ਮੌਜੂਦਾ ਡੀ. ਸੀ. ਘਣਸ਼ਾਮ ਥੋਰੀ ਵਲੋਂ ਮਿੰਨੀ ਸਕਤਰੇਤ ਤੋਂ ਲੈ ਕੇ ਰਜਿਸਟਰੀ ਦਫਤਰਾਂ, ਐੱਚ. ਆਰ. ਸੀ. ਬ੍ਰਾਂਚ ਅਤੇ ਐੱਸ. ਡੀ. ਐੱਮ. ਦਫਤਰਾਂ ’ਚ ਸੀ. ਸੀ. ਟੀ. ਵੀ. ਕੈਮਰੇ ਲਾਏ ਗਏ ਹਨ ਤਾਂ ਕਿ ਕੋਈ ਸ਼ਰਾਰਤੀ ਅਨਸਰ ਇਨ੍ਹਾਂ ਦਫਤਰਾਂ ’ਚ ਘੁਸਪੈਠ ਨਾ ਕਰ ਸਕੇ ਪਰ ਇਸ ਦੇ ਬਾਵਜੂਦ ਆਏ ਦਿਨ ਕੋਈ ਨਾ ਕੋਈ ਫਰਜੀਵਾੜਾ ਸਾਹਮਣੇ ਆਉਂਦਾ ਰਹਿੰਦਾ ਹੈ।

## ਸਰਕਾਰ ਨੇ ਤਨਜਾਨੀਆ ਨੂੰ 30000 ਟਨ ਗੈਰ-ਬਾਸਮਤੀ ਸਫੈਦ ਚੌਲਾਂ ਦੇ ਨਿਰਯਾਤ ਦੀ ਦਿੱਤੀ ਇਜਾਜਤ

ਨਵੀਂ ਦਿੱਲੀ 7 ਮਾਰਚ। ਸਰਕਾਰ ਨੇ ਤਨਜਾਨੀਆ ਨੂੰ 30,000 ਟਨ ਗੈਰ-ਬਾਸਮਤੀ ਸਫੈਦ ਚਾਵਲ ਅਤੇ ਜਿਬੂਟੀ ਅਤੇ ਗਿਨੀ ਬਿਸਾਉ ਨੂੰ 80,000 ਟਨ ਟੁੱਟੇ ਹੋਏ ਚੌਲਾਂ ਦੇ ਨਿਰਯਾਤ ਕਰਨ ਦੀ ਇਜਾਜਤ ਦਿੱਤੀ ਹੈ। ਵਿਦੇਸੀ ਵਪਾਰ ਡਾਇਰੈਕਟੋਰੇਟ ਜਨਰਲ (ਡੀਜੀਐੱਫਟੀ) ਨੇ ਇੱਕ ਨੋਟੀਫਿਕੇਸਨ ਵਿੱਚ ਕਿਹਾ ਹੈ ਕਿ ਨੈਸਨਲ ਕੋਆਪਰੇਟਿਵ ਐਕਸਪੋਰਟਸ ਲਿ. () ਰਾਹੀਂ ਨਿਰਯਾਤ ਕੀਤਾ ਜਾਵੇਗਾ। ਹਾਲਾਂਕਿ, ਘਰੇਲੂ ਸਪਲਾਈ



ਨੂੰ ਵਧਾਉਣ ਲਈ 20 ਜੁਲਾਈ, 2023 ਤੋਂ ਗੈਰ-ਬਾਸਮਤੀ ਚਿੱਟੇ ਚੌਲਾਂ ਦੇ ਨਿਰਯਾਤ ‘ਤੇ ਪਾਬੰਦੀ ਹੈ ਪਰ ਸਰਕਾਰ ਬੇਨਤੀ ਦੇ ਅਧਾਰ ‘ਤੇ ਕੁਝ ਦੇਸਾਂ ਨੂੰ ਉਨ੍ਹਾਂ ਦੀਆਂ ਖੁਰਾਕ ਸੁਰੱਖਿਆ ਜਰੂਰਤਾਂ ਲਈ ਨਿਰਯਾਤ ਦੀ ਆਗਿਆ ਦਿੰਦੀ ਹੈ। ਤਨਜਾਨੀਆ ਇੱਕ ਪੂਰਬੀ ਅਫਰੀਕੀ ਦੇਸ ਹੈ, ਜਦੋਂ ਕਿ ਜਿਬੂਟੀ ਅਫਰੀਕੀ ਮਹਾਂਦੀਪ ਦੇ ਉੱਤਰ-ਪੂਰਬੀ ਤੱਟ ‘ਤੇ ਹੈ। ਗਿਨੀ-ਬਿਸਾਉ ਪੱਛਮੀ ਅਫਰੀਕਾ ਦਾ ਇੱਕ ਦੇਸ ਹੈ। ਨੋਟੀਫਿਕੇਸਨ ਦੇ ਮੁਤਾਬਕ 30,000 ਟਨ ਟੁੱਟੇ ਹੋਏ ਚੌਲ ਜਿਬੂਟੀ ਨੂੰ ਅਤੇ 50,000 ਟਨ ਗਿਨੀ ਬਿਸਾਉ ਨੂੰ ਨਿਰਯਾਤ ਕਰਨ ਦੀ ਇਜਾਜਤ ਦਿੱਤੀ ਗਈ ਹੈ। ਭਾਰਤ ਨੇ ਪਹਿਲਾਂ ਹੀ ਨੇਪਾਲ, ਕੈਮਰੂਨ, ਕੋਟ ਡੀ ਆਈਵਰ, ਗਿਨੀ, ਮਲੇਸੀਆ, ਫਿਲੀਪੀਨਜ ਅਤੇ ਸੇਸੇਲਸ ਵਰਗੇ ਦੇਸਾਂ ਨੂੰ ਇਸ ਦੇ ਨਿਰਯਾਤ ਦੀ ਇਜਾਜਤ ਦੇ ਦਿੱਤੀ ਹੈ।

## ਜਲੰਧਰ ਦੇ ਬੱਸ ਸਟੈਂਡ ‘ਚ ਖੂਨੀ ਝੜਪ, ਪਾਨ ਦੀ ਦੁਕਾਨ ਚਲਾਉਣ ਵਾਲੇ ‘ਤੇ ਹੋਇਆ ਹਮਲਾ

ਜਲੰਧਰ 7 ਮਾਰਚ। ਜਲੰਧਰ ਦੇ ਬੱਸ ਸਟੈਂਡ ‘ਤੇ ਦੇਰ ਰਾਤ ਖੂਨੀ ਝੜਪ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਮੁਤਾਬਕ ਕਰੀਬ 5 ਹਮਲਾਵਰਾਂ ਨੇ ਪਾਨ ਦੀ ਦੁਕਾਨ ਚਲਾਉਣ ਵਾਲੇ ਦੋ ਭਰਾਵਾਂ ਸਮੇਤ ਤਿੰਨ ਲੋਕਾਂ ‘ਤੇ ਹਮਲਾ ਕਰ ਦਿੱਤਾ। ਦੱਸਿਆ ਜਾ ਰਿਹਾ ਹੈ ਕਿ ਹਮਲਾਵਰ ਨਸ਼ੇ ਵਿਚ ਸਨ। ਇਸ ਸਬੰਧੀ ਪੁਲਸ ਨੂੰ ਸੂਚਨਾ ਦਿੱਤੀ ਗਈ। ਉਥੇ ਹੀ ਜਖਮੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ।




ਇਸ ਘਟਨਾ ਤੋਂ ਬਾਅਦ ਇਲਾਕੇ ‘ਚ ਸਨਸਨੀ ਫੈਲ ਗਈ। ਇਸ ਸਬੰਧੀ ਜਖਮੀ ਦੁਕਾਨਦਾਰ ਵਿਨੋਦ ਕੁਮਾਰ ਨੇ ਦੱਸਿਆ ਕਿ ਉਹ ਐਤਵਾਰ ਦੇਰ ਰਾਤ ਤੱਕ ਆਪਣੀ ਦੁਕਾਨ ਵਿੱਚ ਹੀ ਸਨ। ਇਸ ਦੌਰਾਨ ਇਕ ਆਟੋ ਚਾਲਕ ਨੇ ਉਸ ਨਾਲ ਦੁਰਵਿਵਹਾਰ ਕੀਤਾ ਅਤੇ ਜਦੋਂ ਉਸ ਵੱਲੋਂ ਅਜਿਹਾ ਕਰਨ ਤੋਂ ਮਨ੍ਹਾ ਕੀਤਾ ਤਾਂ ਉਸ ਨੇ ਆਪਣੇ ਸਾਥੀਆਂ ਨੂੰ ਬੁਲਾ ਕੇ ਉਸ ‘ਤੇ ਜਾਨਲੇਵਾ ਹਮਲਾ ਕਰ ਦਿੱਤਾ। ਉਥੇ ਹੀ ਵਿਚਾਲੇ ਬਚਾਏ ਕਰਨ ਆਏ ਉਸ ਦੇ ਭਰਾ ਅਤੇ ਉਸ ਦੇ ਭਰਾ ਦੇ ਬੇਟੇ ‘ਤੇ ਵੀ ਦੋਸ਼ੀਆਂ ਨੇ ਹਮਲਾ ਕਰ ਦਿੱਤਾ। ਇਸ ਤੋਂ ਬਾਅਦ ਮੌਕੇ ਤੋਂ ਫਰਾਰ ਹੋ ਗਏ। ਉਥੇ ਹੀ ਇਸ ਘਟਨਾ ਦੇ ਸਬੰਧ ਵਿਚ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਹੈ। ਇਹ ਘਟਨਾ ਸੀ. ਸੀ. ਟੀ. ਵੀ. ਵਿਚ ਕੈਦ ਹੋ ਗਈ। ਸੀ. ਸੀ. ਟੀ. ਵੀ. ਦੇ ਆਧਾਰ ‘ਤੇ ਸਾਰੇ ਦੋਸ਼ੀਆਂ ਦੀ ਪਛਾਣ ਕਰਕੇ ਪੁਲਸ ਅੱਜ ਉਨ੍ਹਾਂ ਖ਼ਿਲਾਫ ਅੱਗੇ ਦੀ ਕਾਰਵਾਈ ਕਰੇਗੀ।

## ਨਸਾ ਤਸਕਰ ਨੂੰ ਫੜਨ ਗਏ ਪੁਲਸ ਮੁਲਾਜਮਾਂ ’ਤੇ ਹਮਲਾ, ਤਿੰਨ ਔਰਤਾਂ ਸਮੇਤ 4 ਖਿਲਾਫ ਕੇਸ ਦਰਜ

ਭਵਾਨੀਗੜ੍ਹ 7 ਮਾਰਚ। ਪਿੰਡ ਜੌਲੀਆਂ ਵਿਖੇ ਨਸਾ ਤਸਕਰੀ ਦੇ ਦੋਸ਼ੀ ਨੂੰ ਗ੍ਰਿਫਤਾਰ ਕਰਨ ਗਏ ਪੁਲਸ ਮੁਲਾਜਮਾਂ ’ਤੇ ਲੋਹੇ ਦੀ ਨੁਕੀਲੀ ਪਾਈਪ ਅਤੇ ਡੰਡੇ ਨਾਲ ਹਮਲਾ ਕਰ ਦਿੱਤਾ ਗਿਆ। ਘਟਨਾ ’ਚ ਦੋ ਪੁਲਸ ਮੁਲਾਜਮ ਜਖਮੀ ਹੋ ਗਏ। ਮਾਮਲੇ ਸਬੰਧੀ ਪੁਲਸ ਨੇ ਤਿੰਨ ਔਰਤਾਂ ਸਮੇਤ 4 ਜਣਿਆਂ ਖ਼ਿਲਾਫ ਕੇਸ ਦਰਜ ਕਰਕੇ ਕਾਰਵਾਈ ਸੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਚੌਕੀ ਜੌਲੀਆਂ ਦੇ ਇੰਚਾਰਜ ਏ. ਐੱਸ. ਆਈ. ਓਮਕਾਰ ਸਿੰਘ ਨੇ ਦੱਸਿਆ ਕਿ ਚੌਕੀ ਦੇ ਏ. ਐੱਸ .ਆਈ. ਸਤਵੰਤ ਸਿੰਘ ਅਤੇ ਦਰਸਨ ਸਿੰਘ ਨੂੰ ਗੁਪਤ ਸੂਚਨਾ ਮਿਲੀ ਸੀ ਕਿ ਥਾਣਾ ਭਵਾਨੀਗੜ੍ਹ ’ਚ ਦਰਜ ਨਸਾ ਤਸਕਰੀ ਦੇ ਦੋ ਮਾਮਲਿਆਂ ’ਚ ਦੋਸੀ ਸਤੂਰ ਸਿੰਘ ਵਾਸੀ ਜੌਲੀਆਂ ਆਪਣੇ ਘਰ ਦੇ ਬਾਹਰ ਬੈਠਾ ਤਾਸ ਖੇਡ ਰਿਹਾ ਹੈ ਜਿਸਨੂੰ ਛਾਪੇਮਾਰੀ ਕਰਕੇ ਕਾਬੂ ਕੀਤਾ ਜਾ ਸਕਦਾ ਹੈ। ਜਦੋਂ ਦੋਵੇਂ ਪੁਲਸ ਮੁਲਾਜਮ ਸਤੂਰ ਸਿੰਘ ਦੇ ਘਰ ਦੇ ਬਾਹਰ ਪੁੱਜੇ ਤਾਂ ਮੁਲਜਮ ਭੱਜ ਕੇ ਆਪਣੇ ਘਰ ’ਚ ਦਾਖਲ ਹੋ ਗਿਆ। ਪੁਲਸ ਮੁਲਾਜਮ ਪਿੱਛਾ ਕਰਦੇ ਹੋਏ ਗਏ ਤਾਂ ਘਰ ’ਚ ਮੌਜੂਦ ਸਤੂਰ ਦੀ ਮਾਂ ਮੂਰਤੀ, ਪਤਨੀ ਨਿਸਾ ਅਤੇ ਭਰਜਾਈ ਕਰਮਜੀਤ ਕੌਰ ਨੇ ਏ. ਐੱਸ. ਆਈ. ਦਰਸਨ ਸਿੰਘ ਨੂੰ ਫੜ ਕੇ ਪੌੜੀਆਂ ਚੜ੍ਹਨ ਤੋਂ ਰੋਕ ਲਿਆ ਜਦੋਂਕਿ ਸਤੂਰ ਸਿੰਘ ਨੇ ਲੋਹੇ ਦੀ ਨੁਕੀਲੀ ਪਾਈਪ ਏ. ਐੱਸ. ਆਈ. ਸਤਵੰਤ ਸਿੰਘ ਦੇ ਸਿਰ ’ਤੇ ਮਾਰੀ ਅਤੇ ਮੌਕੇ ਤੋਂ ਭੱਜ ਗਿਆ। ਏ. ਐੱਸ. ਆਈ. ਓਮਕਾਰ ਸਿੰਘ ਨੇ ਦੱਸਿਆ ਕਿ ਸਤਵੰਤ ਸਿੰਘ ਸੱਟ ਲੱਗਣ ਕਾਰਨ ਪੌੜੀਆਂ ਤੋਂ ਹੇਠਾਂ ਉਤਰਿਆ ਤਾਂ ਸ਼ਤਰੂ ਦੀ ਪਤਨੀ ਨਿਸਾ ਨੇ ਵੀ ਕਥਿਤ ਜਾਨੋਂ ਮਾਰਨ ਦੀ ਨੀਅਤ ਨਾਲ ਉਸ ਉੱਪਰ ਡੰਡੇ ਨਾਲ ਹਮਲਾ ਕਰ ਦਿੱਤਾ ਜੋ ਆਪਣਾ ਬਚਾਅ ਕਰਦੇ ਸਮੇਂ ਸਤਵੰਤ ਸਿੰਘ ਦੇ ਗੁੱਟ ’ਤੇ ਵੱਜਾ। ਏ. ਐੱਸ. ਆਈ. ਓਮਕਾਰ ਨੇ ਦੱਸਿਆ ਕਿ ਘਟਨਾ ’ਚ ਜਖਮੀ ਹੋਏ ਦੋਵੇਂ ਪੁਲਸ ਮੁਲਾਜਮਾਂ ਨੂੰ ਭਵਾਨੀਗੜ੍ਹ ਦੇ ਸਰਕਾਰੀ ਹਸਪਤਾਲ ’ਚ ਦਾਖਲ ਕਰਵਾਇਆ ਗਿਆ, ਜਿੱਥੋਂ ਡਾਕਟਰਾਂ ਨੇ ਦੋਵਾਂ ਨੂੰ ਸੰਗਰੂਰ ਰੈਫਰ ਕਰ ਦਿੱਤਾ। ਇਸ ਮਾਮਲੇ ਸਬੰਧੀ ਏ. ਐੱਸ. ਆਈ. ਸਤਵੰਤ ਸਿੰਘ ਦੇ ਬਿਆਨਾਂ ’ਤੇ ਕਾਰਵਾਈ ਕਰਦਿਆਂ ਪੁਲਸ ਦੇ ਕੰਮ ’ਚ ਵਿਘਨ ਪਾਉਣ, ਇਰਾਦਾ ਕਤਲ ਸਮੇਤ ਵੱਖ-ਵੱਖ ਧਾਰਾਵਾਂ ਅਧੀਨ ਮੁਲਜਮ ਸਤੂ ਸਿੰਘ, ਉਸਦੀ ਪਤਨੀ ਨਿਸਾ, ਮਾਂ ਮੂਰਤੀ ਅਤੇ ਭਰਜਾਈ ਕਰਮਜੀਤ ਕੌਰ ਖ਼ਿਲਾਫ ਥਾਣਾ ਭਵਾਨੀਗੜ੍ਹ ਵਿਖੇ ਮੁਕੱਦਮਾ ਦਰਜ ਕੀਤਾ ਗਿਆ ਹੈ। ਪੁਲਸ ਨੇ ਦੱਸਿਆ ਕਿ ਮਾਮਲੇ ’ਚ ਸਾਰੇ ਮੁਲਜਮ ਫਰਾਰ ਹਨ।




## ਪੰਜਾਬ ’ਚ ਵੱਡੀ ਵਾਰਦਾਤ, ਗੰਨ ਹਾਊਸ ’ਚੋਂ 16 ਰਾਈਫਲਾਂ ਸਣੇ 22 ਹਥਿਆਰ ਚੋਰੀ

ਤਰਨਤਾਰਨ 7 ਮਾਰਚ। ਸਥਾਨਕ ਸਹਿਰ ਦੇ ਅੰਮ੍ਰਿਤਸਰ ਬਾਈਪਾਸ ਚੌਂਕ ਵਿਖੇ ਮੌਜੂਦ ਇੱਕ ਗੰਨ ਹਾਊਸ ਨੂੰ ਨਿਸਾਨਾ ਬਣਾਉਂਦੇ ਹੋਏ ਉਸ ਵਿੱਚੋਂ 12 ਹਥਿਆਰਾਂ ਨੂੰ ਅਣਪਛਾਤੇ ਚੋਰਾਂ ਵੱਲੋਂ ਚੋਰੀ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪੁਲਸ ਵੱਲੋਂ ਜ਼ਿਲ੍ਹੇ ਭਰ ਵਿਚ ਹਾਈ ਅਲਰਟ ਜਾਰੀ ਕਰਦੇ ਹੋਏ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ। ਮਿਲੀ ਜਾਣਕਾਰੀ ਅਨੁਸਾਰ ਅੰਮ੍ਰਿਤਸਰ ਬਾਈਪਾਸ ਚੌਂਕ ਵਿਖੇ ਮੌਜੂਦ ਮੀਤ ਗੰਨ ਹਾਊਸ ਵਿਖੇ ਅਣਪਛਾਤੇ ਚੋਰਾਂ ਵੱਲੋਂ ਨਾਲ ਵਾਲੀਆਂ ਦੁਕਾਨਾਂ ਰਾਹੀਂ ਸੰਨ ਲਗਾਉਂਦੇ ਹੋਏ ਦਾਖਲ ਹੋ ਕੇ ਅੰਦਰੋਂ 16 ਰਾਈਫਲਾਂ, 5 ਰਿਵਾਲਵਰ, ਇਕ ਪਿਸਤੌਲ ਅਤੇ ਤਿੰਨ ਦਰਜਨ ਤੋਂ ਵੱਧ ਕਾਰਤੂਸ ਚੋਰੀ ਕਰਕੇ ਲੈ ਗਏ ਹਨ। ਚੋਰ ਜਾਂਦੇ ਸਮੇਂ ਦੁਕਾਨ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਅਤੇ ਡੀ. ਵੀ. ਆਰ. ਨੂੰ ਵੀ ਪੁੱਟ ਕੇ ਨਾਲ ਲੈ ਗਏ ਹਨ। ਵਾਰਦਾਤ ਦਾ ਪਤਾ ਉਦੋਂ ਲੱਗਾ ਜਦੋਂ ਅੱਜ ਦੁਪਹਿਰੇ ਗੰਨ ਹਾਊਸ ਮਾਲਕ ਨੇ ਗੰਨ ਹਾਊਸ ਖੋਲ੍ਹਿਆ। ਥਾਣਾ ਸਿਟੀ ਤਰਨ ਤਰਨ ਦੀ ਪੁਲਸ ਵੱਲੋਂ ਮੌਕੇ ’ਤੇ ਪਹੁੰਚ ਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਗਈ ਹੈ।

### ਨਾਕਾਬੰਦੀ ਦੌਰਾਨ ਰੁਕਣ ਦਾ ਇਸ਼ਾਰਾ ਕਰਨ ‘ਤੇ ਨੌਜਵਾਨ ਲੱਗਾ ਖਿਸਕਣ, ਪੁਲਸ ਨੇ 35 ਗ੍ਰਾਮ ਹੈਰੋਇਨ ਸਣੇ ਕੀਤਾ ਕਾਬੂ

ਅਚੱਲ ਸਾਹਿਬ 7 ਮਾਰਚ। ਥਾਣਾ ਰੰਗੜ ਨੰਗਲ ਅਧੀਨ ਪੈਂਦੀ ਚੌਂਕੀ ਪੰਜਗਰਾਈਆਂ ਵੱਲੋਂ 35 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਕਾਬੂ ਕਰ ਲਏ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਰੰਗੜ ਨੰਗਲ ਦੇ ਐੱਸ.ਐੱਚ.ਓ. ਮਨਜੀਤ ਸਿੰਘ ਅਤੇ ਏ.ਐੱਸ.ਆਈ. ਸੁਰਿੰਦਰ ਸਿੰਘ ਨੇ ਦੱਸਿਆ ਕਿ ਪੁਲਿਸ ਪਾਰਟੀ ਵੱਲੋਂ ਟੀ ਪੁਆਇੰਟ ਥਰੀਏਵਾਲ ਆਉਣ ਜਾਣ ਵਾਲੇ ਵਾਹਨਾਂ ਦੀ ਚੈਕਿੰਗ ਕੀਤੀ ਜਾ ਰਹੀ ਸੀ। ਇਸ ਦੌਰਾਨ ਇਕ ਨੌਜਵਾਨ ਜੋ ਬੁਲਟ ਮੋਟਰਸਾਈਕਲ ‘ਤੇ ਪਿੰਡ ਤਾਰਾ ਵੱਲੋਂ ਆ ਰਿਹਾ ਸੀ, ਨੂੰ ਰੁਕਣ ਦਾ ਇਸਾਰਾ ਕੀਤਾ ਗਿਆ। ਰੁਕਣ ਦਾ ਇਸ਼ਾਰਾ ਮਿਲਣ ‘ਤੇ ਨੌਜਵਾਨ ਇਕਦਮ ਮੋਟਰਸਾਈਕਲ ਪਿੱਛੇ ਨੂੰ ਮੋੜ ਕੇ ਭਜਾਉਣ ਦੀ ਕੋਸ਼ਿਸ ਕਰਨ ਲੱਗਾ, ਜਿਸ ਨੂੰ ਪੁਲਸ ਪਾਰਟੀ ਨੇ ਫੜ ਕੇ ਜਦ ਤਲਾਸੀ ਲਈ ਤਾਂ ਉਸ ਦੇ ਕਬਜੇ ‘ਚੋਂ 35 ਗ੍ਰਾਮ ਹੈਰੋਇਨ ਬਰਾਮਦ ਹੋਈ। ਵਧੇਰੇ ਪੁੱਛਗਿਛ ਦੌਰਾਨ ਮੁਲਜਮ ਨੇ ਆਪਣਾ ਨਾਂ ਹੀਰਾ ਸਿੰਘ ਪੁੱਤਰ ਅਜੈਬ ਸਿੰਘ ਵਾਸੀ ਥਰੀਏਵਾਲ ਦੱਸਿਆ।

## ਤੇਜ ਹਨ੍ਹੇਰੀ ਕਾਰਨ 50 ਸਾਲਾ ਪੁਰਾਣਾ ਦਰੱਖਤ ਟੁੱਟਿਆ, ਬਿਜਲੀ ਦੇ ਖੰਭੇ ‘ਤੇ ਡਿੱਗਿਆ

ਤਪਾ ਮੰਡੀ 7 ਮਾਰਚ। ਬਾਲਮੀਕ ਚੌਂਕ ‘ਚ ਰਾਤ 9 ਵਜੇ ਦੇ ਕਰੀਬ 50 ਸਾਲ ਪੁਰਾਣਾ ਖੜ੍ਹਾ ਨਿੰਮ ਦਾ ਦਰਖੱਤ ਤੇਜ ਹਵਾਵਾਂ ਨਾਲ ਟੁੱਟ ਕੇ ਬਿਜਲੀ ਦੇ ਖੰਭਿਆਂ ‘ਤੇ ਡਿੱਗਣ ਕਾਰਨ ਦੋ ਖੰਭੇ ਟੁੱਟ ਗਏ ਪਰ ਹਾਦਸਾ ਹੋਣੋਂ ਟਲ ਗਿਆ। ਮੌਕੇ ‘ਤੇ ਪ੍ਰਾਪਤ ਜਾਣਕਾਰੀ ਅਨੁਸਾਰ ਕੁਝ ਦੁਕਾਨਦਾਰਾਂ ਨੇ ਦੱਸਿਆ ਕਿ ਇਹ ਨਿੰਮ ਦਾ ਦਰਖੱਤ ਕਰੀਬ 50 ਸਾਲ ਤੋਂ ਖੜ੍ਹਾ ਸੀ, ਜਿਸ ਦੀ ਛਾਂ ਹੇਠਾਂ ਸਬਜੀ, ਫਾਸਟ ਫੂਡ, ਰੇਹੜੀਆਂ ਵਾਲੇ ਅਤੇ ਹੋਰ ਲੋਕ ਖੜ੍ਹ ਕੇ ਅਪਣਾ ਗੁਜਾਰਾ ਕਰਦੇ ਆ ਰਹੇ ਸਨ। ਬੀਤੀ ਰਾਤ 9 ਵਜੇ ਦੇ ਕਰੀਬ ਇਹ ਨਿੰਮ ਤੇਜ ਹਵਾ ਕਾਰਨ ਟੁੱਟ ਗਿਆ ਅਤੇ ਬਿਜਲੀ ਦੇ ਖੰਭਿਆਂ ‘ਤੇ ਡਿੱਗ ਗਿਆ। ਇਸ ਕਾਰਨ 2 ਬਿਜਲੀ ਦੇ ਖੰਭੇ ਡਿੱਗ ਕੇ ਸੜਕ ਵਿਚਕਾਰ ਡਿੱਗ ਪਏ ਤਾਂ ਨਾਲ ਦੀ ਨਾਲ ਸ਼ਹਿਰ ਦੀ ਬਿਜਲੀ ਗੁੱਲ ਹੋ ਗਈ ਅਤੇ ਆਵਾਜਾਈ ਪ੍ਰਭਾਵਿਤ ਹੋਣ ਨਾਲ ਜਦ ਆਸ-ਪਾਸ ਦੇ ਦੁਕਾਨਦਾਰਾਂ ਅਤੇ ਮੰਡੀ ਨਿਵਾਸੀਆਂ ਨੂੰ ਪਤਾ ਲੱਗਾ ਤਾਂ ਮੌਕੇ ‘ਤੇ ਪਹੁੰਚ ਕੇ ਲੋਕ ਕਹਿਣ ਲੱਗੇ ਕਿ ਜੇਕਰ ਇਹ ਹਾਦਸਾ ਦਿਨ ਸਮੇਂ ਹੁੰਦਾ ਤਾਂ ਬਹੁਤ ਭਾਰੀ ਨੁਕਸਾਨ ਹੋ ਸਕਦਾ ਸੀ। ਘਟਨਾ ਦਾ ਪਤਾ ਲੱਗਦੇ ਹੀ ਪਾਵਰਕਾਮ ਦੇ ਅਧਿਕਾਰੀ ਅਤੇ ਮੁਲਾਜਮ ਵੀ ਪਹੁੰਚ ਗਏ, ਜਿਨ੍ਹਾਂ ਕੁਝ ਇਲਾਕਿਆਂ ਦੀ ਬਿਜਲੀ ਬੰਦ ਕਰਕੇ ਹੋਰ ਟਰਾਂਸਫਾਰਮਰਾਂ ਤੋਂ ਚਾਲੂ ਕਰਕੇ ਲੋਕਾਂ ਨੂੰ ਰਾਹਤ ਦਿੱਤੀ। ਇਸ ਮੌਕੇ ਹਾਜਰ ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਜਿਹੇ 1-2 ਦਰਖੱਤ ਅਨਾਜ ਮੰਡੀ ‘ਚ ਵੀ ਖੜ੍ਹੇ ਹਨ ,ਕਿਸੇ ਸਮੇਂ ਵੀ ਵੱਡਾ ਹਾਦਸਾ ਵਾਪਰ ਸਕਦਾ ਹੈ

## ਆਟੋ ਕੰਪਨੀਆਂ ਅਗਲੇ 4 ਸਾਲਾਂ ‘ਚ ਕਰਨਗੀਆਂ 58 ਹਜਾਰ ਕਰੋੜ ਰੁਪਏ ਦਾ ਨਿਵੇਸ

ਆਟੋ ਡੈਸਕ 7 ਮਾਰਚ। ਘਰੇਲੂ ਆਟੋਮੋਬਾਈਲ ਉਦਯੋਗ ਅਗਲੇ 4 ਸਾਲਾਂ ਵਿਚ ਕਰੀਬ 58000 ਕਰੋੜ ਰੁਪਏ ਦਾ ਨਿਵੇਸ਼ ਕਰ ਸਕਦਾ ਹੈ। ਇਸ ਪੂੰਜੀ ਨਾਲ ਇਲੈਕਟ੍ਰਿਕ ਮੋਟਰ ਅਤੇ ਆਟੋਮੈਟਿਕ ਟਰਾਂਸਮਿਸ਼ਨ ਸਿਸਟਮ ਵਰਗੇ ਉੱਨਤ ਹਿੱਸਿਆ ਦੇ ਘਰੇਲੂ ਨਿਰਮਾਣ ਨੂੰ ਵਧਾਇਆ ਜਾਵੇਗਾ। ਇਸ ਰਾਹੀਂ ਆਯਾਤ ‘ਤੇ ਨਿਰਭਰਤਾ ਘਟਾ ਕੇ ਬਹੁ-ਰਾਸ਼ਟਰੀ ਕੰਪਨੀਆਂ ਦੀ ਚਾਈਨਾ ਪਲੱਸ ਵਨ ਸੋਰਸਿੰਗ ਰਣਨੀਤੀ ਦਾ ਵੱਧ ਤੋਂ ਵੱਧ ਫਾਇਦਾ ਲਿਆ ਜਾਵੇਗਾ। ਆਟੋ ਐਕਸੈਸਰੀ ਉਦਯੋਗ ਦੀ ਇਕ ਸੰਸਥਾ ਆਟੋਮੋਟਿਵ ਕੰਪੋਨੈਂਟ ਮੈਨੂਫੈਰਚਰਰਜ ਐਸੋਸੀਏਸ਼ਨ ਦੀ ਇਕ ਰਿਪੋਰਟ ਅਨੁਸਾਰ ਆਧੁਨਿਕ ਤਕਨਾਲੋਜੀ ਦੇ ਵਿਕਾਸ ਅਤੇ ਨਿਰਮਾਣ ਲਈ ਮਾਰਚ 2028 ਤੱਕ ਨਵਾਂ ਨਿਵੇਸ਼ ਕੀਤਾ ਜਾਵੇਗਾ। ਘਰੇਲੂ ਆਟੋਮੋਬਾਈਲ ਕੰਪਨੀਆ ਨੇ ਪਹਿਲਾਂ ਹੀ 11 ਪ੍ਰਮੁੱਖ ਕੰਪੋਨੈਂਟ ਸ਼੍ਰੇਣੀਆਂ ਵਿਚ 500 ਤੋਂ ਵੱਧ ਸਥਾਨਕਕਰਨ ਪ੍ਰਾਜੈਕਟ ਸ਼ੁਰੂ ਕੀਤੇ ਹਨ। ਇਨ੍ਹਾਂ ਵਿੱਚ ਆਟੋਮੈਟਿਕ ਟਰਾਂਸਮਿਸਨ, ਪਾਵਰ ਕੰਟਰੋਲ ਯੂਨਿਟ, ਉੱਚ ਤਾਕਤ ਵਾਲਾ ਸਟੀਲ ਅਤੇ ਸੰਯੁਕਤ ਚਾਰਜਿੰਗ ਸਿਸਟਮ ਸਾਮਲ ਹਨ। ਪਿਛਲੇ ਦੋ ਸਾਲਾਂ ਵਿੱਚ ਉਨ੍ਹਾਂ ਦੀ ਦਰਾਮਦ ਵਿੱਚ ਲਗਭਗ 6 ਫੀਸਦੀ ਦੀ ਕਮੀ ਆਈ ਹੈ, ਜੋ 3 ਫੀਸਦੀ ਦੇ ਉਦਯੋਗ ਦੇ ਟੀਚੇ ਤੋਂ ਦੁੱਗਣਾ ਹੈ। ਦੱਸ ਦੇਈਏ ਕਿ ਚੀਨ ਤੋਂ ਆਟੋ ਪਾਰਟਸ ਦਾ ਆਯਾਤ 32 ਫੀਸਦੀ ਤੋਂ ਘਟ ਕੇ 30 ਫੀਸਦੀ ਰਹਿ ਗਿਆ। 2021-22 ਵਿੱਚ ਭਾਰਤੀ ਕੰਪਨੀਆਂ ਨੇ 1.36 ਲੱਖ ਕਰੋੜ ਰੁਪਏ ਦੇ ਪਾਰਟਸ ਦਾ ਆਯਾਤ ਕੀਤਾ। ਆਟੋ ਕੰਪੋਨੈਂਟਸ ਦਾ ਆਯਾਕ 66 ਫੀਸਦੀ ਤੋਂ ਵਧ ਕੇ 1.42 ਲੱਖ ਕਰੋੜ ਰੁਪਏ ਹੋ ਗਿਆ। ਭਾਰਤੀ ਕੰਪਨੀਆਂ ਹੁਣ ਅਮਰੀਕਾ ਅਤੇ ਯੂਰਪ ਵਰਗੇ ਬਾਜਾਰਾਂ ਵਿੱਚ ਨਿਰਯਾਤ ਕਰ ਰਹੀਆਂ ਹਨ। ਪਿਛਲੇ ਮਹੀਨੇ ਡੀਲਰਾਂ ਨੂੰ ਰਿਕਾਰਡ 3,73,177 ਕਾਰਾਂ ਭੇਜੀਆਂ ਗਈਆਂ ਸਨ। ਇਹ ਫਰਵਰੀ 2023 ਨਾਲੋਂ 11.3 ਫੀਸਦੀ ਜ਼ਿਆਦਾ ਹੈ ਅਤੇ ਕਿਸੇ ਵੀ ਸਾਲ ਫਰਵਰੀ ਵਿੱਚ ਕਾਰਾਂ ਦੀ ਸਭ ਤੋਂ ਵੱਧ ਥੋਕ ਵਿਕਰੀ ਹੈ। ਕੰਪਨੀਆਂ ਦੀ ਸੇਲ ਰਿਪੋਰਟ ਮੁਤਾਬਕ 29 ਫਰਵਰੀ ਤੱਕ ਪਿਛਲੇ 11 ਮਹੀਨਿਆਂ ‘ਚ 38.59 ਲੱਖ ਸੇਡਾਨ, ਯੂਟੀਲਿਟੀ ਵ੍ਹੀਕਲਸ ਅਤੇ ਹੈਚਬੈਕ ਕਾਰਾਂ ਵੇਚੀਆਂ ਗਈਆਂ ਹਨ।



### ਤੇਜ ਰਫਤਾਰ ਆਟੋ ਚਾਲਕ ਨੇ ਤਿੰਨ ਬੱਚਿਆਂ ਨੂੰ ਮਾਰੀ ਟੱਕਰ

ਲੁਧਿਆਣਾ 7 ਮਾਰਚ। ਸੂਆ ਰੋਡ ‘ਤੇ ਪਿਤਾ ਨਾਲ ਜਾ ਰਹੇ 3 ਬੱਚਿਆਂ ਨੂੰ ਤੇਜ ਰਫਤਾਰ ਨਾਲ ਜਾ ਰਹੇ ਆਟੋ ਚਾਲਕ ਨੇ ਪਿੱਛਿਓਂ ਟੱਕਰ ਮਾਰ ਕੇ ਦਰੜ ਦਿੱਤਾ। ਗੰਭੀਰ ਰੂਪ ‘ਚ ਜਖਮੀ ਬੱਚਿਆਂ ਨੂੰ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ। ਉਨ੍ਹਾਂ ਵਿਚੋਂ ਇਕ ਬੱਚੇ ਦੀ ਗੰਭੀਰ ਹਾਲਤ ਨੂੰ ਵੇਖਦਿਆਂ ਉਸ ਨੂੰ ਪੀ.ਜੀ.ਆਈ. ਰੈਫਰ ਕਰ ਦਿੱਤਾ ਗਿਆ ਸੀ, ਜਿੱਥੇ ਇਲਾਜ ਦੌਰਾਨ ਉਸ ਦੀ ਮੌਤ ਹੋ ਗਈ। ਮ੍ਰਿਤਕ ਬੱਚੇ ਦੀ ਪਛਾਣ ਸੱਤਿਅਮ ਵਜੋਂ ਹੋਈ ਹੈ ਜੋ ਸਿਰਫ 11 ਸਾਲ ਦਾ ਸੀ। ਬੱਚੇ ਦੇ ਪਿਤਾ ਵਿਸ਼ਨੂੰ ਕੁਮਾਰ ਠਾਕੁਰ ਨੇ ਦੱਸਿਆ ਕਿ ਉਹ ਆਪਣੇ ਬੱਚਿਆਂ ਦੇ ਫੈਕਟਰੀ ਵੱਲ ਜਾ ਰਿਹਾ ਸੀ। ਸੂਆ ਰੋਡ ‘ਤੇ ਇਕ ਆਟੋ ਨੇ ਤੇਜ ਰਫਤਾਰ ਨਾਲ ਆ ਕੇ ਪਿੱਛਿਓਂ ਟੱਕਰ ਮਾਰ ਦਿੱਤੀ, ਜਿਸ ਕਾਰਨ ਤਿੰਨੋ ਬੱਚੇ ਗੰਭੀਰ ਜਖਮੀ ਹੋ ਗਏ ਸਨ। 1 ਬੱਚੇ ਦੀ ਮੌਤ ਹੋ ਗਈ ਤੇ 2 ਬੱਚਿਆਂ ਦਾ ਇਲਾਜ ਹਸਪਤਾਲ ਵਿਚ ਚੱਲ ਰਿਹਾ ਹੈ। ਥਾਣਾ ਡਵੀਜਨ ਨੰਬਰ 6 ਦੀ ਪੁਲਸ ਨੇ ਬੱਚੇ ਦੇ ਪਿਤਾ ਵਿਸ਼ਨੂੰ ਕੁਮਾਰ ਠਾਕੁਰ ਦੇ ਬਿਆਨਾਂ ‘ਤੇ ਆਟੋ ਚਾਲਕ ਸ਼ੈਲੇਂਦਰ ਕੁਮਾਰ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਸਬ ਇੰਸਪੈਕਟਰ ਗੁਰਜਿੰਦਰ ਸਿੰਘ ਨੇ ਦੱਸਿਆ ਕਿ ਮਾਮਲੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਭੇਤ ਭਰੇ ਹਾਲਾਤਾ ‘ਚ ਕਿਸਾਨ ਦੀਆਂ ਦੋ ਮੱਝਾਂ ਤੇ ਕੱਟੀ ਦੀ ਮੌਤ, ਅਣਪਛਾਤਿਆਂ ’ਤੇ ਜਹਿਰੀਲਾ ਪਦਾਰਥ ਦੇਣ ਦਾ ਸ਼ੱਕ

ਝਬਾਲ 6 ਮਾਰਚ। ਨਜਦੀਕੀ ਪਿੰਡ ਪੰਜਵੜ ਵਿਖੇ ਬੀਤੀ ਰਾਤ ਇਕ ਗਰੀਬ ਕਿਸਾਨ ਦੇ ਤਿੰਨ ਪਸ਼ੂਆਂ ਦੀ ਭੇਤਭਰੀ ਹਾਲਤ ’ਚ ਮੌਤ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਿਸਾਨ ਸਰਬਜੀਤ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪੰਜਵੜ ਨੇ ਦੱਸਿਆ ਕਿ ਉਸ ਦੀ ਕੋਈ ਜ਼ਮੀਨ ਨਾ ਹੋਣ ਕਰ ਕੇ ਉਸ ਨੇ ਦੋ ਮੱਝਾਂ ਰੱਖੀਆਂ ਸਨ, ਜਿਨ੍ਹਾਂ ਦੇ ਦੁੱਧ ਵੇਚ ਕੇ ਪਰਿਵਾਰ ਦਾ ਗੁਜ਼ਾਰਾ ਚਲਦਾ ਸੀ। ਬੀਤੀ ਰਾਤ ਉਸ ਨੇ ਰੋਜ਼ ਵਾਂਗ ਦੋਵੇਂ ਮੱਝਾਂ, ਜੋ ਸੂਣ ਵਾਲੀਆਂ ਸਨ ਤੇ ਇਕ ਕੱਟੀ ਨੂੰ ਰਾਤ ਸਮੇਂ ਅੰਦਰ ਬੰਨ ਦਿੱਤਾ ਅਤੇ ਪਰਿਵਾਰ ਸਮੇਤ ਨੇੜਲੇ ਕਮਰੇ ਵਿਚ ਸੌਂ ਗਿਆ। ਪਰ ਅੱਧੀ ਕੁ ਰਾਤ ਨੂੰ ਜਦੋਂ ਉਨ੍ਹਾਂ ਦੀ ਮਾਤਾ ਉੱਠੀ ਤਾਂ ਉਸ ਨੇ ਮੱਝਾਂ ਵਾਲੇ ਕੋਠੇ ਵਿਚੋਂ ਧੂਆਂ ਨਿਕਲਦਾ ਵੇਖ ਕੇ ਰੌਲਾ ਪਾਇਆ। ਉਨ੍ਹਾਂ ਉਥੇ ਜਾ ਕੇ ਵੇਖਿਆ ਕਿ ਪਸ਼ੂਆਂ ਵਾਲੇ ਕਮਰੇ ਅੰਦਰ ਪਈਆਂ ਪਾਥੀਆਂ ਨੂੰ ਅੱਗ ਲੱਗੀ ਸੀ, ਜਿਸ ਨਾਲ ਸਾਰਾ ਕਮਰਾ ਧੂੰਏ ਨਾਲ ਭਰਿਆ ਪਿਆ ਸੀ ਅਤੇ ਨਾਲ ਹੀ ਅੰਦਰ ਬੱਝੀਆਂ ਦੋ ਮੱਝਾਂ ਤੇ ਇਕ (ਕੱਟੀ) ਦੇ ਮੂੰਹ ਵਿਚੋਂ ਲਹੂ ਵਗ ਰਿਹਾ ਸੀ। ਜੋ ਕਿ ਮਰੀਆਂ ਪਈਆ ਸਨ। ਇਸ ਸਬੰਧੀ ਉਨ੍ਹਾਂ ਨੇ ਥਾਣਾ ਝਬਾਲ ਵਿਖੇ ਲਿਖਤੀ ਦਰਖਾਸਤ ਦਿੰਦੇ ਹੋਏ ਸ਼ੱਕ ਜ਼ਾਹਿਰ ਕੀਤਾ ਕਿ ਕਿਸੇ ਅਣਪਛਾਤੇ ਸ਼ਰਾਰਤੀ ਅਨਸਰ ਉਸ ਦੀਆਂ ਮੱਝਾਂ ਨੂੰ ਕੋਈ ਜ਼ਹਿਰੀਲੀ ਦਵਾਈ ਦੇ ਕੇ ਅੰਦਰ ਪਈਆਂ ਪਾਥੀਆਂ ਨੂੰ ਅੱਗ ਲਾ ਗਏ। ਉਨ੍ਹਾਂ ਅੰਦਰ ਪਈਆਂ ਪਾਥੀਆਂ ਨੂੰ ਅੱਗ ਲੱਗੀ ਸੀ, ਜਿਸ ਨਾਲ ਸਾਰਾ ਕਮਰਾ ਧੂੰਏ ਨਾਲ ਭਰਿਆ ਪਿਆ ਸੀ ਅਤੇ ਨਾਲ ਹੀ ਅੰਦਰ ਬੱਝੀਆਂ ਦੋ ਮੱਝਾਂ ਤੇ ਇਕ (ਕੱਟੀ) ਦੇ ਮੂੰਹ ਵਿਚੋਂ ਲਹੂ ਵਗ ਰਿਹਾ ਸੀ। ਜੋ ਕਿ ਮਰੀਆਂ ਪਈਆ ਸਨ। ਇਸ ਸਬੰਧੀ ਉਨ੍ਹਾਂ ਨੇ ਥਾਣਾ ਝਬਾਲ ਵਿਖੇ ਲਿਖਤੀ ਦਰਖਾਸਤ ਦਿੰਦੇ ਹੋਏ ਸ਼ੱਕ ਜ਼ਾਹਿਰ ਕੀਤਾ ਕਿ ਕਿਸੇ ਅਣਪਛਾਤੇ ਸ਼ਰਾਰਤੀ ਅਨਸਰ ਉਸ ਦੀਆਂਨੇ ਸਰਕਾਰ ਕੋਲੋਂ ਮੰਗ ਕੀਤੀ ਕਿ ਉਸ ਦੇ ਪਰਿਵਾਰ ਦਾ ਇਕੋ ਇਕ ਸਹਾਰਾ ਇਨ੍ਹਾਂ ਮੱਝਾਂ ਨੂੰ ਮਾਰਨ ਵਾਲੇ ਖ਼ਿਲਾਫ਼ ਕਾਰਵਾਈ ਕਰ ਕੇ ਉਸ ਨੂੰ ਮੁਆਵਜ਼ਾ ਦਿੱਤਾ ਜਾਵੇ। ਜਦੋਂ ਇਸ ਸਬੰਧੀ ਵੈਟਰਨਰੀ ਅਫਸਰ ਡਾਕਟਰ ਗੁਰਿੰਦਰ ਸਿੰਘ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਪਸ਼ੂਆਂ ਦੇ ਮਰਨ ਦੇ ਅਸਲ ਕਾਰਨ ਦਾ ਪਤਾ ਪੋਸਟਮਾਰਟਮ ਦੀ ਰਿਪੋਰਟ ਤੋਂ ਬਾਅਦ ਲੱਗੇਗਾ।

### ਕੁੜੀ ਦੀ ਵੀਡੀਓ ਬਣਾ ਕੇ ਵਾਇਰਲ ਕਰਨ ਵਾਲੇ ਨੌਜਵਾਨਾਂ ਖਿਲਾਫ ਮਾਮਲਾ ਦਰਜ

ਜਲਾਲਾਬਾਦ 7 ਮਾਰਚ। ਇਕ ਕੁੜੀ ਦੀ ਮੋਬਾਇਲ ’ਤੇ ਵੀਡੀਓ ਬਣਾ ਕੇ ਵਾਇਰਲ ਕਰਨ ਵਾਲੇ 2 ਨੌਜਵਾਨਾਂ ਖ਼ਿਲਾਫ ਥਾਣਾ ਵੈਰੋਕਾ ਪੁਲਸ ਨੇ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਤਪਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਬਲਵਿੰਦਰ ਕੌਰ ਪਤਨੀ ਕਰਨੈਲ ਸਿੰਘ ਵਾਸੀ ਚੱਕ ਜੰਡ ਵਾਲਾ ਜੋਈਆ ਉਰਫ ਮੌਲਵੀਵਾਲਾ ਨੇ ਸ਼ਿਕਾਇਤ ਦਰਜ ਕਰਵਾਈ ਸੀ। ਉਸ ਨੇ ਕਿਹਾ ਸੀ ਕਿ ਜਸ਼ਨਦੀਪ ਸਿੰਘ ਅਤੇ ਅਰਸ਼ਦੀਪ ਸਿੰਘ ਪੁੱਤਰ ਬਲਵੰਤ ਸਿੰਘ ਵਾਸੀ ਚੱਕ ਜੰਡ ਵਾਲਾ ਜੋਈਆ ਉਰਫ ਮੌਲਵੀਵਾਲਾ ਨੇ ਉਸਦੀ ਕੁੜੀ ਦੀ ਵੀਡੀਓ ਬਣਾ ਕੇ ਬੇਇੱਜ਼ਤੀ ਕਰਨ ਖਾਤਰ ਵਾਇਰਲ ਕਰ ਦਿੱਤੀ

## ਨਸ਼ੀਲੀਆਂ ਗੋਲੀਆਂ ਸਮੇਤ 50 ਹਜਾਰ ਡਰੱਗ ਮਨੀ ਸਣੇ ਇਕ ਵਿਅਕਤੀ ਗ੍ਰਿਫਤਾਰ

ਸੈਲਾ ਖੁਰਦ 7 ਮਾਰਚ। ਸਥਾਨਕ ਪੁਲਸ ਨੇ ਇਕ ਵਿਆਕਤੀ ਨੂੰ 630 ਨਸੀਲੀਆਂ ਗੋਲੀਆਂ ਅਤੇ ਕਰੀਬ 50 ਹਜਾਰ ਰੁਪਏ ਡਰੱਗ ਮਨੀ ਸਮੇਤ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ। ਪੁਲਸ ਵੱਲੋ ਨਸ਼ਿਆਂ ਖ਼ਿਲਾਫ ਚਲਾਈ ਵਿਸੇਸ ਮੁਹਿੰਮ ਤਹਿਤ ਬਲਜਿੰਦਰ ਸਿੰਘ ਮੁੱਖ ਅਫਸਰ ਥਾਣਾ ਮਾਹਿਲਪੁਰ ਦੀ ਦੇਖ ਰੇਖ ਹੇਠ ਏ. ਐੱਸ. ਆਈ. ਉਕਾਂਰ ਸਿੰਘ ਇੰਚਾਰਜ ਚੌਂਕੀ ਸੈਲਾ ਖੁਰਦ ਵੱਲੋਂ ਨਾਕਾਬੰਦੀ ਅਤੇ ਚੈਕਿੰਗ ਦੌਰਾਨ ਪੱਦੀ ਪੋਅ ਵਿਖੇ ਮੌਜੂਦ ਸੀ ਤਾਂ ਪਿੰਡ ਦਦਿਆਲ ਸਾਇਡ ਤੋਂ ਪੈਦਲ ਆ ਰਹੇ ਮੌਨੇ ਵਿਅਕਤੀ ਨੂੰ ਕਾਬੂ ਕਰਕੇ ਨਾਮ, ਪਤਾ ਪੁੱਛਿਆ। ਉਸ ਦੇ ਆਪਣਾ ਨਾਮ ਸਰਬਜੀਤ ਸਿੰਘ ਪੁੱਤਰ ਗੁਰਦਿਆਲ ਸਿੰਘ ਵਾਸੀ ਜੱਸੋਵਾਲ ਥਾਣਾ ਮਾਹਿਲਪੁਰ ਦੱਸਿਆ ਦੇ ਸੱਜੇ ਹੱਥ ਵਿੱਚ ਫੜੇ ਲਿਫਾਫਾ ਮੋਮੀ ਚੈੱਕ ਕਰਨ ‘ਤੇ ਉਸ ਵਿੱਚੋਂ ਖੁੱਲ੍ਹੀਆ ਨਸੀਲੀਆਂ ਗੋਲੀਆਂ ਕੁੱਲ 630 ਅਤੇ 50,200/-ਰੁਪਏ ਡਰੱਗ ਮਨੀ ਬਰਾਮਦ ਕੀਤੀ ਗਈ। ਉਸ ਦੇ ਖ਼ਿਲਾਫ ਮੁੱਕਦਮਾ ਥਾਣਾ ਮਾਹਿਲਪੁਰ ਦਰਜ ਕਰ ਦਿੱਤਾ ਗਿਆ ਹੈ।

## ਕਾਂਗਰਸੀ ਸਾਂਸਦ ਰਵਨੀਤ ਬਿੱਟੂ ਨੂੰ ਪੁਲਸ ਨੇ ਹਿਰਾਸਤ ’ਚ ਲਿਆ

ਲੁਧਿਆਣਾ 7 ਮਾਰਚ। ਲੁਧਿਆਣਾ ਵਿਚ ਕਾਂਗਰਸ ਸਾਂਸਦ ਰਵਨੀਤ ਬਿੱਟੂ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ ਹੈ। ਉਨ੍ਹਾਂ ਨੇ ਕੁੱਝ ਦਿਨ ਪਹਿਲਾਂ ਨਗਰ ਨਿਗਮ ਦੇ ਦਫਤਰ ਨੂੰ ਤਾਲਾ ਲਗਾਇਆ ਸੀ। ਇਸ ਤੋਂ ਬਾਅਦ ਉਨ੍ਹਾਂ ਖ਼ਿਲਾਫ ਐੱਫ. ਆਈ. ਆਰ ਦਰਜ ਕੀਤੀ ਗਈ ਸੀ। ਬਿੱਟੂ ਨੇ ਐਲਾਨ ਕੀਤਾ ਸੀ ਕਿ ਉਹ ਪੰਜ ਮਾਰਚ ਨੂੰ ਗ੍ਰਿਫਤਾਰੀ ਦੇਣਗੇ, ਜਿਸ ਤੋਂ ਬਾਅਦ ਅੱਜ ਭਾਰੀ ਗਿਣਤੀ ਵਿਚ ਉਹ ਆਪਣੇ ਸਮਰਥਕਾਂ ਨਾਲ ਡੀ. ਸੀ. ਦਫਤਰ ਦੇ ਬਾਹਰ ਆ ਗਏ। ਉਨ੍ਹਾਂ ਨਾਲ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਵੀ ਮੌਜੂਦ ਸਨ। ਮਾਹੌਲ ਤਣਾਅਪੂਰਨ ਹੁੰਦਾ ਦੇਖ ਉਥੇ ਭਾਰੀ ਗਿਣਤੀ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ ਸੀ। ਇਸ ਦੌਰਾਨ ਪੁਲਸ ਨੇ ਰਵਨੀਤ ਬਿੱਟੂ ਨੂੰ ਹਿਰਾਸਤ ਵਿਚ ਲੈ ਲਿਆ।

## ਭੈਣ ਨੂੰ ਛੱਡਣ ਦਾ ਬਦਲਾ ਲੈਣ ਲਈ ਭਰਾਵਾਂ ਨੇ ਰਚੀ ਸਾਜਿਸ਼, ਐਡਵੋਕੇਟ ਦੇ ਕਤਲ ਲਈ ਦਿੱਤੀ ਲੱਖਾਂ ਦੀ ਸੁਪਾਰੀ

ਲੁਧਿਆਣਾ 6 ਮਾਰਚ। ਦੁੱਗਰੀ ਫੇਸ-1 ਵਿਚ ਐਡਵੋਕੇਟ ਸੁਖਮੀਤ ਭਾਟੀਆ ’ਤੇ ਫਾਇਰਿੰਗ ਕਰਨ ਦੇ ਦੋਸ਼ ’ਚ ਥਾਣਾ ਦੁੱਗਰੀ ਦੀ ਪੁਲਸ ਨੇ 5 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲਸ ਨੇ ਮੁਲਜ਼ਮਾਂ ਤੋਂ 3 ਪਿਸਤੌਲ, ਵਾਰਦਾਤ ਦੌਰਾਨ ਵਰਤੀ ਗਈ ਕਾਰ ਅਤੇ 4 ਮੋਬਾਇਲ ਬਰਾਮਦ ਕੀਤੇ ਹਨ। ਮੁਲਜ਼ਮਾਂ ਦੀ ਪਛਾਣ ਮੋਹਿਤ ਵਰਮਾ, ਕਮਲ ਵਰਮਾ, ਟੀਨੂ ਆਨੰਦ, ਹਰਮਨ ਸਿੰਘ, ਗੁਰਪ੍ਰੀਤ ਸਿੰਘ ਗੋਪੀ ਵਜੋਂ ਹੋਈ ਹੈ, ਜਦਕਿ ਇਸ ਮਾਮਲੇ ’ਚ ਪਹਿਲਾਂ ਹੀ ਨਾਮਜ਼ਦ ਕੀਤੇ ਗਏ ਮੁਲਜ਼ਮ ਮਨਦੀਪ ਸਿੰਘ ਗੁਲਾਟੀ ਉਸ ਦਾ ਭਰਾ ਸੁਖਵਿੰਦਰ ਸਿੰਘ ਗੁਲਾਟੀ ਅਤੇ ਐਡਵੋਕੇਟ ਦੀ ਪਤਨੀ ਗਗਨਦੀਪ ਕੌਰ ਪੁਲਸ ਗ੍ਰਿਫਤ ਤੋਂ ਬਾਹਰ ਹੈ, ਜਿਨ੍ਹਾਂ ਦੀ ਭਾਲ ’ਚ ਪੁਲਸ ਰੇਡ ਮਾਰ ਰਹੀ ਹੈ। ਜੁਆਇੰਟ ਪੁਲਸ ਕਮਿਸ਼ਨਰ ਜਸਕਰਨ ਸਿੰਘ ਤੇਜਾ ਸਿੰਘ ਨੇ ਦੱਸਿਆ ਕਿ ਮੁਲਜਮਾਂ ਨੂੰ ਫੜਨ ਲਈ ਏ. ਡੀ. ਸੀ. ਪੀ. ਦੇਵ ਸਿੰਘ, ਏ. ਡੀ. ਸੀ. ਪੀ. ਇਨਵੈਸਟੀਗੇਸ਼ਨ ਅਮਨਦੀਪ ਸਿੰਘ ਬਰਾੜ, ਏ. ਸੀ. ਪੀ. ਗੁਰਇਕਬਾਲ ਸਿੰਘ ਅਤੇ ਏ. ਸੀ. ਪੀ. ਇਨਵੈਸਟੀਗੇਸ਼ਨ ਅਮਨਦੀਪ ਸਿੰਘ ਅਤੇ ਇੰਸ. ਅਮਨਦੀਪ ਸਿੰਘ ਬਰਾੜ ਦੀ ਟੀਮ ਮਾਮਲੇ ਨੂੰ ਲੈ ਕੇ ਸਾਈਂਟੀਫਿਕ ਅਤੇ ਟੈਕਨੀਕਲ ਢੰਗ ਨਾਲ ਜਾਂਚ ਕਰ ਰਹੀ ਹੈ। ਇਸ ਦੌਰਾਨ ਪੁਲਸ ਨੇ ਦੋਵੇਂ ਮੁਲਜ਼ਮਾਂ ਮੋਹਿਤ ਵਰਮਾ ਅਤੇ ਟੀਨੂ ਆਨੰਦ ਨੂੰ ਬੰਗਲੌਰ ਤੋਂ ਅਤੇ ਹੋਰ ਨੂੰ ਲੁਧਿਆਣਾ ਤੋਂ ਵੱਖ-ਵੱਖ ਸਥਾਨਾਂ ਤੋਂ ਕਾਬੂ ਕਰ ਲਿਆ। ਪੁੱਛਗਿੱਛ ਦੌਰਾਨ ਟੀਨੂ ਆਨੰਦ ਨੇ ਦੱਸਿਆ ਕਿ ਉਹ ਸੁਖਮਿੰਦਰ ਸਿੰਘ ਗੁਲਾਟੀ ਉਰਫ ਵਿਨੋਦ ਨਾਲ ਪਹਿਲਾਂ ਵੀਜਾ ਲਗਵਾਉਣ ਦਾ ਕੰਮ ਕਰਦਾ ਸੀ। ਮੁਲਜ਼ਮ ਸੁਖਵਿੰਦਰ ਸਿੰਘ ਨੇ ਦਸੰਬਰ ਮਹੀਨੇ ’ਚ ਉਸ ਦੀ ਗੱਲਬਾਤ ਆਪਣੇ ਸਾਲੇ ਰੋਹਿਤ ਵਰਮਾ ਨਾਲ ਕਰਵਾਈ ਸੀ। ਸੁਖਵਿੰਦਰ ਸਿੰਘ ਨੇ ਦੱਸਿਆ ਸੀ ਕਿ ਉਸ ਦੀ ਭੈਣ ਗਗਨਦੀਪ ਕੌਰ ਦਾ ਵਿਆਹ ਸੁਖਮੀਤ ਸਿੰਘ ਐਡਵੋਕੇਟ ਨਾਲ ਹੋਇਆ ਸੀ। ਦੋਵਾਂ ਵਿਚਕਾਰ ਆਪਸੀ ਝਗੜਾ ਰਹਿੰਦਾ ਸੀ। ਉਸ ਦੀ ਭੈਣ ਨੂੰ ਐਡਵੋਕੇਟ ਨੇ ਛੱਡ ਕੇ ਉਸ ਦੀ ਜ਼ਿੰਦਗੀ ਖਰਾਬ ਕਰ ਦਿੱਤੀ, ਜਿਸ ਦਾ ਉਸ ਨੇ ਬਦਲਾ ਲੈਣਾ ਹੈ। ਪੈਸਿਆਂ ਦੇ ਲਾਲਚ ਵਿਚ ਆ ਕੇ ਉਹ ਉਨ੍ਹਾਂ ਦਾ ਸਾਥ ਦੇਣ ਲਈ ਤਿਆਰ ਹੋ ਗਏ। ਇਹ ਕੰਮ ਕਰਨ ਲਈ ਉਨ੍ਹਾਂ ਨੇ ਮੁਲਜਮ ਹਰਮਨ ਸਿੰਘ ਨਾਲ ਮੁਲਾਕਾਤ ਕੀਤੀ। ਇਸ ਦੌਰਾਨ ਸੁਖਵਿੰਦਰ ਸਿੰਘ ਨੇ 5 ਪਿਸਤੌਲਾਂ ਅਤੇ 25 ਜ਼ਿਦਾ ਕਾਰਤੂਸਾਂ ਦਾ ਇੰਤਜਾਮ ਕਰ ਲਿਆ। ਹਥਿਆਰਾਂ ਦਾ ਪ੍ਰਬੰਧ ਹੋਣ ’ਤੇ ਮੋਹਿਤ ਵਰਮਾ ਨੇ ਦੋਬਾਰਾ ਹਰਮਨ ਸਿੰਘ ਨਾਲ ਮੁਲਾਕਾਤ ਕੀਤੀ, ਜਿਸ ਨੇ ਕਿਹਾ ਕਿ ਉਸ ਦੇ ਨਾਲ ਸੋਨੀ ਉਰਫ ਚੱਪਾ ਅਤੇ ਦੀਪ ਹਨ ਉਨ੍ਹਾਂ ਦੇ ਨਾਲ ਗੱਲ ਤੈਅ ਹੋ ਗਈ। ਇਸ ਦੇ ਲਈ ਇਕ ਗੱਡੀ ਅਤੇ ਡਰਾਈਵਰ ਉਪਲੱਬਧ ਕਰਵਾ ਦੇਣਾ ਅਤੇ ਇਸ ਦੇ ਲਈ 20 ਲੱਖ ਰੁਪਏ ’ਚ ਸੌਦਾ ਤੈਅ ਹੋ ਗਿਆ, ਜਿਸ ’ਤੇ ਸੁਖਵਿੰਦਰ ਸਿਘ ਨੇ ਕਿਹਾ ਕਿ ਕੰਮ ਹੋਣ ਤੋਂ ਬਾਅਦ ਖਾਤੇ ’ਚ 20 ਲੱਖ ਰੁਪਏ ਟਰਾਂਸਫਰ ਕਰਵਾ ਦਿੱਤਾ ਜਾਵੇਗਾ। ਯੋਜਨਾ ਬਣਾ ਕੇ 2 ਫਰਵਰੀ ਨੂੰ ਸੁਖਵਿੰਦਰ ਆਪਣੇ ਪਰਿਵਾਰ ਅਤੇ ਮਾਪਿਆਂ ਨਾਲ ਦੁਬਈ ਚਲਾ ਗਿਆ। ਉਹ ਖੁਦ ਕਿਰਾਏ ’ਤੇ ਹੋਟਲ ਦਾ ਕਮਰਾ ਲੈ ਕੇ ਲੁਧਿਆਣਾ ਰਹਿਣ ਲੱਗ ਪਿਆ ਤਾਂ ਜੋ ਕੰਮ ਹੋਣ ’ਤੇ ਰਕਮ ਅਦਾ ਕਰਕੇ ਨਿਕਲ ਸਕੇ। ਐਡਵੋਕੇਟ ਸੁਖਮੀਤ ਭਾਟੀਆ ਨੇ ਪੁਲਸ ਨੂੰ ਦਿੱਤੇ ਆਪਣੇ ਬਿਆਨ ’ਚ ਦੱਸਿਆ ਸੀ ਕਿ ਜਦੋਂ ਉਹ ਭਾਣਜੇ ਨਾਲ ਦੁੱਗਰੀ ਫੇਜ-1 ਤੋਂ ਐੱਮ. ਜੀ. ਐੱਮ. ਸਕੂਲ ਨੇੜੇ ਜਾ ਰਿਹਾ ਸੀ ਤਾਂ ਪਿੱਛੇ ਆ ਰਹੀ ਮੈਗਨਿਟ ਸਫੈਦ ਰੰਗ ਦੀ ਕਾਰ ਤੇਜ ਰਫਤਾਰ ਨਾਲ ਆਈ ਤਾਂ ਉਸ ਨੇ ਆਪਣੀ ਕਾਰ ਦੀ ਰਫਤਾਰ ਘਟਾ ਦਿੱਤੀ ਅਤੇ ਉਹ ਕਾਰ ਅੱਗੇ ਨਿਕਲ ਗਈ ਅਤੇ ਬਰਾਬਰ ’ਤੇ ਲਿਆ ਕੇ ਉਸ ’ਤੇ ਫਾਇਰਿੰਗ ਕਰ ਦਿੱਤੀ। ਉਸ ਦਾ ਆਪਣੇ ਸਹੁਰਿਆਂ ਨਾਲ ਝਗੜਾ ਚੱਲ ਰਿਹਾ ਹੈ। ਪੁਲਸ ਨੇ ਜਾਂਚ ਤੋਂ ਬਾਅਦ ਉਸ ਦੀ ਪਤਨੀ ਗਗਨਦੀਪ ਕੌਰ, ਸੁਖਵਿੰਦਰ ਸਿੰਘ ਅਤੇ ਮਨਦੀਪ ਸਿੰਘ ਖ਼ਿਲਾਫ ਕੇਸ ਦਰਜ ਕੀਤਾ ਗਿਆ ਸੀ।



ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਰਣਜੀਤ ਐਵੇਨਿਊ ਚੋਰੀ ਦੇ ਮਾਮਲਿਆਂ 'ਚ ਪਹਿਲੇ ਨੰਬਰ 'ਤੇ, ਪੁਲਸ ਦੀ ਕਾਰਵਾਈ ਸ਼ੱਕ ਦੇ ਘੇਰੇ 'ਚ

ਅੰਮ੍ਰਿਤਸਰ 7 ਮਾਰਚ। ਪਿਛਲੇ ਕੁਝ ਸਮੇਂ ਤੋਂ ਸਹਿਰ ਵਿਚ ਵਾਹਨ ਚੋਰੀ ਦੀਆਂ ਵਾਰਦਾਤਾਂ ਵਿਚ ਭਾਰੀ ਵਾਧਾ ਹੋਇਆ ਹੈ। ਵਾਹਨ ਚੋਰੀ ਦੇ ਗ੍ਰਾਫ ਵਿਚ ਲਗਾਤਾਰ ਵਾਧਾ ਹੋਣ ਕਾਰਨ ਪੁਲਸ ਪ੍ਰਸਾਸਨ ਦੀ ਕਾਰਜਪ੍ਰਣਾਲੀ ਸੱਕ ਦੇ ਘੇਰੇ ਵਿਚ ਆਉਂਦੀ ਨਜਰ ਆ ਰਹੀ ਹੈ। ਦੂਜੇ ਪਾਸੇ ਜੇਕਰ ਪੁਲਸ ਦੀ ਗੱਲ ਕਰੀਏ ਤਾਂ ਪੁਲਸ ਪ੍ਰਸਾਸਨ ਸਹਿਰ ਵਿਚ ਅਮਨ-ਕਾਨੂੰਨ ਨੂੰ ਪੂਰੀ ਤਰ੍ਹਾਂ ਨਾਲ ਠੀਕ ਰੱਖਣ ਦੇ ਵੱਡੇ-ਵੱਡੇ ਦਾਅਵੇ ਕਰਦਾ ਨਹੀਂ ਥੱਕਦਾ, ਪਰ ਅਸਲੀਅਤ ਕੀ ਹੈ, ਇਹ ਸਾਇਦ ਕਿਸੇ ਤੋਂ ਲੁਕਿਆ ਨਹੀਂ ਹੈ। ਜੇਕਰ ਪਿਛਲੇ ਕੁਝ ਸਮੇਂ ਦੀ ਗੱਲ ਕਰੀਏ ਤਾਂ ਕਾਰ ਚੋਰੀ ਦੀਆਂ ਘਟਨਾਵਾਂ ਆਮ ਤੌਰ 'ਤੇ ਦਿਨ ਵਿਚ ਦੋ-ਤਿੰਨ ਵਾਰ ਘੱਟ ਰਹੀਆਂ ਹਨ। ਜੇਕਰ ਦੋ ਪਹੀਆ ਵਾਹਨਾਂ ਦੀ ਗੱਲ ਕਰੀਏ ਤਾਂ ਆਮ ਤੌਰ 'ਤੇ ਦਿਨ ਵਿਚ 7-8 ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸੂਤਰਾਂ ਤੋਂ ਪਤਾ ਲੱਗਾ ਹੈ ਕਿ ਰਣਜੀਤ ਐਵੇਨਿਊ ਇਲਾਕਾ ਵਾਹਨ ਚੋਰੀ ਦੀਆਂ ਘਟਨਾਵਾਂ ਦੇ ਮਾਮਲੇ ਵਿਚ ਸਹਿਰ ਵਿਚ ਸਭ ਤੋਂ ਵੱਧ ਹਨ। ਇੱਥੇ ਰੋਜਾਨਾ ਚਾਰ-ਪੰਜ ਵਾਹਨ ਚੋਰੀ ਦੀਆਂ ਘਟਨਾਵਾਂ ਸੁਣਨ ਨੂੰ ਮਿਲ ਰਹੀਆਂ ਹਨ। ਦੂਜੇ ਪਾਸੇ ਜਿ਼ਆਦਾਤਰ ਲੋਕਾਂ ਦਾ ਕਹਿਣਾ ਹੈ ਕਿ ਪੁਲਸ ਵੀ ਫਿਲਹਾਲ ਵਾਹਨ ਚੋਰੀ ਦੇ ਕੇਸ ਦਰਜ ਕਰਨ ਤੋਂ ਆਨਾਕਾਨੀ ਕਰਦੀ ਹੈ। ਜੇਕਰ ਕਿਸੇ ਦਾ ਵਾਹਨ ਚੋਰੀ ਹੋ ਜਾਂਦਾ ਹੈ ਤਾਂ ਪੁਲਸ ਸਿ਼ਕਾਇਤ ਕਰਤਾ ਤੋਂ ਸਿ਼ਕਾਇਤ ਲਿਖਵਾ ਕੇ ਆਪਣੇ ਕੋਲ ਰੱਖ ਲੈਂਦੀ ਹੈ ਅਤੇ ਦੋ-ਤਿੰਨ ਦਿਨਾਂ ਬਾਅਦ ਮਾਮਲਾ ਦਰਜ ਹੋਣ ਦਾ ਹਵਾਲਾ ਦੇ ਕੇ ਵਾਪਸ ਭੇਜ ਦਿੰਦੀ ਹੈ। ਲੋਕਾਂ ਦਾ ਕਹਿਣਾ ਹੈ ਕਿ ਪੁਲਸ ਸਿ਼ਕਾਇਤ ਕਰਤਾ ਨੂੰ ਇਹ ਦਲੀਲ ਦਿੰਦੀ ਹੈ ਕਿ ਜੇਕਰ ਉਹ ਮਾਮਲਾ ਦਰਜ ਕਰ ਲੈਂਦੀ ਹੈ ਅਤੇ ਜੇਕਰ ਇਸ ਦੌਰਾਨ ਚੋਰੀ ਹੋਈ ਗੱਡੀ ਕਿਸੇ ਤਰ੍ਹਾਂ ਮਿਲ ਜਾਂਦੀ ਹੈ ਤਾਂ ਵਾਹਨ ਦੇ ਮਾਲਕ ਨੂੰ ਮਾਣਯੋਗ ਅਦਾਲਤ ਤੋਂ ਸਾਪੁਰਦਾਰੀ ਤੋਂ ਲੈਣੀ ਪੈਂਦੀ ਹੈ, ਜਿਸ ਦੀ ਪ੍ਰਕਿਰਿਆ ਕਾਫੀ ਲੰਮੀ ਚੱਲਦੀ ਹੈ, ਸਮਾਂ ਲੱਗਦਾ ਹੈ, ਪਰ ਹਰ ਕੋਈ ਜਾਣਦਾ ਹੈ ਕਿ ਜੇਕਰ ਕੋਈ ਵਾਹਨ ਚੋਰੀ ਹੋ ਜਾਵੇ ਤਾਂ ਦੋ-ਤਿੰਨ ਦਿਨਾਂ ਵਿਚ ਵਾਪਸ ਮਿਲਣਾ ਮੁਸਕਲ ਹੈ। ਅਜੋਕੇ ਸਮੇਂ ਦੀ ਗੱਲ ਕਰੀਏ ਤਾਂ ਅੱਜ ਦੇ ਤੇਜੀ ਦੇ ਯੁੱਗ ਵਿਚ ਕਾਰਾਂ ਅਤੇ ਦੋਪਹੀਆ ਵਾਹਨ ਹੁਣ ਲਗਜਰੀ ਨਹੀਂ ਸਗੋਂ ਲੋੜ ਬਣ ਗਏ ਹਨ। ਜੇਕਰ ਪੰਦਰਾਂ-ਵੀਹ ਸਾਲ ਪਹਿਲਾਂ ਦੀ ਗੱਲ ਕਰੀਏ ਤਾਂ ਘਰ ਵਿਚ ਕਾਰ ਰੱਖਣਾ ਇਕ ਲਗਜਰੀ ਸਮਝਿਆ ਜਾਂਦਾ ਸੀ ਅਤੇ ਮੱਧ ਵਰਗ ਦੇ ਲੋਕਾਂ ਕੋਲ ਵੀ ਦੋ ਪਹੀਆ ਵਾਹਨ ਸਨ। ਪਿਛਲੇ ਸਾਲਾਂ ਦੌਰਾਨ, ਜਦੋਂ ਤੋਂ ਬੈਂਕਾਂ ਅਤੇ ਹੋਰ ਨਿੱਜੀ ਵਾਹਨ ਕੰਪਨੀਆਂ ਨੇ ਦੋਪਹੀਆ ਅਤੇ ਚਾਰ ਪਹੀਆ ਵਾਹਨ ਆਸਾਨ ਕਿਸਤਾਂ ਵਿਚ ਦੇਣ ਦੀ ਵਿਵਸਥਾ ਕੀਤੀ ਹੈ, ਵਾਹਨ ਖਰੀਦਣ ਦੇ ਮਾਮਲਿਆਂ ਵਿਚ ਬਹੁਤ ਵਾਧਾ ਹੋਇਆ ਹੈ। ਹੁਣ ਸਥਿਤੀ ਇਹ ਹੈ ਕਿ ਦੋ ਪਹੀਆ ਵਾਹਨ ਹੇਠਲੇ ਅਤੇ ਹਰ ਵਰਗ ਦੇ ਲੋਕਾਂ ਦੀ ਜਰੂਰਤ ਬਣ ਗਏ ਹਨ। ਹੁਣ ਵਾਹਨ ਚੋਰੀ ਦੀ ਗੱਲ ਕਰੀਏ ਤਾਂ ਪਿਛਲੇ ਕੁਝ ਸਾਲਾਂ ਤੋਂ ਵਾਹਨ ਚੋਰੀ ਦੀਆਂ ਘਟਨਾਵਾਂ ਆਮ ਹੋ ਰਹੀਆਂ ਹਨ। ਇਨ੍ਹਾਂ ਵਿਚੋਂ ਬਹੁਤੇ ਕੇਸਾਂ ਵਿਚ ਪੁਲਸ ਕੇਸ ਦਰਜ ਕਰਨ ਤੋਂ ਸਿਵਾਏ ਕੁਝ ਨਹੀਂ ਕਰ ਪਾਉਂਦੀ। ਹੈਰਾਨੀਜਨਕ ਪਹਿਲੂ ਇਹ ਹੈ ਕਿ ਪੁਲਸ ਵਿਭਾਗ ਵਿਚ ਵੱਡੀ ਫੋਰਸ ਹੋਣ ਦੇ ਬਾਵਜੂਦ ਪੁਲਸ ਚੋਰੀ ਦੀਆਂ ਜਿ਼ਆਦਾਤਰ ਵਾਰਦਾਤਾਂ ਨੂੰ ਹੱਲ ਕਰਨ ਵਿਚ ਅਸਮਰਥ ਸਾਬਤ ਹੋ ਰਹੀ ਹੈ। ਪੁਲਸ ਨੇ ਪੜ੍ਹੇ-ਲਿਖੇ ਤੇ ਸੂਝਵਾਨ ਮੁਲਾਜਮਾਂ ਦੀ ਨਵੀਂ ਭਰਤੀ ਕੀਤੀ ਹੈ, ਪਰ ਅਪਰਾਧ ਕਰਨ ਵਾਲੇ ਸਰਾਰਤੀ ਅਨਸਰ ਪੁਲਸ ਮੁਲਾਜਮਾਂ ਨਾਲੋਂ ਵੱਧ ਸਾਬਤ ਹੁੰਦੇ ਨਜਰ ਆ ਰਹੇ ਹਨ। ਅਜਿਹੇ ਅਪਰਾਧੀ ਅਨਸਰਾਂ ਦਾ ਸੁਰਾਗ ਲਗਾਉਣਾ ਪੁਲਸ ਲਈ ਇੱਕ ਦੂਰ ਦਾ ਸੁਫਨਾ ਜਾਪਦਾ ਹੈ। ਦੂਜੇ ਪਾਸੇ ਇਹ ਵਾਹਨ



ਚੋਰ ਇੰਨੇ ਤੇਜ-ਤਰਾਰ ਅਤੇ ਮਾਹਿਰ ਹਨ ਕਿ ਅੱਖ ਝਪਕਦਿਆਂ ਹੀ ਕਿਸੇ ਵੀ ਵਾਹਨ ਦਾ ਤਾਲਾ ਤੋੜ ਦਿੰਦੇ ਹਨ ਜਾਂ ਕਿਸੇ ਮਾਸਟਰ ਚਾਬੀ ਨਾਲ ਖੋਲ ਕੇ ਵਾਹਨ ਲੈ ਕੇ ਫਰਾਰ ਹੋ ਜਾਂਦੇ ਹਨ। ਸੂਤਰਾਂ ਦੀ ਮੰਨੀਏ ਤਾਂ ਅੰਮ੍ਰਿਤਸਰ ਵਿਚ ਅਜਿਹੇ ਦਰਜਨਾਂ ਵਾਹਨ ਚੋਰੀ ਕਰਨ ਵਾਲੇ ਗਰੋਹ ਸਰਗਰਮ ਹਨ, ਜੋ ਪਲਕ ਝਪਕਦੇ ਹੀ ਵਾਹਨ ਚੋਰੀ ਕਰ ਲੈਂਦੇ ਹਨ ਅਤੇ ਫਰਾਰ ਹੋ ਜਾਂਦੇ ਹਨ ਕਿ ਉਨ੍ਹਾਂ ਦੀ ਪਛਾਣ ਕਰਨਾ ਜਾਂ ਚੋਰੀ ਹੋਏ ਵਾਹਨ ਦਾ ਪਤਾ ਲਗਾਉਣਾ ਪੁਲਸ ਦੇ ਵੱਸ ਤੋਂ ਵੀ ਬਾਹਰ ਹੈ। ਇਹ ਗੱਲ ਸਾਹਮਣੇ ਆਈ ਹੈ ਕਿ ਸਹਿਰ ਵਿਚ ਵਾਹਨਾਂ ਦੇ ਕਈ ਸਕਰੈਪ ਡੀਲਰ ਹਨ ਜਿਨ੍ਹਾਂ ਦਾ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਨ੍ਹਾਂ ਵਾਹਨ ਚੋਰ ਗਿਰੋਹ ਨਾਲ ਸਬੰਧ ਹੈ। ਇਹ ਸਰਾਰਤੀ ਚੋਰ ਸਹਿਰ ਦੇ ਵੱਖ-ਵੱਖ ਇਲਾਕਿਆਂ ਵਿਚੋਂ ਵਾਹਨ ਚੋਰੀ ਕਰ ਕੇ ਇਨ੍ਹਾਂ ਕਬਾੜਖਾਨਿਆਂ ਵਿਚ ਆ ਜਾਂਦੇ ਹਨ ਅਤੇ ਚੋਰੀ ਕੀਤੇ ਵਾਹਨਾਂ ਨੂੰ ਮੋਟੀਆਂ ਰਕਮਾਂ ਵਿਚ ਵੇਚ ਦਿੰਦੇ ਹਨ। ਅੰਮ੍ਰਿਤਸਰ ਵਿਚ ਵੀ ਇਕ-ਦੋ ਬਾਜਾਰ ਅਜਿਹੇ ਹਨ, ਜਿੱਥੇ ਸਬੰਧਤ ਵਾਹਨਾਂ ਦਾ ਸੈਕਿੰਡ ਹੈਂਡ ਸਾਮਾਨ ਬਾਜਾਰ ਨਾਲੋਂ ਕਾਫੀ ਸਸਤੇ ਭਾਅ 'ਤੇ ਮਿਲਦਾ ਹੈ। ਅਸਲ ਵਿਚ ਲੋਕਾਂ ਨੂੰ ਇਹ ਨਹੀਂ ਪਤਾ ਕਿ ਅਜਿਹੇ ਜਿ਼ਆਦਾਤਰ ਪਾਰਟਸ ਚੋਰੀ ਦੇ ਵਾਹਨਾਂ ਦੇ ਹੁੰਦੇ ਹਨ। ਸੂਤਰਾਂ ਦਾ ਕਹਿਣਾ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਚੋਰਾਂ ਦਾ ਇਹ ਕਾਰੋਬਾਰ ਲੱਖਾਂ ਰੁਪਏ ਨਹੀਂ, ਸਗੋਂ ਕਈ ਕਰੋੜ ਰੁਪਏ ਤੱਕ ਪਹੁੰਚ ਗਿਆ ਹੈ। ਇਸ ਦੇ ਨਾਲ ਹੀ ਭਰੋਸੇਯੋਗ ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਸਕਰੈਪ ਡੀਲਰਾਂ ਦੀ ਪੁਲਸ ਅਧਿਕਾਰੀਆਂ ਨਾਲ ਬਹੁਤ ਚੰਗੀ ਅੰਦਰੂਨੀ ਸਾਂਝ ਹੈ। ਪਿਛਲੇ ਸਮੇਂ ਦੌਰਾਨ ਜਿ਼ਆਦਾਤਰ ਚੋਰੀ ਦੀਆਂ ਵਾਰਦਾਤਾਂ ਵੱਡੀਆ ਅਤੇ ਲਗਜਰੀ ਕਾਰਾਂ ਅਤੇ ਮੋਟਰਸਾਈਕਲਾਂ (ਖਾਸ ਕਰ ਕੇ ਸਪਲੈਂਡਰ ਅਤੇ ਐਕਟਿਵਾ) ਤੋਂ ਹੋਈਆਂ ਹਨ। ਇਹ ਚੋਰ ਜਿ਼ਆਦਾਤਰ ਉਹ ਵਾਹਨ ਚੋਰੀ ਕਰਦੇ ਹਨ, ਜਿਨ੍ਹਾਂ ਦੀ ਬਾਜਾਰ ਵਿਚ ਸਭ ਤੋਂ ਜਿ਼ਆਦਾ ਮੰਗ ਹੁੰਦੀ ਹੈ। ਹੁਣ ਇਨ੍ਹਾਂ ਚੋਰਾਂ ਦੇ ਹੌਂਸਲੇ ਇੰਨੇ ਬੁਲੰਦ ਹੋ ਗਏ ਹਨ ਕਿ ਉਹ ਦਿਨ-ਦਿਹਾੜੇ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਹਨ ਅਤੇ ਪੁਲਸ ਸਿਰਫ ਹੱਥ ਮਲਦੀ ਹੀ ਰਹਿ ਜਾਂਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਚੋਰਾਂ ਦਾ ਨਿਸਾਨਾ ਵਿਅਸਤ ਅਤੇ ਪਾਸ ਖੇਤਰ ਹਨ, ਜਿੱਥੇ ਇਹ ਸਰਾਰਤੀ ਚੋਰ ਅਤੇ ਲੁਟੇਰੇ ਪਹਿਲਾਂ ਪੂਰੀ ਤਰ੍ਹਾਂ ਰੈਕੀ ਕਰਦੇ ਹਨ। ਰਣਜੀਤ ਐਵੇਨਿਊ ਬੀ-ਬਲਾਕ ਸਥਿਤ ਜਿ਼ਲਾ ਕੇਂਦਰ (ਡੀ. ਐੱਸ. ਜੀ.) ਦੋਪਹੀਆ ਵਾਹਨ ਚੋਰੀ ਦੇ ਮਾਮਲਿਆਂ ਵਿਚ ਜਿ਼ਲੇ ਵਿਚ ਪਹਿਲੇ ਨੰਬਰ 'ਤੇ ਆਇਆ ਹੈ। ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਕੋਈ ਇਸ ਸਬੰਧੀ ਰਿਪੋਰਟ ਦਰਜ ਕਰਵਾਉਣ ਜਾਂਦਾ ਹੈ ਤਾਂ ਪੁਲਸ ਉਸ ਤੋਂ ਅਜਿਹੇ ਸਵਾਲ ਪੁੱਛਦੀ ਹੈ ਜਿਵੇਂ ਉਹ ਖੁਦ ਚੋਰ ਹੋਵੇ। ਵਾਹਨ ਚੋਰੀ ਦੀਆਂ ਵੱਧਦੀਆਂ ਵਾਰਦਾਤਾਂ ਡੂੰਘੀ ਚਿੰਤਾ ਦਾ ਵਿਸਾ ਬਣ ਗਈਆਂ ਹਨ, ਜਿਸ ਦੇ ਮੱਦੇਨਜਰ ਪੁਲਸ ਨੂੰ ਨਵੀਂ ਯੋਜਨਾ ਲਾਗੂ ਕਰਨੀ ਪਵੇਗੀ। ਦੂਜੇ ਪਾਸੇ ਜੇਕਰ ਪੁਲਸ ਦੀ ਗੱਲ ਕਰੀਏ ਤਾਂ ਉਹ ਵਾਹਨ ਚੋਰਾਂ ਦੇ ਕੁਝ ਗਿਰੋਹਾਂ ਦਾ ਪਰਦਾਫਾਸ ਵੀ ਕਰਦੇ ਹਨ ਪਰ ਇਨ੍ਹਾਂ ਗਿਰੋਹਾਂ ਦੀ ਗਿਣਤੀ ਵੱਡੀ ਹੋਣ ਕਰ ਕੇ ਜੇਕਰ ਫੜੇ ਗਏ ਗਿਰੋਹ ਦੀ ਗਿਣਤੀ ਦੀ ਗੱਲ ਕਰੀਏ ਤਾਂ ਉਹ ਇਸ ਦੇ ਨੇੜੇ-ਤੇੜੇ ਵੀ ਨਹੀਂ ਹਨ। ਇੱਥੇ ਸਵਾਲ ਇਹ ਹੈ ਕਿ ਹੁਣ ਵਾਹਨ ਲੈ ਕੇ ਸਹਿਰ ਵਿਚ ਨਿਕਲਣਾ ਵੀ ਕਿਸੇ ਖਤਰੇ ਤੋਂ ਘੱਟ ਨਹੀਂ ਹੈ। ਇਸ ਸਬੰਧੀ ਜਦੋਂ ਥਾਣਾ ਰਣਜੀਤ ਐਵੇਨਿਊ ਦੀ ਐੱਸ. ਐੱਚ. ਓ. ਮੈਡਮ ਅਮਨਦੀਪ ਕੌਰ ਨੇ ਕਿਹਾ ਕਿ ਇੰਨ੍ਹਾਂ ਮਾਮਲਿਆਂ ਨੂੰ ਲੈ ਕੇ ਪੂਰੇ ਖੇਤਰ ਦੇ ਬਲਾਕਾਂ ਵਿਚ ਪੁਲਸ ਗਸਤ ਵਧਾ ਦਿੱਤੀ ਗਈ ਹੈ। ਪਿਛਲੇ ਮਹੀਨੇ ਚੋਰੀ ਕੀਤੇ ਹੋਏ 15 ਵਾਹਨ ਵੀ ਬਰਾਮਦ ਕੀਤੇ ਗਏ ਹਨ ਅਤੇ ਪੁਲਸ ਨੇ ਕੁਝ ਲੁਟੇਰਿਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਉਨ੍ਹਾਂ ਕਿਹਾ ਕਿ ਥਾਣੇ ਅਧੀਨ ਜੋ ਵੀ ਵਾਹਨ ਚੋਰੀ ਦੇ ਮਾਮਲੇ ਅਧੂਰੇ ਹਨ ਉਨ੍ਹਾਂ 'ਤੇ ਕੰਮ ਕੀਤਾ ਜਾ ਰਿਹਾ ਹੈ,ਜਲਦ ਹੀ ਇੰਨ੍ਹਾਂ ਮਾਮਲਿਆਂ ਨੂੰ ਵੀ ਸੁਲਝਾ ਲਿਆ ਜਾਵੇਗਾ।

## ਪ੍ਰੇਮਿਕਾ ਨੇ ਵਿਆਹ ਤੋਂ ਕੀਤਾ ਇਨਕਾਰ, ਨੌਜਵਾਨ ਨੇ ਖੁਦ ਨੂੰ ਲਗਾਈ ਅੱਗ

ਮੁਜੱਫਰਨਗਰ 7 ਮਾਰਚ। ਉੱਤਰ ਪ੍ਰਦੇਸ਼ ਦੇ ਮੁਜੱਫਰਨਗਰ ਨਾਲ ਲੱਗਦੇ ਸ਼ਾਮਲੀ ਜਿ਼ਲ੍ਹੇ 'ਚ ਪ੍ਰੇਮਿਕਾ ਵਲੋਂ ਵਿਆਹ ਤੋਂ ਇਨਕਾਰ ਕਰਨ ਤੋਂ ਦੁਖੀ ਨੌਜਵਾਨ ਨੇ ਆਤਮਦਾਹ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੰਭੀਰ ਹਾਲਤ



'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਸ਼ਾਮਲੀ ਦੇ ਪੁਲਸ ਸੁਪਰਡੈਂਟ ਅਭਿਸ਼ੇਕ ਨੇ ਮੰਗਲਵਾਰ ਨੂੰ ਦੱਸਿਆ ਕਿ ਵਿਨੇ ਨਾਮੀ 28 ਸਾਲਾ ਨੌਜਵਾਨ ਨੇ ਸੋਮਵਾਰ ਨੂੰ ਮਹਿਲਾ ਪੁਲਸ ਥਾਣੇ ਦੇ ਬਾਹਰ ਖੁਦ ਨੂੰ ਅੱਗ ਲਗਾ ਲਈ। ਇਸ ਘਟਨਾ 'ਚ ਉਸ ਦਾ ਕਰੀਬ 80 ਫੀਸਦੀ ਸਰੀਰ ਸੜ ਗਿਆ ਹੈ ਅਤੇ ਉਸ ਨੂੰ ਨਾਜ਼ੁਕ ਹਾਲਤ 'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਨੇ ਇਕ ਵਿਧਵਾ ਔਰਤ ਨਾਲ ਪ੍ਰੇਮ ਕਰਦਾ ਸੀ ਅਤੇ ਦੋਹਾਂ ਨੇ ਵਿਆਹ ਕਰਨ ਦੀ ਯੋਜਨਾ ਬਣਾਈ ਸੀ। ਹਾਲਾਂਕਿ ਬਾਅਦ 'ਚ ਔਰਤ ਨੇ ਕੁਝ ਕਾਰਨਾਂ ਕਰ ਕੇ ਉਸ ਨਾਲ ਵਿਆਹ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਹ ਪਰੇਸ਼ਾਨ ਸੀ। ਅਭਿਸ਼ੇਕ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

## ਪੰਜਾਬ 'ਚ ਸਰਕਾਰੀ ਬੱਸਾਂ 'ਚ ਸਫਰ ਕਰਨ ਵਾਲਿਆਂ ਲਈ ਅਹਿਮ ਖਬਰ, ਸੋਚ ਸਮਝ ਕੇ ਨਿਕਲਿਓ ਘਰੋਂ

ਚੰਡੀਗੜ੍ਹ 7 ਮਾਰਚ। ਸੂਬੇ ਵਿਚ ਜੇਕਰ ਤੁਸੀਂ ਕੱਲ੍ਹ ਪਨਬੱਸ, ਰੋਡਵੇਜ ਜਾਂ ਪੈਪਸੂ ਦੀ ਬੱਸ ਰਾਹੀਂ ਸਫਰ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ। ਦਰਅਸਲ ਪੰਜਾਬ ਭਰ ਵਿਚ ਪੀ. ਆਰ. ਟੀ.




ਸੀ, ਪਨਬਸ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਚੱਕਾ ਜਾਮ ਕੀਤਾ ਗਿਆ ਹੈ। ਜਿਸ ਦੇ ਚੱਲਦੇ ਕੱਲ੍ਹ ਪੂਰੇ ਸੂਬੇ ਵਿਚ ਬੱਸਾਂ ਦਾ ਚੱਕਾ ਜਾਮ ਰਹੇਗਾ। ਮਿਲੀ ਜਾਣਕਾਰੀ ਮੁਤਾਬਿਕ ਪੀ. ਆਰ. ਟੀ. ਸੀ, ਪਨਬਸ ਯੂਨੀਅਨ ਵਲੋਂ ਪੰਜਾਬ ਸਰਕਾਰ ਖਿ਼ਲਾਫ ਰੋਸ ਜਾਹਿਰ ਕਰਦਿਆਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕੀਤਾ ਹੈ। ਜਿਸ ਦੇ ਚੱਲਦੇ ਪੰਜਾਬ ਦੀਆਂ ਸੜ੍ਹਕਾਂ 'ਤੇ ਦੋ ਦਿਨਾਂ ਤੱਕ ਬੱਸਾਂ ਨਹੀਂ ਦੌੜਨਗੀਆਂ। ਦੱਸ ਦਈਏ ਕਿ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਕੁਝ ਮੰਗਾਂ ਰੱਖੀਆਂ ਗਈਆਂ ਹਨ, ਇਸ ਵਿਚ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ 'ਚ ਵਾਧੇ ਦੀ ਮੰਗ ਵੀ ਰਾਖੀ ਗਈ ਹੈ।

## ਜੀਪ 'ਚ ਸਵਾਰ ਹੋ ਕੇ ਲੇਬਰ ਲੈਣ ਗਏ ਨੌਜਵਾਨ ਨਾਲ ਵਾਪਰਿਆ ਵੱਡਾ ਹਾਦਸਾ, ਰਸਤੇ 'ਚ ਹੋਈ ਟਰੱਕ ਨਾਲ ਟੱਕਰ

ਫਿਰੋਜ਼ਪੁਰ 7 ਮਾਰਚ। ਫਿਰੋਜ਼ਪੁਰ ਦੇ ਪਿੰਡ ਲੋਹਗੜ੍ਹ ਦੇ ਬੱਸ ਸਟੈਂਡ ਨੇੜੇ ਇੱਕ ਅਣਪਛਾਤੇ ਆਰਮੀ ਦੇ ਟਰੱਕ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿੱਚ 30 ਸਾਲਾ ਹਰਚਰਨ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਕੁਲਗੜੀ ਦੀ ਪੁਲੀਸ ਨੇ ਅਣਪਛਾਤੇ ਟਰੱਕ ਅਤੇ ਟਰੈਕਟਰ ਚਾਲਕਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਚਰਨ ਸਿੰਘ ਦੇ ਭਰਾ ਹਰਚੰਦ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਮਰਖਾਈ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਆਪਣੇ ਭਰਾ ਹਰਚਰਨ ਸਿੰਘ ਨਾਲ ਜੀਪ 'ਤੇ ਸਵਾਰ ਹੋ ਕੇ ਲੇਬਰ ਲੈਣ ਲਈ ਲੋਹਗੜ੍ਹ ਵੱਲ ਜਾ ਰਿਹਾ ਸੀ

## ਗੜ੍ਹਸ਼ੰਕਰ ਦੇ ਸਿਵਲ ਹਸਪਤਾਲ 'ਚ ਇਲਾਜ ਲਈ ਆਏ ਮਰੀਜ ਨੇ ਡਾਕਟਰ ਨੂੰ ਗੋਲੀ ਮਾਰਨ ਦੀ ਦਿੱਤੀ ਧਮਕੀ

ਗੜ੍ਹਸ਼ੰਕਰ 7 ਮਾਰਚ। ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਵਿੱਚ ਬੀਤੀ ਰਾਤ ਇਲਾਜ ਕਰਵਾਉਣ ਆਏ ਵਿਅਕਤੀ ਵੱਲੋਂ ਡਾਕਟਰ ਨਾਲ ਬਦਸਲੂਕੀ ਕਰਕੇ ਐਮਰਜੈਂਸੀ ਵਾਰਡ ਦੇ ਸ਼ੀਸ਼ੇ ਭੰਨਣ ਦਾ ਮਾਮਲਾ ਸਾਹਮਣੇ ਆਇਆ ਹੈ। ਜਾਣਕਾਰੀ ਦਿੰਦੇ ਹੋਏ ਡਾਕਟਰ ਅਮਰਜੀਤ ਸਿੰਘ ਨੇ ਦੱਸਿਆ ਕਿ ਸਾਹ ਦੀ ਦਿੱਕਤ ਹੋਣ ਦੀ ਸਮੱਸਿਆ ਲੈ ਕੇ ਸਤਨਾਮ ਸਿੰਘ ਸੱਤੀ ਪੁੱਤਰ ਮਲਕੀਤ ਸਿੰਘ ਪਿੰਡ ਫ਼ਤਿਹਪੁਰ ਕਲਾਂ ਨਾਂ ਦਾ ਵਿਅਕਤੀ ਹਸਪਤਾਲ ਦੇ ਵਿੱਚ ਦਵਾਈ ਲੈਣ ਆਇਆ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਸ ਨੂੰ ਚੈਕਅੱਪ ਲਈ ਬੈਡ ਦੇ ਉੱਪਰ ਲੇਟਣ ਲਈ ਕਿਹਾ ਤਾਂ ਮਰੀਜ਼ ਡਾਕਟਰ ਨਾਲ ਬਦਸਲੂਕੀ ਕਰਨ ਲੱਗ ਪਿਆ। ਡਾਕਟਰ ਅਮਰਜੀਤ ਸਿੰਘ ਨੇ ਦੱਸਿਆ ਕਿ ਉਸ ਵਿਅਕਤੀ ਵੱਲੋਂ ਉਨ੍ਹਾਂ ਨੂੰ ਗੋਲੀ ਮਾਰਨ ਦੀ ਧਮਕੀ ਦਿੱਤੀ ਗਈ ਅਤੇ ਐਮਰਜੈਂਸੀ ਵਾਰਡ ਦੇ ਦਰਵਾਜ਼ੇ ਅਤੇ ਟੇਬਲ ਦੇ ਸ਼ੀਸ਼ੇ ਵੀ ਤੋੜ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਇਸ ਬਾਰੇ ਥਾਣਾ ਗੜ੍ਹਸ਼ੰਕਰ ਪੁਲਸ ਨੂੰ ਵੀ ਸੂਚਿੱਤ ਕੀਤਾ ਗਿਆ ਅਤੇ ਮਰੀਜ਼ ਨੂੰ ਪੁਲਸ ਹਵਾਲੇ ਕਰ ਦਿੱਤਾ ਗਿਆ। ਉੱਧਰ ਇਸ ਮਾਮਲੇ ਵਿੱਚ ਥਾਣਾ ਗੜ੍ਹਸ਼ੰਕਰ ਦੇ ਏ. ਐੱਸ. ਆਈ. ਲਖਵੀਰ ਸਿੰਘ ਨੇ ਦੱਸਿਆ

## ਸ਼ਾਰਟ ਕੱਟ ਦੇ ਚੱਕਰ 'ਚ ਮੌਤ ਦੇ ਮੂੰਹ 'ਚ ਫਸੀ ਔਰਤ, ਦੇਖਣ ਵਾਲਿਆਂ ਦੇ ਰੁਕ ਗਏ ਸਾਹ

ਲੁਧਿਆਣਾ 7 ਮਾਰਚ। ਇੱਥੇ ਚੰਦਰ ਨਗਰ ਰੇਲਵੇ ਓਵਰਬ੍ਰਿਜ 'ਤੇ ਸ਼ਾਰਟਕੱਟ ਦੇ ਚੱਕਰ 'ਚ ਇਕ ਔਰਤ ਫਸ ਗਈ। ਪੁਲ 'ਤੇ ਫਸੀ ਔਰਤ ਨੂੰ ਦੇਖ ਕੇ ਹੇਠਾਂ ਪੁਲ ਕ੍ਰਾਸ ਕਰ ਰਹੇ ਲੋਕਾਂ ਦੇ ਸਾਹ ਅਟਕ ਗਏ ਪਰ 2 ਮਿੰਟ 'ਚ ਜਿਉਂ ਹੀ ਟਰੇਨ ਪੁਲ ਤੋਂ ਲੰਘੀ ਤਾਂ ਔਰਤ ਨੂੰ ਬਚੀ ਦੇਖ ਲੋਕਾਂ ਦੀ ਜਾਨ 'ਚ ਜਾਨ ਆਈ। ਉੱਧਰ ਟਰੇਨ ਨਿਕਲਦੇ ਹੀ ਔਰਤ ਨੇ ਭੱਜ ਕੇ ਪੁਲ ਪਾਰ ਕੀਤਾ। ਮੌਕੇ 'ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪੁਲ 'ਤੇ ਸਲੇਮ ਟਾਬਰੀ ਚੰਦਰ ਨਗਰ ਤੋਂ ਇਕ ਔਰਤ ਨਿਊ ਕੁੰਦਨਪੁਰੀ ਵੱਲ ਜਾ ਰਹੀ ਸੀ ਤਾਂ ਉਸ ਨੇ ਸ਼ਾਰਟ ਕੱਟ ਦੇ ਚੱਕਰ ਵਿਚ ਬੁੱਢੇ ਨਾਲੇ 'ਤੇ ਬਣੇ ਰੇਲਵੇ ਪੁਲ ਨੂੰ ਕ੍ਰਾਸ ਕਰਨਾ ਸਹੀ ਸਮਝਿਆ ਪਰ ਜਿਉਂ ਪੁਲ ਕ੍ਰਾਸ ਕਰ ਰਹੀ ਸੀ ਤਾਂ ਪਿੱਛੋਂ ਜਲੰਧਰ ਵੱਲੋਂ ਟਰੇਨ ਆ ਗਈ। ਪਹਿਲਾਂ ਲੋਕਾਂ ਨੇ ਸਮਝਿਆ ਕਿ ਔਰਤ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਲੋਕਾਂ ਦੀ ਆਵਾਜ਼ ਸੁਣ ਕੇ ਔਰਤ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਉਹ ਪੁਲ ਕ੍ਰਾਸ ਨਹੀਂ ਕਰ ਸਕੇਗੀ ਤਾਂ ਉਹ ਪੁਲ ਕੋਲ ਬਣੇ ਲੋਹੇ ਦੇ ਪਾਈਪ ਨਾਲ ਬੈਠ ਗਈ। 2 ਮਿੰਟ 'ਚ ਟਰੇਨ ਲੰਘਣ ਤੋਂ ਬਾਅਦ ਉਹ ਤੋਂ ਭੱਜ ਖੜ੍ਹੀ ਹੋਈ ਪਰ ਚੰਦਰ ਨਗਰ ਪੁਲ ਦੇ ਇਕ ਪਾਸੇ ਪੁਲ ਦੀ ਸੁਰੱਖਿਆ ਲਈ ਸੁਰੱਖਿਆ ਮੁਲਾਜਮ ਤਾਇਨਾਤ ਰਹਿੰਦੇ ਹਨ ਪਰ ਉਨ੍ਹਾਂ ਨੇ ਵੀ ਔਰਤ ਨੂੰ ਪੁਲ ਕ੍ਰਾਸ ਕਰਦੇ ਹੋਏ ਦੇਖਿਆ ਨਹੀਂ।

# ਜਲਦੀ ਹੀ ਟੈਲੀਵਿਜਨ ਨੂੰ ਪਿੱਛੇ ਛੱਡ ਦੇਵੇਗਾ ਡਿਜੀਟਲ ਮੀਡੀਆ

ਨਵੀਂ ਦਿੱਲੀ 7 ਮਾਰਚ। ਮੀਡੀਆ ਅਤੇ ਮਨੋਰੰਜਨ ਖੇਤਰ ਵਿੱਚ ਇਸ ਸਾਲ ਡਿਜੀਟਲ ਮੀਡੀਆ 75,100 ਕਰੋੜ ਰੁਪਏ ਦੇ ਅੰਦਾਜਨ ਆਕਾਰ ਨਾਲ ਜਲਦੀ ਹੀ ਟੈਲੀਵਿਜਨ ਨੂੰ ਪਛਾੜ ਸਕਦਾ ਹੈ। ਉਦਯੋਗ ਸੰਗਠਨ ਫਿੱਕੀ ਅਤੇ ਈਵਾਈ ਦੀ ਮੰਗਲਵਾਰ ਨੂੰ ਜਾਰੀ ਸਾਂਝੀ ਰਿਪੋਰਟ 'ਚ ਇਹ ਗੱਲ ਕਹੀ ਗਈ ਹੈ। ਦੇਸ ਦਾ ਮੀਡੀਆ ਅਤੇ ਮਨੋਰੰਜਨ (×) ਖੇਤਰ ਵਿਚ 2023 ਵਿੱਚ 8.1 ਫੀਸਦੀ ਦਾ ਵਾਧਾ ਹੋਇਆ ਅਤੇ ਇਹ 2.32 ਲੱਖ ਕਰੋੜ ਰੁਪਏ 'ਤੇ ਪਹੁੰਚ ਗਈ। ਇਸ ਦੇ 2024 ਵਿੱਚ 2.55 ਲੱਖ ਕਰੋੜ ਰੁਪਏ ਤੱਕ ਪਹੁੰਚਣ ਅਤੇ 2026 ਤੱਕ 3 ਲੱਖ ਕਰੋੜ ਰੁਪਏ ਨੂੰ ਪਾਰ ਕਰਨ ਦੀ ਉਮੀਦ ਹੈ। ਰਿਪੋਰਟ ਵਿੱਚ ਕਿਹਾ ਗਿਆ, "ਸਾਨੂੰ ਉਮੀਦ ਹੈ ਕਿ 2024 ਤੱਕ × ਸੈਕਟਰ 10.2 ਫੀਸਦੀ ਵਧ ਕੇ 2.55 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਜਦੋਂ ਕਿ 2026 ਤੱਕ 10 ਫੀਸਦੀ ਦੇ ਸੰਚਤ ਵਾਧੇ ਨਾਲ ਇਹ 3.1 ਲੱਖ ਕਰੋੜ ਰੁਪਏ ਤੱਕ ਪਹੁੰਚ ਜਾਵੇਗਾ।" ਹਾਲਾਂਕਿ, 2023 ਵਿੱਚ ਟੈਲੀਵਿਜਨ 69,600 ਕਰੋੜ ਰੁਪਏ ਦਾ ਸਭ ਤੋਂ ਵੱਡਾ ਹਿੱਸਾ ਰਿਹਾ ਪਰ 2022 ਵਿੱਚ 70,900 ਕਰੋੜ ਰੁਪਏ ਦੇ ਮੁਕਾਬਲੇ ਇਸ ਵਿਚ 1.83 ਫੀਸਦੀ ਦੀ ਗਿਰਾਵਟ ਆਈ ਹੈ। ਜਦੋਂ ਕਿ, 2023 ਵਿਚ ਡਿਜੀਟਲ ਮੀਡੀਆ 65,400 ਕਰੋੜ ਰੁਪਏ ਨੂੰ ਪਾਰ ਕਰ ਗਿਆ ਅਤੇ 2024 ਵਿੱਚ ਲਗਭਗ 75,100 ਕਰੋੜ ਰੁਪਏ ਤੱਕ ਪਹੁੰਚਣ ਦੀ ਉਮੀਦ ਹੈ। ਇਹ ਟੈਲੀਵਿਜਨ ਮੀਡੀਆ ਦੇ 71,800 ਕਰੋੜ ਰੁਪਏ ਦੇ ਅੰਕੜੇ ਤੋਂ ਵੱਧ ਹੈ। ਰਿਪੋਰਟ ਮੁਤਾਬਕ 2026 'ਚ ਡਿਜੀਟਲ ਮੀਡੀਆ ਦੀ ਕੀਮਤ ਲਗਭਗ 95,500 ਕਰੋੜ ਰੁਪਏ ਹੋਵੇਗੀ। ਇਸ ਵਿਚ 2023-26 ਦੇ ਵਿਚਕਾਰ ਸੰਚਤ ਰੂਪ ਵਿੱਚ 13.5 ਫੀਸਦੀ ਵਧਣ ਦਾ ਅਨੁਮਾਨ ਹੈ। ਜਦੋਂ ਕਿ ਟੀਵੀ ਮੀਡੀਆ 76,600 ਕਰੋੜ ਰੁਪਏ ਦਾ ਹੋਵੇਗਾ। ਇਹ ਡਿਜੀਟਲ ਮੀਡੀਆ ਤੋਂ ਲਗਭਗ 20 ਫੀਸਦੀ ਘੱਟ ਹੋਵੇਗਾ। ਫਿੱਕੀ ਮੀਡੀਆ ਅਤੇ ਮਨੋਰੰਜਨ ਕਮੇਟੀ ਦੇ ਚੇਅਰਮੈਨ ਕੇਵਿਨ ਵਾਜ ਨੇ ਕਿਹਾ, "ਡਿਜੀਟਲ ਮੀਡੀਆ 2024 ਵਿੱਚ ਮਹੱਤਵਪੂਰਨ ਵਿਕਾਸ ਲਈ ਤਿਆਰ ਹੈ। ਇਹ ਸਾਇਦ ਟੈਲੀਵਿਜਨ ਸੈਕਟਰ ਨੂੰ ਪਛਾੜ ਕੇ × ਸੈਕਟਰ ਵਿੱਚ ਮੋਹਰੀ ਖੰਡ ਬਣ ਜਾਵੇਗਾ। ਅੰਦਾਜਾ ਲਗਾਇਆ ਜਾ ਰਿਹਾ ਹੈ ਕਿ ਡਿਜੀਟਲ ਮੀਡੀਆ ਵਿੱਚ ਇਸ ਵਾਧੇ ਨਾਲ × ਸੈਕਟਰ ਦਾ ਵਾਧਾ 10 ਫੀਸਦੀ ਸਾਲਾਨਾ ਪਹੁੰਚ ਜਾਵੇਗਾ ਅਤੇ ਇਹ 3.0 ਲੱਖ ਕਰੋੜ ਰੁਪਏ ਨੂੰ ਪਾਰ ਕਰੇਗਾ।" ਇਸ ਮਜਬੂਤ ਵਿਕਾਸ ਦਾ ਕਾਰਨ ਮਜਬੂਤ ਡਿਜੀਟਲ ਬੁਨਿਆਦੀ ਢਾਂਚਾ, (ਓਵਰ ਦਾ ਟਾਪ) ਮੰਚਾਂ ਨੂੰ ਵਿਆਪਕ ਰੂਪ ਨਾਲ ਅਪਣਾਉਣ, ਗੇਮਿੰਗ ਸੈਕਟਰ ਵਿੱਚ ਮਹੱਤਵਪੂਰਨ ਵਾਧਾ ਅਤੇ ਖਪਤਕਾਰਾਂ ਲਈ ਲਾਗਤ-ਪ੍ਰਭਾਵਸਾਲੀ ਵਿਕਲਪਾਂ ਦੀ ਉਪਲਬਧਤਾ ਨੂੰ ਵਧਾਉਣਾ ਹੈ। ਰਿਪੋਰਟ ਵਿੱਚ ਉਮੀਦ ਜਤਾਈ ਗਈ ਕਿ ਬਿਹਤਰ ਸਾਸਨ ਪ੍ਰਬੰਧਾਂ ਨਾਲ ਡਿਜੀਟਲ ਵਿਗਿਆਪਨ 13.5 ਫੀਸਦੀ ਵਧ ਕੇ 84,200 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਰਿਪੋਰਟ ਅਨੁਸਾਰ, ਇੰਟਰਨੈਟ ਦੇ ਪ੍ਰਵੇਸ ਵਿੱਚ ਲਗਾਤਾਰ ਵਾਧੇ ਕਾਰਨ 'ਕਨੈਕਟਿਡ ਟੀਵੀ' (ਸਮਾਰਟ ਟੀਵੀ) ਵਿੱਚ 50 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ।

# ਕਾਰ ਸਵਾਰ ਬਾਰਾਤੀਆਂ ਵੱਲੋਂ ਟਰੱਕ ਡਰਾਈਵਰ ਤੇ ਸਾਥੀ ਨਾਲ ਕੁੱਟਮਾਰ

ਅਬੋਹਰ 7 ਮਾਰਚ। ਅਬੋਹਰ ਕਿੱਲਿਆਂਵਾਲੀ ਰੋਡ 'ਤੇ ਕਾਰ 'ਚ ਸਵਾਰ ਬਾਰਾਤੀਆਂ ਨੇ ਇਕ ਟਰੱਕ ਦੇ ਡਰਾਈਵਰ ਤੇ ਉਸ ਦੇ ਸਾਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕੁੱਟਮਾਰ ਤੋਂ ਬਾਅਦ ਉਸ ਦੇ ਟਰੱਕ ਦੀਆਂ ਚਾਬੀਆਂ, ਨਕਦੀ ਅਤੇ ਹੋਰ



ਸਾਮਾਨ ਖੋਹ ਲਿਆ ਅਤੇ ਆਪਣੇ ਨਾਲ ਲੈ ਗਏ। ਇਹ ਬਾਰਾਤੀ ਟਰੱਕ ਡਰਾਈਵਰ 'ਤੇ ਕਥਿਤ ਤੌਰ 'ਤੇ ਉਨ੍ਹਾਂ ਦੀ ਕਾਰ ਵਿਚ ਟੱਕਰ ਮਾਰਨ ਦਾ ਵਿਰੋਧ ਕਰ ਰਹੇ ਸੀ। ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਟਰੱਕ ਚਾਲਕ ਮੁਖਤਿਆਰ ਖਾਨ ਵਾਸੀ ਫਲੋਦੀ ਨੇ ਦੱਸਿਆ ਕਿ ਉਹ ਤੇ ਉਸ ਦਾ ਸਾਥੀ ਈਸ਼ਰਦੀਨ ਅਤੇ ਧਰਮਕੰਡਾ ਦਾ ਮਾਲਕ ਆਪਣੇ ਟਰੱਕ 'ਚ ਧਰਮਕੰਡਾ ਲੱਦ ਕੇ ਅੰਮ੍ਰਿਤਸਰ ਤੋਂ ਸ਼੍ਰੀਗੰਗਾਨਗਰ ਵੱਲ ਜਾ ਰਹੇ ਸਨ। ਜਦੋਂ ਉਨ੍ਹਾਂ ਦਾ ਟਰੱਕ ਕਿੱਲਿਆਂਵਾਲੀ ਰੋਡ ਫਾਟਕ ਨੇੜੇ ਪੁੱਜਾ ਤਾਂ ਸਵੇਰੇ 5 ਵਜੇ ਰੇਲਗੱਡੀ ਆਉਣ ਕਾਰਨ ਫਾਟਕ ਬੰਦ ਹੋਣ ਲੱਗਾ ਤਾਂ ਉਨ੍ਹਾਂ ਟਰੱਕ ਦੀ ਰਫਤਾਰ ਹੌਲੀ ਕੀਤੀ। ਇਸ ਦੌਰਾਨ ਬਾਰਾਤੀਆਂ ਦੀਆਂ ਚਾਰ ਗੱਡੀਆਂ 'ਚੋਂ ਇਕ ਕਾਰ ਵਿਚ ਸਵਾਰ ਲੋਕਾਂ ਨੇ ਫਾਟਕ ਬੰਦ ਹੁੰਦਾ ਦੇਖ ਅੱਗੇ ਨਿਕਲਣ ਦੇ ਚੱਕਰ ਵਿਚ ਉਸਦੇ ਟਰੱਕ ਦੇ ਅੱਗੇ ਲਿਆ ਕੇ ਕਾਰ ਲਗਾ ਦਿੱਤੀ, ਜਦ ਉਸਨੇ ਇਕਦਮ ਤੋਂ ਉਸਨੂੰ ਬਚਾਉਣ ਲਈ ਬ੍ਰੇਕ ਲਗਾਈ ਤਾਂ ਕਾਰ ਟਰੱਕ ਨਾਲ ਜਾ ਟਕਰਾਈ, ਜਦਕਿ ਕਾਰ ਨੂੰ ਬਚਾਉਣ ਦੇ ਚੱਕਰ ਵਿਚ ਉਨ੍ਹਾਂ ਦਾ ਟਰੱਕ ਸੜਕ ਕੰਢੇ ਕੱਚੀ ਸੜਕ 'ਤੇ ਉਤਰ ਗਿਆ। ਮੁਖਤਿਆਰ ਖਾਨ ਨੇ ਦੱਸਿਆ ਕਿ ਇਸ ਤੋਂ ਗੁੱਸੇ 'ਚ ਆ ਕੇ ਕਾਰ ਸਵਾਰ ਬਾਰਾਤੀਆਂ ਨੇ ਉਸ ਦੀ ਅਤੇ ਉਸ ਦੇ ਸਾਥੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਟਰੱਕ ਦੀਆਂ ਚਾਬੀਆਂ, ਪਰਮਿਟ, ਉਸ ਦਾ ਪਰਸ ਅਤੇ 25 ਹਜ਼ਾਰ ਰੁਪਏ ਦੀ ਨਕਦੀ ਖੋਹ ਲਈ। ਇਸ ਤੋਂ ਬਾਅਦ ਉਸ ਨੇ ਇਸ ਦੀ ਸੂਚਨਾ ਪੁਲਸ ਹੈਲਪਲਾਈਨ ਨੰਬਰ 112 'ਤੇ ਦਿੱਤੀ, ਜਿਸ 'ਤੇ ਸਹਾਇਕ ਸਬ ਇੰਸਪੈਕਟਰ ਪੱਪੂ ਰਾਮ ਨੇ ਮੌਕੇ 'ਤੇ ਪਹੁੰਚ ਕੇ ਆਪਣੇ ਬਿਆਨ ਦਰਜ ਕਰਵਾਏ। ਬਿਆਨਾਂ ਅਨੁਸਾਰ ਪੁਲਸ ਨੇ ਕਾਰ ਦੇ ਨੰਬਰ ਨੋਟ ਕਰ ਕੇ ਕਾਰ ਚਾਲਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

## ਗੋਲੀ ਵੱਜਦਿਆਂ ਲਹੂ-ਲੁਹਾਨ ਹੋ ਜਮੀਨ 'ਤੇ ਡਿੱਗਾ ਨੌਜਵਾਨ, ਦੇਖਦਿਆਂ-ਦੇਖਦਿਆਂ ਹੋ ਗਈ ਮੌਤ

ਮਲੋਟ 7 ਮਾਰਚ। ਬਲਾਕ ਲੰਬੀ ਦੇ ਪਿੰਡ ਤੱਪਾਖੇੜਾ 'ਚ ਅਚਾਨਕ ਗੋਲੀ ਚੱਲਣ ਕਾਰਣ ਇਕ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਅਰਸਦੀਪ ਸਿੰਘ ਪੁੱਤਰ ਸੁਖਵਿੰਦਰ ਸਿੰਘ ਸਹਿਗਲ (28) ਰਿਵਾਲਵਰ ਸਾਫ ਕਰ ਰਿਹਾ ਸੀ, ਇਸ ਦੌਰਾਨ ਅਚਾਨਕ ਉਸ ਕੋਲੋਂ ਗੋਲੀ ਚੱਲ ਗਈ ਜਿਸ ਕਾਰਨ ਉਸ ਦੀ ਮੌਤ ਹੋ ਗਈ ਸੀ। ਮ੍ਰਿਤਕ ਆਪਣੇ ਪਿੱਛੇ ਆਪਣੀ ਧਰਮ ਪਤਨੀ ਕੋਮਲ ਅਤੇ ਇਕ ਡੇਢ ਕੁ ਸਾਲ ਦੀ ਬੱਚੀ ਨੂੰ ਰੋਂਦੇ ਵਿਲਕਦੇ ਛੱਡ ਗਿਆ ਹੈ। ਨੌਜਵਾਨ ਪੁੱਤ ਦੀ ਮੌਤ ਤੋਂ ਬਾਅਦ ਪਰਿਵਾਰ ਦਾ ਰੋ ਰੋ ਕੇ ਬੁਰਾ ਹਾਲ ਹੈ। ਇਸ ਘਟਨਾ ਤੋਂ ਬਾਅਦ ਜਿੱਥੇ ਪਰਿਵਾਰ ਵਿਚ ਮਾਤਮ ਛਾ ਗਿਆ, ਉਥੇ ਹੀ ਇਲਾਕੇ ਵਿਚ ਸੋਗ ਦੀ ਲਹਿਰ ਹੈ। ਦੂਜੇ ਪਾਸੇ ਲੰਬੀ ਥਾਣਾ ਪੁਲਸ

**NAME CHANGE**
It is for general information that I, AMANJIT SINGH S/o SARBJIT SINGH R/o L-2, 2nd Floor, Sujan Singh Park, Lodhi Road, Central Delhi, Delhi-110003 declare that name of my Father and my Mother has been wrongly written as SARABJEET SINGH and PARAMJEET in my 10th and 12th Educational Documents and Birth Certificate no. MMM2908 102637368/2012/2. The actual name of my Father and my Mother are SARBJIT SINGH and PARMJIT KAUR respectively which may be amended accordingly.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, YAMUNA KAUR mother of No-19001021N Rank-HAV Name-VEDPAL R/O GARHI GUJRAN (54), KARNAL, HARYANA-132041 have changed my name from YAMUNA KAUR to JAMNA DEVI for all future purposes vide Affidavit Dated 30/09/2023 before Notary Public, Delhi.

**PUBLIC NOTICE**
I hitherto known as SANDHYA KUMARI D/o Awadhesh Kumar, W/o Subhash Kumar, R/o B-6, M S Flats Near Supreme Court, Tilak Lane, New Delhi GPO, New Delhi - 110001, have changed my name and shall hereafter be known as SANDHYA KUMAR

**NAME CHANGE**
I, Pam Ganpathy D/o M.A Prithviraj R/O DDA Flat no 1095, Third Floor, Sector C , Pocket 1 , Vasant Kunj , New Delhi - 110070 have changed my name to PAM PRITHVIRAJ , for all future purpose

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, hitherto known as RAM JOSHI S/o KRIPA RAM JOSHI, residing at N - 2, Second Floor, Panchsheel Park North, South Delhi – 110017, have changed my name and shall hereafter be known as RAM CHANDRA JOSHI.

**NAME CHANGE**
It is for general information that I, MUKESH KUMAR S/O HARIRAM GOYAL R/O D-16 CHANAKYA PLACE-1, 40 FOOT ROAD, JANAKPURI, NEW DELHI, WEST DELHI, DELHI-110059, declare that name of mine and my wife has been wrongly written as MUKESH GOYAL and PREETY in my minor daughter NAVYA GOYAL aged 14 year in her birth certificate No-MCDOLR09082716. The actual name of mine and my wife are MUKESH KUMAR and PREETY GOYAL, which may be amended accordingly.

**NAME CHANGE**
I Manjit Singh s/o Baldev Singh Kohli r/o J - 3/35, First Floor, Rajouri Garden , New Delhi - 110027 have changed my name to Manjit Singh Kohli for all purposes.

**PUBLIC NOTICE**
Information is given to general public at large that our client Smt. Jaichandi is the owner of Freehold Residential Plot no. 30 & 31 area measuring 133 sq. yds. Out of Khasra no. 68. Situated at Village Begampur Bhangale Pargana & Tehsil Dadri Distt. Gautam Budh Nagar Uttar Pradesh. by virtue of Sale Deed dated 02.01.2013, as Doc no. 20, Vol no. 3662 Page no. 263-306 SR- Noida-III & Rectification Deed dated 30.01.2017 as Doc no. 330, Vol no. 5634 Page no. 103-118 SR-Noida-III till date and has lost/Misplace his Original Sale Deed dated 06.02.2006 as Doc no. 761, Vol no. 653 Page no. 603-614 Sr- Noida, Original Sale Deed dated 06.02.2006 as Doc no. 762, Vol no. 653 Page no. 615-628 Sr- Noida & Original Sale Deed dated 05.05.2008, as Doc no. 1131, Vol no. 1270 Page no. 283-298 SR-Noida-III, It was executed in favour of Smt. Munesh w/o Sh. Manoj, our client is declaring that that any other Person does not have any right over the said property, which is to be financed by Piramal Capital & Housing Finance Ltd. Branch: Unit No.302, 3rd floor World Trade Tower Plot No-C-1, Sector-16, Noida UP. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
[NAVEEN KUMAR VERMA]
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**ਪੂਰਵੋਤਰ ਰੇਲਵੇ**
ਈ-ਔਕਸ਼ਨ ਸੂਚਨਾ
ਵਰਿਸ਼ਠ ਮੰਡਲ ਵਾਣਿਜਯ ਪ੍ਰਬੰਧਕ, ਪੂਰਵੋੱਤਰ ਰੇਲਵੇ, ਲਖਨਊ ਦੇ ਵਲੋਂ ਹੇਠਲਿਖਿਤ ਕਾਰਜ ਲਈ ਈ-ਔਕਸ਼ਨ ਤੋਂ ਸੰਬੰਧਿਤ ਸੂਚਨਾ।, **ਐਡਮਿਨ ਯੂਨਿਟ/ਜੋਨ:** -ਲਖਨਊ-ਪੂ੦ਊ੦ਰੇ੦-ਮੰਡਲ-ਵਾਣਿਜਯ/ਪੂ੦ਊ੦ਰੇ੦; **ਨੀਲਾਮੀ ਸੂਚੀ ਸੰ੦/ ਲੱਟ ਸੰ੦:** LJN-OOH-03-24, **ਨੀਲਾਮੀ ਸੂਚੀ ਪ੍ਰਕਾਸ਼ਨ ਮਿਤੀ:**- 27-02-2024 ਸਮੇਂ 13:28 ਵਜੇ; **ਨੀਲਾਮੀ ਪ੍ਰਾਰੰਭ ਮਿਤੀ (ਪੂਰੇ ਲੱਟ):**- 13.02.2024 ਸਮਾਂ 13:00 ਵਜੇ; **ਨੀਲਾਮੀ ਬੰਦ ਕਰਨ ਦੀ ਮਿਤੀ 'ਤੇ ਸਮਾਂ:**- 13.03.2024 ਸਮਾਂ 13:30 ਵਜੇ; **ਨੀਲਾਮੀ ਦਾ ਪ੍ਰਕਾਰ:**- Close Ended, ਵੇਬਸਾਈਟ ਵੇਰਵਾ ਜਿਥੇ ਪੰਜੀਕ੍ਰਿਤ ਬੋਲੀਦਾਤਾਵਾਂ ਵਲੋਂ ਨੀਲਾਮੀ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ : E-Auction Module of www.ireps.gov.in
ਵਰਿਸ਼ਠ ਮੰਡਲ ਵਾਣਿਜਯ ਪ੍ਰਬੰਧਕ
ਲਖਨਊ
ਮੁਜਾਧਿ/ਵਾਣਿਜਯ-289
ਟ੍ਰੇਨਾਂ 'ਚ ਬੀੜੀ/ਸਿਗਰੇਟ ਨਾ ਪੀਓ

**ਉੱਤਰ ਰੇਲਵੇ**
ਆਜ਼ਾਦੀ ਕਾ ਅੰਮ੍ਰਿਤ ਮਹੋਤਸਵ
ਟੈਂਡਰ ਸੂਚਨਾ
(ਈ-ਟੈਂਡਰਿੰਗ ਦੁਵਾਰਾ)

| | |
|---|---|
| ਕੰਮ ਦਾ ਨਾਮ ਅਤੇ ਜਗ੍ਹਾਂ | ਪ੍ਰੋਵੀਜਨ ਆਫ ਇਲੇਕਿਟ੍ਰਕਲ ਲਿਫਟਿੰਗ ਬੈਰਿਯਰ ਇਨ ਪਲੇਸ ਆਫ ਮੈਕੇਨਿਕਲ ਲਿਫਟਿੰਗ ਬੈਰਿਯਰ ਇਨ ਇੰਟਰਲਾਕੇਡ LC ਗੇਟਸ ਆਫ ਸਟੇਸ਼ਨ ਸੈਕਸ਼ਨ ਦਿੱਲੀ ਡਵੀਜਨ। |
| ਕੰਮ ਦੀ ਅਨੁਮਾਨਿਤ ਲਾਗਤ (ਰੁ:) | Rs. 1,44,15,817.85/- ਕੇਵਲ |
| ਬਿਆਨਾ ਰਾਸ਼ੀ (ਰੁ:) | Rs. 2,22,100.00/- ਕੇਵਲ |
| ਦਫਤਰ ਦਾ ਪਤਾ | ਸੀਨੀਅਰ ਮੰਡਲ ਸੰਕੇਤ ਅਤੇ ਦੂਰਸੰਚਾਰ ਇੰਜੀਨੀਅਰ-C, ਤੀਸਰੀ ਮੰਜ਼ਿਲ, ਸੰਕੇਤ ਅਤੇ ਦੂਰਸੰਚਾਰ ਬਰਾਂਚ, ਮੰਡਲ ਰੇਲ ਪ੍ਰਬੰਧਕ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ-110055 |
| ਟੈਂਡਰ ਪ੍ਰਪੱਤਰ ਜਮਾਂ ਕਰਨਾ ਅਤੇ ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ। | ਟੈਂਡਰ ਪ੍ਰਪੱਤਰ ਜਮਾਂ ਅਪਲੋਡ ਕਰਨ ਦਾ ਸਮਾਂ ਮਿਤੀ 07.03.2024/ ਟੈਂਡਰ ਖੁਲਣ ਦੀ ਮਿਤੀ 01.04.2024 15.00 ਵਜੇ ਤਕ |
| ਵੇਬਸਾਈਟ ਅਤੇ ਨੋਟਿਸ ਬੋਰਡ ਦੀ ਜਗ੍ਹਾਂ ਜਿਥੋਂ ਤੋਂ ਪੂਰੀ ਜਾਣਕਾਰੀ ਪ੍ਰਾਪਤ ਕੀਤੀ ਜਾਂ ਸਕਦੀ ਹੈ | ਉੱਤਰ ਰੇਲਵੇ ਦੀ ਵੈਬਸਾਈਟ www.ireps.gov.in ਉਤੇ ਦੇਖੋ ਜਾਂ ਦੇਖੋ ਨੋਟਿਸ ਬੋਰਡ, ਤੀਸਰੀ ਮੰਜ਼ਿਲ, ਸੰਕੇਤ ਅਤੇ ਦੂਰ ਸੰਚਾਰ ਬਰਾਂਚ, ਮੰਡਲ ਰੇਲ ਪ੍ਰਬੰਧਕ ਦਫਤਰ, ਸਟੇਟ ਐਂਟਰੀ ਰੋਡ, ਨਵੀਂ ਦਿੱਲੀ-110055 |

ਟੈਂਡਰ ਨੰਬਰ: 558-ਸਿਗਨਲ-16-ਐਮ-ਟੈਂਡਰ-1418 ਮਿਤੀ : 07.03.2024
ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 721/24

NATIONAL RURAL HEALTH MISSION
**ਦਿੱਲੀ ਰਾਜ ਸਵਾਸਥ ਮਿਸ਼ਨ**
ਛੇਂਵੀ ਮੰਜ਼ਿਲ, ਬੀ. ਵਿੰਗ, ਵਿਕਾਸ ਭਵਨ-2, ਸਿਵਿਲ ਲਾਈਨਸ
ਨਵੀਂ ਦਿੱਲੀ - 110054-ਦੂਰਭਾਸ਼ 011-23812902/03
F1-13/2/2023-Estt. (E-File No. 5555)
**ਵੱਕ-ਇਨ ਇੰਟਰਵਿਊ**
ਦਿੱਲੀ ਰਾਜ ਸਵਾਸਥ ਮਿਸ਼ਨ ਵਲੋਂ ਖਾਲੀ ਅਹੁਦਿਆਂ 'ਤੇ ਭਰਤੀ ਦੇ ਲਈ ਵੱਕ-ਇਨ ਇੰਟਰਵਿਊ ਆਯੋਜਿਤ ਕਰ ਰਿਹਾ ਹੈ। ਨਿਯੁਕਤੀ ਪੂਰੀ ਤਰ੍ਹਾਂ ਅਨੁਬੰਧ ਦੇ ਆਧਾਰ 'ਤੇ ਰਾਸ਼ਟਰੀ ਸਵਾਸਥ ਮਿਸ਼ਨ ਦੇ ਅਨੁਸਾਰ ਹੋਵੇਗੀ। ਅਹੁਦਿਆਂ ਦੇ ਵੇਰਵਾ, ਪਾਤ੍ਰਤਾ ਅਤੇ ਸਾਕਸ਼ਾਤਕਾਰ ਦੀ ਮਿਤੀ ਦੇ ਲਈ ਕ੍ਰਿਪਾ ਸਾਡੀ ਵੇਬਸਾਈਟ https://health.delhi.gov.in https://dshm.delhi.gov.in ਅਤੇ 'ਤੇ ਜਾਓ।
ਕ੍ਰਤੇ
ਮਿਸ਼ਨ ਨਿਦੇਸ਼ਕ
ਦਿੱਲੀ ਰਾਜ ਸਵਾਸਥ ਮਿਸ਼ਨ
DIP/Shabdarth/Classified/0365/23-24

# ਡੀਏਵੀ ਪਬਲਿਕ ਸਕੂਲ, ਪਟਿਆਲਾ ਅੰਤਰਰਾਸ਼ਟਰੀ ਪੱਧਰ 'ਤੇ ਐਂਟਰਪ੍ਰਾਈਜ਼ ਚੈਲੇਂਜ ਦੇ ਜੇਤੂ ਵਜੋਂ ਉੱਭਰਿਆ



**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀਏਵੀ ਪਬਲਿਕ ਸਕੂਲ ਪਟਿਆਲਾ ਐਂਟਰਪ੍ਰਾਈਜ਼ ਚੈਲੇਂਜ ਵਿੱਚ ਜੇਤੂ ਬਣ ਕੇ ਉੱਭਰਿਆ ਹੈ, ਜੋ ਕਿ ਇੱਕ ਪ੍ਰਸਿੱਧ ਅੰਤਰਰਾਸ਼ਟਰੀ ਪਲੇਟਫਾਰਮ ਹੈ ਜੋ ਸਕੂਲੀ ਬੱਚਿਆਂ ਵਿੱਚ ਉੱਦਮਸ਼ੀਲਤਾ ਦੀ ਭਾਵਨਾ ਪੈਦਾ ਕਰਦਾ ਹੈ। ਇਹ ਮੁਕਾਬਲਾ ਨਾ ਸਿਰਫ਼ ਉੱਦਮੀ ਹੁਨਰ ਪੈਦਾ ਕਰਨ ਦਾ ਮੌਕਾ ਪ੍ਰਦਾਨ ਕਰਦਾ ਹੈ ਬਲਕਿ ਬੱਚਿਆਂ ਨੂੰ ਮਾਰਕੀਟਿੰਗ, ਖੋਜ ਅਤੇ ਲੀਡਰਸ਼ਿਪ ਦੇ ਹੁਨਰ ਸਿੱਖਣ ਵਿੱਚ ਵੀ ਮਦਦ ਕਰਦਾ ਹੈ। ਮੈਡਮ ਧਨਜੀਤ ਕੌਰ ਦੀ ਅਗਵਾਈ ਹੇਠ ਓਂਕਾਰ ਸਿੰਘ, ਰਾਜਾ ਬਿਜੇ, ਰਿਧਿਮਾ ਗ੍ਰਾਂਗ, ਪਰਮਿਤਾ, ਕਰਨ ਨਾਹਰ, ਅਕਸ਼ੈ ਨਾਹਰ ਅਤੇ ਦਿਵੰਸ਼ ਕਪੂਰ ਸਮੇਤ ਗਿਆਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਦੇ ਬੇਮਿਸਾਲ ਟੀਮ ਵਰਕ ਨਾਲ ਜਿੱਤ ਦੀ ਉਪਲਬਧੀ ਹਾਸਲ ਕੀਤੀ । ਇਸ ਜਿੱਤ ਵਿੱਚ ਸ਼੍ਰੀਮਤੀ ਨਿੰਮੀ ਚਿਗਲ, ਸ਼੍ਰੀਮਤੀ ਮੇਘਾ ਮਨਚੰਦਾ, ਸ਼੍ਰੀਮਤੀ ਆਕਾਂਕਸ਼ਾ ਗਰਗ, ਸ਼੍ਰੀ ਅਰੁਣ ਸੇਠ, ਸ਼੍ਰੀਮਤੀ ਅੰਜਲੀ ਗੁਪਤਾ, ਸ਼੍ਰੀਮਤੀ ਪਰਮਿੰਦਰ ਪਾਲ, ਸ਼੍ਰੀਮਤੀ ਮੋਨਿਕਾ ਸ਼ਰਮਾ, ਸ਼੍ਰੀਮਤੀ ਗੁਰਪ੍ਰੀਤ ਪੰਨੂ ਅਤੇ ਸ਼੍ਰੀਮਤੀ ਗੀਨਾ ਸ਼ਰਮਾ ਨੇ ਆਪਣਾ ਯੋਗਦਾਨ , ਸਮਰਪਣ , ਵਚਨਬੱਧਤਾ ਅਤੇ ਨਵੀਨਤਾ ਦੀ ਭਾਵਨਾ ਨੂੰ ਦਰਸਾਉਂਦੇ ਹੋਏ ਅਹਿਮ ਭੂਮਿਕਾਵਾਂ ਨਿਭਾਈਆਂ ।

ਪ੍ਰਿੰਸੀਪਲ ਸ਼੍ਰੀ ਵਿਵੇਕ ਤਿਵਾਰੀ ਦੀ ਸਲਾਹਕਾਰ ਅਧੀਨ, ਇਸ ਪ੍ਰੋਜੈਕਟ ਦਾ ਉਦੇਸ਼ ਪ੍ਰਤੀਰੋਧਕ ਸ਼ਕਤੀ ਨੂੰ ਵਧਾਉਣ ਅਤੇ ਤੰਬਾਕੂਨੋਸ਼ੀ ਛੱਡਣ ਵਿੱਚ ਸਹਾਇਤਾ ਕਰਨ ਲਈ ਜੜੀ ਬੂਟੀਆਂ ਦੇ ਜ਼ਰੂਰੀ ਮੁੱਲਾਂ ਨੂੰ ਉਤਸ਼ਾਹਿਤ ਕਰਨਾ ਹੈ। ਇਹ ਜਿੱਤ ਨਾ ਸਿਰਫ਼ ਵਿਦਿਆਰਥੀਆਂ ਦੀ ਪ੍ਰਤਿਭਾ ਅਤੇ ਸਿਰਜਣਾਤਮਕਤਾ ਨੂੰ ਉਜਾਗਰ ਕਰਦੀ ਹੈ ਬਲਕਿ ਡੀਏਵੀ ਪਬਲਿਕ ਸਕੂਲ ਪਟਿਆਲਾ ਦੀ ਸੰਪੂਰਨ ਸਿੱਖਿਆ ਪ੍ਰਦਾਨ ਕਰਨ ਦੀ ਵਚਨਬੱਧਤਾ ਨੂੰ ਵੀ ਦਰਸਾਉਂਦੀ ਹੈ ਜੋ ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ।

ਪ੍ਰਿੰਸੀਪਲ ਸ੍ਰੀ ਵਿਵੇਕ ਤਿਵਾਰੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਸਲਾਹਕਾਰਾਂ ਅਤੇ ਮਾਪਿਆਂ ਦੇ ਯਤਨਾਂ ਨੂੰ ਵਧਾਈ ਦਿੱਤੀ ਅਤੇ ਸ਼ਲਾਘਾ ਕੀਤੀ।

# ਨਸ਼ਿਆਂ ਵਿਰੁੱਧ ਪਰਮਿੰਦਰ ਭਲਵਾਨ, ਗਰੇਵਾਲ, ਰੁਪਿੰਦਰ ਅਤੇ ਟੀਮ ਵਲੋਂ ਛੇੜੀ ਮੁਹਿੰਮ ਸ਼ਲਾਘਾਯੋਗ: ਐਸ ਪੀ ਡੀ ਯੋਗੇਸ਼ ਸ਼ਰਮਾ




ਐਸ ਪੀ ਡੀ ਯੋਗੇਸ਼ ਸ਼ਰਮਾ ਨਾਲ ਨਸ਼ਿਆਂ ਦੇ ਮੁੱਦੇ ਉਪਰ ਮੁਲਾਕਾਤ ਕਰਦੇ ਹੋਏ ਸਟੇਟ ਐਵਾਰਡੀ ਪਰਮਿੰਦਰ ਭਲਵਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਸਟੇਟ ਐਵਾਰਡੀ ਰੁਪਿੰਦਰ ਕੌਰ ਅਤੇ ਹੋਰ।

**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਯੂਵਕ ਸੇਵਾਵਾਂ ਪਾਵਰ ਹਾਊਸ ਯੂਥ ਕਲੱਬ ਰਣਜੀਤ ਨਗਰ, ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬਾਂ ਦੇ ਨੁਮਾਇੰਦਿਆਂ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਮੈਂਬਰ ਯੁਵਾ ਸਾਂਝ ਕੇਂਦਰ ਪਟਿਆਲਾ, ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ ਪ੍ਰਧਾਨ ਪਾਵਰ ਹਾਊਸ ਯੂਥ ਕਲੱਬ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੂਵਕ ਸੇਵਾਵਾਂ ਕਲੱਬ ਦੀਪ ਨਗਰ, ਲੱਕੀ ਹਰਦਾਸਪੁਰ,, ਜਸ਼ਨਜੋਤ ਸਿੰਘ ਨੇ ਐਸ ਪੀ ਡੀ ਯੋਗੇਸ਼ ਸ਼ਰਮਾ ਨਾਲ ਨਸ਼ਿਆਂ ਦੇ ਮੁੱਦੇ ਉਪਰ ਮੁਲਾਕਾਤ ਕੀਤੀ। ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਦੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਐਸ ਪੀ ਡੀ ਯੋਗੇਸ਼ ਸ਼ਰਮਾ ਨੇ ਸੰਬੋਧਨ ਕਰਦਿਆ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਵੱਲੋ ਨਸ਼ਿਆਂ ਵਿਰੁੱਧ ਪਬਲਿਕ ਨੂੰ ਜਾਗਰੂਕ ਕਰਨ ਲਈ ਉਪਰਾਲੇ ਕਰਨੇ ਸ਼ਲਾਘਾਯੋਗ ਉਪਰਾਲੇ ਹਨ। ਉਹਨਾਂ ਕਿਹਾ ਕਿ ਕਿਸ਼ੋਰ ਅਵਸਥਾ ਵਿਚ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਉਹ ਨਸ਼ਿਆਂ ਦੀ ਦਲਦਲ ਵਿਚੋਂ ਫਸਣ ਤੋਂ ਬੱਚ ਸਕਣ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਹਰ ਰੋਜ਼ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ ਜੋ ਕਿ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਵਿਰੁੱਧ ਲਾਮਬੰਦ ਹੋਣਾ ਬਹੁਤ ਹੀ ਪ੍ਰਸੰਸਾਯੋਗ ਹੈ। ਉਹਨਾਂ ਕਿਹਾ ਕਿ ਨਸ਼ੇ ਸਾਡੇ ਸਮਾਜ ਨੂੰ ਘੁਣ ਵਾਂਗ ਖੋਖਲਾ ਕਰਦੇ ਜਾ ਰਹੇ ਹਨ। ਇਸ ਲਈ ਸਾਨੂੰ ਸਾਰਿਆਂ ਨੂੰ ਇੱਕਮੁੱਠ ਹੋ ਕੇ ਨਸ਼ਿਆਂ ਵਿਰੁੱਧ ਲੜਨਾ ਚਾਹੀਦਾ ਹੈ ਤਾਂ ਹੀ ਅਸੀਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰ ਸਕਾਂਗੇ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ। ਇਸ ਲਈ ਬਗੈਰ ਕਿਸੇ ਡਰ ਭੈ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਸਟੇਟ ਐਵਾਰਡੀ ਪਰਮਿੰਦਰ ਭਲਵਾਨ , ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ , ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਨਸ਼ਿਆਂ ਵਿਰੁੱਧ ਛੇੜੀ ਜਾਗਰੂਕਤਾ ਮੁਹਿੰਮ ਵਿੱਚ ਉਹੋ ਅਤੇ ਪੁਲਿਸ ਪ੍ਰਸ਼ਾਸਨ ਹਰ ਸੰਭਵ ਮੱਦਦ ਲਈ ਤਿਆਰ ਹੈ।

# ਭਾਜਪਾ ਮਹਿਲਾ ਮੋਰਚਾ ਪ੍ਰਧਾਨ ਜੈ ਇੰਦਰ ਕੌਰ ਵਲੋਂ ਪਟਿਆਲਾ ਵਿੱਚ ਨਾਰੀ ਸ਼ਕਤੀ ਵੰਦਨ ਮੈਰਾਥਨ ਦਾ ਆਯੋਜਨ



**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਮਹਿਲਾ ਮੋਰਚਾ ਪ੍ਰਧਾਨ ਜੈ ਇੰਦਰ ਕੌਰ ਦੀ ਅਗਵਾਈ ਵਿੱਚ ਅੱਜ ਪਟਿਆਲਾ ਵਿਖੇ ਔਰਤਾਂ ਦੀ ਸਸ਼ਕਤੀਕਰਨ ਲਈ ਮੋਦੀ ਸਰਕਾਰ ਵਲੋਂ ਕੀਤੇ ਜਾ ਰਹੇ ਕੰਮਾਂ ਦੇ ਪ੍ਰਸਾਰ ਲਈ ਨਾਰੀ ਸ਼ਕਤੀ ਵੰਦਨ ਮੈਰਾਥਨ ਦਾ ਆਯੋਜਨ ਕੀਤਾ ਗਿਆ।

ਇਸ ਮੈਰਾਥਨ ਵਿੱਚ ਪਟਿਆਲਾ ਜ਼ਿਲ੍ਹਾ ਮਹਿਲਾ ਮੋਰਚਾ ਦੀ ਟੀਮਾਂ ਅਤੇ ਪਟਿਆਲਾ ਦੀ ਵੱਖ ਵੱਖ ਸਮਾਜਿਕ ਸੰਸਥਾਵਾਂ ਨੇ ਹਿੱਸਾ ਲਿਆ।

ਮੈਰਾਥਨ ਵਿੱਚ ਹਿੱਸਾ ਲੈ ਰਹੇ ਲੋਕਾਂ ਨੂੰ ਸੰਬੋਧਨ ਕਰਦਿਆਂ ਜੈ ਇੰਦਰ ਕੌਰ ਨੇ ਕਿਹਾ, ÷ਅੱਜ ਪ੍ਰਧਾਨ ਮੰਤਰੀ ਮੋਦੀ ਜੀ ਦੀ ਅਗਵਾਈ ਵਿੱਚ ਸਾਡੇ ਦੇਸ਼ ਦੀਆਂ ਔਰਤਾਂ ਨੂੰ ਸਮਰਪਿਤ ਕਈ ਯੋਜਨਾਵਾਂ ਕੇਂਦਰ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਹਨ, ਜਿਸ ਵਿੱਚ ਉਜਵਲਾ ਯੋਜਨਾ, ਸੁਕੰਨਿਆ ਸਮ੍ਰਿਧੀ ਯੋਜਨਾ, ਉਜਵਲਾ ਯੋਜਨਾ, ਮੁਦਰਾ ਲੋਨ ਯੋਜਨਾ, ਡਰੋਨ ਦੀਦੀ ਯੋਜਨਾ, ਲਖਪਤੀ ਯੋਜਨਾ ਆਦਿ ਯੋਜਨਾਵਾਂ ਹਨ। ਸਾਡੇ ਦੇਸ਼ ਦੀ ਔਰਤਾਂ ਦੇ ਜੀਵਨ ਵਿੱਚ ਤਬਦੀਲੀ ਲਿਆਉਣ ਅਤੇ ਉਨ੍ਹਾਂ ਨੂੰ ਸਸ਼ਕਤ ਬਣਾਉਣ ਲਈ ਸਾਡੇ ਮਾਨਯੋਗ ਪ੍ਰਧਾਨਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਪੂਰੀ ਤਰ੍ਹਾਂ ਨਾਲ ਸਮਰਪਿਤ ਹਨ। ਉਹ ਨਾ ਸਿਰਫ਼ ਔਰਤਾਂ ਦੇ ਵਿਕਾਸ ਨੂੰ ਸਮਰਪਿਤ ਹੈ, ਸਗੋਂ ਇਹ ਵੀ ਚਾਹੁੰਦੇ ਹਨ ਕਿ ÷ਮਹਿਲਾਵਾਂ ਦੀ ਅਗਵਾਈ ਵਿੱਚ ਹੀ ਵਿਕਾਸ ਹੋਣਾ ਚਾਹੀਦਾ ਹੈ। ਪੰਜਾਬ ਮਹਿਲਾ ਮੋਰਚਾ ਪ੍ਰਧਾਨ ਬੀਬਾ ਜੈ ਇੰਦਰ ਕੌਰ ਨੇ ਕਿਹਾ, ਪ੍ਰਧਾਨਮੰਤਰੀ ਸ਼੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਔਰਤਾਂ ਲਈ 33% ਰਾਖਵਾਂਕਰਨ ਲਿਆ ਕਿ, ਔਰਤਾਂ ਦੀ ਸੰਸਦ ਵਿੱਚ ਸਹੀ ਨੁਮਾਇੰਦਗੀ ਨੂੰ ਵੀ ਯਕੀਨੀ ਬਣਾਇਆ ਹੈ ਅਤੇ ਇਸ ਲਈ ਅਸੀਂ ਉਨ੍ਹਾਂ ਦੇ ਦਿਲੋਂ ਧੰਨਵਾਦੀ ਹਾਂ। ਜੈ ਇੰਦਰ ਕੌਰ ਨੇ ਅੱਗੇ ਕਿਹਾ, ਔਰਤਾਂ ਦੀ ਇਸ ਦ੍ਰਿੜ ਭਾਵਨਾ ਨੂੰ ਪ੍ਰਦਰਸ਼ਿਤ ਕਰਨ ਲਈ, ਅੱਜ ਪਟਿਆਲਾ ਜ਼ਿਲ੍ਹੇ ਸਮੇਤ ਪੂਰੇ ਪੰਜਾਬ ਦੀਆਂ ਔਰਤਾਂ ਨੇ ਅੱਗੇ ਆ ਕੇ ਇਸ ਮਹਿਲਾ ਸ਼ਕਤੀ ਵੰਦਨ ਪ੍ਰੋਗਰਾਮ ਦੇ ਤਹਿਤ ਮੈਰਾਥਨ ਦੌੜ ਵਿੱਚ ਹਿੱਸਾ ਲਿਆ ਅਤੇ ਪ੍ਰਧਾਨ ਮੰਤਰੀ ਦਾ ਔਰਤਾਂ ਪ੍ਰਤੀ ਉਨ੍ਹਾਂ ਦੇ ਦ੍ਰਿਸ਼ਟੀਕੋਣ ਦਾ ਧੰਨਵਾਦ ਕੀਤਾ। ਸਾਡੀ ਔਰਤਾਂ ਇਸ ਗੱਲ ਲਈ ਵਚਨਬੱਧ ਹਨ ਕਿ ਉਹ ਨਰਿੰਦਰ ਮੋਦੀ ਜੀ ਨੂੰ ਮੁੜ ਤੋਂ ਦੇਸ਼ ਦਾ ਪ੍ਰਧਾਨਸੇਵਕ ਬਣਾਉਣਾ ਚਾਹੁੰਦੀਆਂ ਹਨ।

# ਕੇਂਦਰੀ ਜੇਲ੍ਹ 'ਚ ਪੰਜਾਬ ਪ੍ਰੀਜ਼ਨ ਉਲੰਪਿਕ ਖੇਡਾਂ ਸ਼ੁਰੂ

**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਜੇਲ੍ਹ ਪਟਿਆਲਾ ਵਿਖੇ ਅੱਜ ਪੰਜਾਬ ਪ੍ਰੀਜ਼ਨ ਉਲੰਪਿਕਜ਼ 2024 ਦੀਆਂ ਪਟਿਆਲਾ ਜ਼ੋਨ ਦੀਆਂ ਖੇਡਾਂ ਸ਼ੁਰੂ ਕੀਤੀਆਂ ਗਈਆਂ। ਇਸ ਦੌਰਾਨ ਸੁਪਰਡੈਂਟ ਕੇਂਦਰੀ ਜੇਲ੍ਹ ਪਟਿਆਲਾ ਮਨਜੀਤ ਸਿੰਘ ਸਿੱਧੂ ਵੱਲੋਂ ਖੇਡਾਂ ਦਾ ਉਦਘਾਟਨ ਕੀਤਾ ਗਿਆ।

ਇਸ ਦੌਰਾਨ ਸਮਾਗਮ ਵਿੱਚ ਐਡੀਸ਼ਨਲ ਸੁਪਰਡੈਂਟ ਸ਼੍ਰੀ ਹਰਚਰਨ ਸਿੰਘ ਗਿੱਲ, ਡਿਪਟੀ ਸੁਪਰਡੈਂਟ ਸ਼੍ਰੀ ਜੈਦੀਪ ਸਿੰਘ ਅਤੇ ਡਿਪਟੀ ਸੁਪਰਡੈਂਟ ਬਲਜਿੰਦਰ ਸਿੰਘ ਚੱਠਾ ਵੀ ਇਸ ਸਮਾਗਮ ਵਿੱਚ ਮੌਜੂਦ ਰਹੇ।

ਇਹਨਾਂ ਜ਼ੋਨਲ ਖੇਡਾਂ ਵਿੱਚ ਕੁਲ ਸੱਤ ਜੇਲ੍ਹਾਂ ਕੇਂਦਰੀ ਜੇਲ੍ਹ ਪਟਿਆਲਾ, ਕੇਂਦਰੀ ਜੇਲ੍ਹ ਸ਼੍ਰੀ ਗੋਇੰਦਵਾਲ ਸਾਹਿਬ, ਜ਼ਿਲ੍ਹਾ ਜੇਲ੍ਹ ਰੂਪਨਗਰ, ਖੁੱਲ੍ਹੀ ਖੇਤੀਬਾੜੀ ਜੇਲ੍ਹ ਨਾਭਾ, ਜ਼ਿਲ੍ਹਾ ਜੇਲ੍ਹ ਸੰਗਰੂਰ, ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਅਤੇ ਸਬ ਜੇਲ੍ਹ ਮਲੇਰਕੋਟਲਾ ਵੱਲੋਂ ਰੱਸਾ ਕੱਸੀ, ਵਾਲੀ ਬਾਲ, ਬੈਡਮਿੰਟਨ, ਲਾਂਗ ਜੰਪ, 400 ਮੀਟਰ ਰੇਸ, 100 ਮੀਟਰ ਰੇਸ, ਕਬੱਡੀ, ਸ਼ਤਰੰਜ, ਬੈਡਮਿੰਟਨ, 60 ਮੀਟਰ ਰੇਸ ਅਤੇ ਸ਼ਾਟ ਪੁੱਟ ਗੇਮਾਂ ਵਿੱਚ ਹਿੱਸਾ ਲੈਣਾ ਹੈ। ਇਹਨਾਂ ਖੇਡਾਂ ਦਾ ਸਮਾਪਨ ਮਿਤੀ 10/03/2024 ਨੂੰ ਹੋਵੇਗਾ।

# ਤਿੰਨ ਰੋਜ਼ਾ ਰਾਸ਼ਟਰੀ ਪਲਸ ਪੋਲੀਓ ਮੁਹਿੰਮ ਸਫ਼ਲਤਾ ਪੂਰਵਕ ਜਾਰੀ : ਡਾ. ਜੰਗਜੀਤ ਸਿੰਘ



**ਸ੍ਰੀ ਕੀਰਤਪੁਰ ਸਾਹਿਬ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ. ਮਨੂੰ ਵਿਜ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਡਾ. ਨਵਰੂਪ ਕੌਰ, ਜਿਲ੍ਹਾ ਟੀਕਾਕਰਨ ਅਫਸਰ ਅਤੇ ਡਾ. ਦਲਜੀਤ ਕੌਰ ਸੀਨੀਅਰ ਮੈਡੀਕਲ ਅਫਸਰ ਮੁੱਢਲਾ ਸਿਹਤ ਕੇਂਦਰ ਕੀਰਤਪੁਰ ਸਾਹਿਬ ਦੀ ਅਗਵਾਈ ਹੇਠ ਪਲਸ ਪੋਲੀਓ ਮੁਹਿੰਮ 03 ਮਾਰਚ ਤੋਂ 7 ਮਾਰਚ ਚਲਾਈ ਜਾ ਰਹੀ ਹੈ, ਜਿਸ ਵਿੱਚ ਤੱਕ 0 ਤੋਂ 5 ਸਾਲ ਦੇ ਬੱਚਿਆਂ ਦੀ ਪੋਲੀਓ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ। ਇਸ ਦੌਰਾਨ ਪਹਿਲੇ ਦਿਨ 9713 ਬੱਚਿਆਂ ਨੂੰ ਪੋਲੀਓ ਬੂੰਦਾਂ ਪਿਲਾਈਆਂ ਗਈਆਂ ਹਨ।

ਡਾ.ਜੰਗਜੀਤ ਸਿੰਘ ਬਲਾਕ ਨੋਡਲ ਅਫਸਰ ਤੇ ਕਾਰਜਕਾਰੀ ਸੀਨੀਅਰ ਮੈਡੀਕਲ ਅਫਸਰ ਦੁਆਰਾ ਵੱਖ ਵੱਖ ਬੂਥਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਡਾ. ਜੰਗਜੀਤ ਸਿੰਘ ਨੇ ਦੱਸਿਆ ਕਿ ਇਸ ਤਿੰਨ ਦਿਨਾਂ ਪਲਸ ਪੋਲੀਓ ਰਾਊਂਡ ਵਿੱਚ ਪਹਿਲੇ ਦਿਨ ਨਿਰਧਾਰਤ ਬੂਥਾਂ ਤੇ 0 ਤੋਂ 5 ਸਾਲ ਦੇ ਬੱਚਿਆਂ ਨੂੰ ਪੋਲੀਓ ਦੀ ਦਵਾਈ ਪਲਾਈ ਗਈ, ਬਾਕੀ ਰਹਿ ਗਏ ਬੱਚਿਆਂ ਨੂੰ ਘਰ ਘਰ ਜਾ ਕੇ ਪੋਲੀਓ ਬੂੰਦਾਂ ਪਿਲਾਈਆਂ ਜਾ ਰਹੀਆਂ ਹਨ, ਤਾਂ ਜੋ ਕੋਈ ਵੀ ਬੱਚਾ ਪੋਲੀਓ ਦੀਆਂ ਬੂੰਦਾਂ ਪੀਣ ਤੋਂ ਵਾਝਾ ਨਾ ਰਹੇ।

ਉਨ੍ਹਾਂ ਦੱਸਿਆ ਕਿ ਇਸ ਰਾਊਂਡ ਵਿੱਚ ਤਕਰੀਬਨ 350 ਦੇ ਕਰੀਬ ਸਟਾਫ ਲਗਾਇਆ ਹੋਇਆ ਹੈ, ਟੀਮਾਂ ਦੀ ਦੇਖ ਰੇਖ ਲਈ 20 ਸੁਪਰਵਾਈਜ਼ਰ ਲਗਾਏ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਝੁੱਗੀਆਂ, ਟੱਪਰਵਾਸੀਆਂ ਦੇ ਟਿਕਾਣੇ, ਭੱਠਿਆਂ, ਕੰਨਸਟਰਕਸ਼ਨ ਸਾਈਟਾਂ ਵਰਗੇ ਹਾਈ ਰਿਸਕ ਏਰੀਏ ਵਿੱਚ ਖਾਸ ਤੌਰ ਤੇ ਟੀਮਾਂ ਤਾਇਨਾਤ ਕੀਤੀਆਂ ਹੋਈਆਂ ਹਨ। ਇਸ ਮੁਹਿੰਮ ਦੌਰਾਨ ਵੱਖ ਵੱਖ ਸਮਾਜ ਸੇਵੀਆ ਦੁਆਰਾ ਪੋਲੀਓ ਰਾਊਂਡ ਦੀ ਸ਼ੁਰੂਆਤ ਕੀਤੀ ਗਈ ਹੈ, ਜਿਸ ਵਿੱਚ ਬਲਵਿੰਦਰ ਕੌਰ ਬੈਂਸ ਮਾਤਾ (ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ), ਕਸ਼ਮੀਰਾ ਸਿੰਘ, ਹੈੱਡਮਾਸਟਰ ਮਨਜੀਤ ਸਿੰਘ, ਕੁਲਤਾਰ ਸਿੰਘ, ਹਰਜੀਤ ਕੌਰ ਮਾਤਾ ਜੀਤੋ ਜੀ ਸੁਸਾਇਟੀ, ਸੰਤ ਬਾਬਾ ਦਲਜੀਤ ਸਿੰਘ, ਕੈਪਟਨ ਰਾਮ ਪਾਲ ਮੋਹੀਵਾਲ, ਐਡਵੋਕੇਟ ਹਰਦੇਵ ਸਿੰਘ, ਡਾ. ਮਨਪ੍ਰੀਤ ਕੌਰ ਤੇ ਗੁਰਮੀਤ ਕੌਰ, ਦਸ਼ਮੇਸ਼ ਮਿਸ਼ਨ ਵੀ ਉਚੇਚੇ ਤੌਰ ਤੇ ਹਾਜ਼ਰ ਸਨ। ਇਸ ਮੌਕੇ ਸਿਕੰਦਰ ਸਿੰਘ ਐਸ.ਆਈ, ਸਖਦੀਪ ਸਿੰਘ ਐਸ.ਆਈ, ਭਰਤ ਕਪੂਰ ਸੀ.ਓ, ਬਲਜੀਤ ਸਿੰਘ ਆਈ.ਏ ਹਾਜ਼ਰ ਸਨ।

# ਜਗਦੀਪ ਗੋਲਡੀ ਵੱਲੋਂ ਵੱਖ ਵੱਖ ਗੁਰਧਾਮਾ ਦੇ ਦਰਸ਼ਨਾਂ ਲਈ ਪਿੰਡ ਗੁਮਾਨੀ ਵਾਲਾ ਤੋਂ ਸੰਗਤਾਂ ਦੀ ਬੱਸ ਰਵਾਨਾ



**ਜਲਾਲਾਬਾਦ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗੁਵਾਈ ਵਾਲੀ ਸਰਕਾਰ ਦੇ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਮੁਹਿੰਮ ਦੇ ਤਹਿਤ ਲਗਾਤਾਰ ਵੱਖ-ਵੱਖ ਗੁਰਧਾਮਾਂ ਦੇ ਦਰਸ਼ਨਾਂ ਲਈ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੇ ਵੱਲੋਂ ਲਗਾਤਰ ਬੱਸਾ ਨੂੰ ਰਵਾਨਾ ਕੀਤਾ ਜਾ ਰਿਹਾ ਹੈ।ਇਸੇ ਮੁਹਿੰਮ ਦੇ ਤਹਿਤ ਅੱਜ ਜਲਾਲਾਬਾਦ ਦੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਦੀ ਅਗਵਾਈ ਹੇਠ ਹਲਕੇ ਦੇ ਪਿੰਡ ਗੁਮਾਨੀ ਵਾਲਾ ਤੋਂ ਮਾਰਕਿਟ ਕਮੇਟੀ ਦੇ ਚੇਅਰਮੈਨ ਦੇਵ ਰਾਜ ਸ਼ਰਮਾ, ਬਲਾਕ ਪ੍ਰਧਾਨ ਬੇਅੰਤ ਕੰਬੋਜ ਤੇ ਆਪ ਆਗੂ ਅਸ਼ੋਕ ਵਾਟਸ ਦੇ ਵੱਲੋਂ ਸੰਗਤਾਂ ਦੀ ਬੱਸ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਬੱਸ ਰਵਾਨਾ ਕੀਤੀ ਗਈ। ਇਸ ਮੌਕੇ ਹਾਜ਼ਰ ਆਗੂਆਂ ਨੇ ਦੱਸਿਆ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਸਰਕਾਰ ਦੇ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਮੁਹਿੰਮ ਚਲਾਈ ਗਈ ਸੀ ਤਾਂ ਕਿ ਜਿਹੜੇ ਲੋਕ ਆਪਣੇ ਖਰਚ 'ਤੇ ਗੁਰਧਾਮਾਂ ਦੇ ਦਰਸ਼ਨ ਨਹੀ ਕਰ ਸਕਦੇ ਸਨ ਪਰ ਸਰਕਾਰ ਦੇ ਇਸ ਉਪਰਾਲੇ ਨਾਲ ਲੋਕ ਮੁਫ਼ਤ 'ਚ ਗੁਰੂਧਾਮਾਂ ਦੇ ਦਰਸ਼ਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪਿੰਡ ਗੁਮਾਨੀ ਵਾਲਾ ਤੋਂ ਜੋ ਬੱਸ ਰਵਾਨਾ ਕੀਤੀ ਗਈ ਹੈ ਉਸ ਦੇ ਵਿੱਚ 43 ਸ਼ਰਧਾਲੂ ਰਵਾਨਾ ਹੋਏ ਅਤੇ ਜਿਨ੍ਹਾਂ ਦੇ ਖਾਣ ਪੀਣ ਦਾ ਪ੍ਰਬੰਧ ਵੀ ਸਰਕਾਰ ਦੇ ਵੱਲੋਂ ਹੀ ਕੀਤਾ ਗਿਆ ਹੈ।

ਆਗੂਆਂ ਨੇ ਕਿਹਾ ਕਿ ਅੱਗੇ ਵੀ ਇਸ ਮੁਹਿੰਮ ਦੇ ਤਹਿਤ ਬੱਸਾ ਨੂੰ ਰਵਾਨਾ ਕੀਤਾ ਜਾਵੇਗਾ ਤਾਂ ਕਿ ਲੋਕ ਵੱਧ ਤੋਂ ਵੱਧ ਇਸ ਮੁਹਿੰਮ ਦਾ ਲਾਭ ਲੈ ਕੇ ਦਰਸ਼ਨ ਕਰ ਸਕਣ।

# ਫ਼ਿਰੋਜ਼ਪੁਰ ਲੋਕ ਸਭਾ ਸੀਟ ਲਈ, ਕੀ ਕਾਂਗਰਸ ਓ.ਬੀ.ਸੀ ਓਮੀਂਦਵਾਰ 'ਤੇ ਖੇਡੇਗੀ ਦਾਅ

**ਜਲਾਲਾਬਾਦ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਫਿਰੋਜ਼ਪੁਰ ਲੋਕ ਸਭਾ ਸੀਟ 'ਤੇ ਕਾਂਗਰਸ ਪਾਰਟੀ ਵਲੋਂ ਉਮੀਂਦਵਾਰ ਐਲਾਨਣਾ ਫੈਸਲਾ ਜਿਥੇ ਚੁਣੌਤੀ ਭਰਿਆ ਹੋਵੇਗਾ, ਉਥੇ ਹੀ ਨਵੇਂ ਅਤੇ ਪੁਰਾਣੇ ਕਾਂਗਰਸੀਆਂ ਨੂੰ ਆਪਣੀ ਕਿਸਮਤ ਅਜਮਾਉਣ ਦਾ ਮੌਕਾ ਮਿਲ ਰਿਹਾ ਹੈ। ਇਸ ਵਾਰ ਵੇਖਣਾ ਹੋਵੇਗਾ ਕਿ ਫਿਰੋਜ਼ਪੁਰ ਤੋਂ ਜਿਤਣ ਲਈ ਕਿਹੜੇ-ਕਿਹੜੇ ਪੈਂਤਰੇ ਵਰਤੇ ਜਾਣਗੇ। ਇਸ ਵਾਰ ਕਾਂਗਰਸ ਪਾਰਟੀ ਕਿਸ 'ਤੇ ਵਿਸ਼ਵਾਸ਼ ਦਿਖਾਉਂਦੀ ਹੈ। ਫਿਲਹਾਲ ਰਾਹੁਲ ਗਾਂਧੀ ਵਲੋਂ ਖੁਲ ਕੇ ਬੋਲਣਾ ਅਤੇ ਓ.ਬੀ.ਸੀ. ਸ਼ੈਣੀ ਦੇ ਲੋਕਾਂ ਨੂੰ ਸਮਾਜਿਕ ਨਿਆਂ ਅਤੇ ਬਣਦਾ ਮਾਣ ਸਤਿਕਾਰ ਦੇਣ ਦੀ ਵੀ ਗੱਲ ਕੀਤੀ ਜਾ ਰਹੀ ਹੈ। ਜਿਸ ਦਾ ਅਸਰ ਓ.ਬੀ.ਸੀ. ਸ਼ੈਣੀ ਦੇ ਆਗੂਆਂ 'ਚ ਵੇਖਣ ਨੂੰ ਮਿਲ ਰਿਹਾ ਹੈ, ਜਿਸ ਦੀ ਚਰਚਾ ਲੋਕ ਸਭਾ ਹਲਕਾ ਫਿਰੋਜ਼ਪੁਰ 'ਚ ਜੋਰਾਂ 'ਤੇ ਚੱਲ ਰਹੀ ਹੈ। ਇਸੇ ਕਾਰਨ ਫਿਰੋਜ਼ਪੁਰ ਤੋਂ ਸੀਨੀਅਰ ਅਤੇ ਓ.ਬੀ.ਸੀ ਦੇ ਸੂਬਾ ਚੈਅਰਮੇਨ ਰਾਜਬਖਸ਼ ਕੰਬੋਜ ਜੋ ਕਿ ਰਾਹੁਲ ਗਾਂਧੀ



ਦੇ ਨੇੜੇ ਮੰਨੇ ਜਾਂਦੇ ਹਨ ਨੇ ਆਪਣਾ ਨਾਮ ਫਿਰੋਜ਼ਪੁਰ ਲੋਕ ਸਭਾ ਸੀਟ ਲਈ ਮੁਢਲੇ ਤੋਰ 'ਤੇ ਦਿੱਤਾ ਗਿਆ ਹੈ। ਬੀਤੇ ਦਿਨਾਂ ਤੋਂ ਰਾਜਬਖਸ਼ ਕੰਬੋਜ ਪਾਰਟੀ ਪ੍ਰਤੀ ਬਹੁਤ ਹੀ ਐਕਟੀਵਿਟੀਆਂ ਕਰ ਰਹੇ ਹਨ ਤੇ ਪਿੰਡ-ਪਿੰਡ ਜਾ ਕੇ ਕਾਂਗਰਸ ਪਾਰਟੀ ਦੀਆਂ ਨਿਤੀਆਂ ਤੋਂ ਜਾਣੂ ਵੀ ਕਰਵਾ ਰਹੇ ਹਨ ਤੇ ਜਦੋਂ ਤੋਂ ਰਾਜਬਖ਼ਸ਼ ਕੰਬੋਜ ਓ.ਬੀ.ਸੀ ਦੇ ਚੈਅਰਮੇਨ ਬਣੇ ਹਨ, ਉਦੋ ਤੋਂ ਹੀ ਜ਼ਿਲ੍ਹਾ, ਬਲਾਕ ਅਤੇ ਸਟੇਟ ਲੈਵਲ 'ਤੇ ਅਪਵਾਇਟਮੈਂਟ ਕੀਤੀਆਂ ਹਨ ਤੇ ਉਦੋਂ ਦਾ ਓ.ਬੀ.ਸੀ ਸੈਲ ਹਾਈਲੇਵਲ 'ਤੇ ਗਤੀਵਿਧੀਆਂ ਕਰ ਰਿਹਾ ਹੈ ਤੇ ਪਿਛੇ ਜਿਹੇ ਇੱਕ ਬਹੁਤ ਵੱਡਾ ਕੰਬੋਜ ਸੰਮੇਲਨ ਹੋਇਆ ਸੀ, ਉਥੇ ਵੱਡੀ ਗਿਣਤੀ 'ਚ ਕੰਬੋਜ ਬਿਰਾਦਰੀ ਨੇ ਭਾਗ ਲਿਆ ਸੀ ਤੇ ਇਹ ਆਵਾਜ ਉਠਾਈ ਸੀ ਕਿ ਫਿਰੋਜ਼ਪੁਰ ਤੋਂ ਓ.ਬੀ.ਸੀ ਦਾ ਉਮੀਦਵਾਰ ਖੜ੍ਹਾ ਕੀਤਾ ਜਾਵੇ ਤੇ ਕੰਬੋਜ ਬਿਰਾਦਰੀ ਨੇ ਇਹ ਗੱਲ ਕਹੀ ਸੀ ਕਿ ਜੋ ਵੀ ਪਾਰਟੀ ਸਾਡੀ ਬਿਰਾਦਰੀ ਨੂੰ ਸੀਟ ਦੇਵੇਗੀ, ਅਸੀ ਉਸ ਪਾਰਟੀ ਨੂੰ ਵੋਟ ਪਾਵਾਂਗੇ ਤੇ 40% ਵੋਟ ਓ.ਬੀ.ਸੀ ਦੀ ਹੈ ਤੇ ਐੱਸ.ਸੀ ਤੇ ਜਨਰਲ ਵਰਗ 'ਚ ਵੀ ਰਾਜਬਖਸ਼ ਕੰਬੋਜ ਦਾ ਚੰਗਾ ਰੁਤਬਾ ਹੈ।

ਬੇਸ਼ੱਕ ਰਾਜਬਖਸ਼ ਤੋਂ ਇਲਾਵਾ ਫਿਰੋਜ਼ਪੁਰ ਲੋਕ ਸਭਾ ਸੀਟ 'ਤੇ ਆਪਣੀ ਕਿਸਮਤ ਅਜਮਾਉਣ ਲਈ ਹੋਰ ਵੀ ਬਤੇਹਰੇ ਕਾਂਗਰਸੀ ਚਿਹਰੇ ਕਾਂਗਰਸ ਦੀ ਹਾਈਕਮਾਣ ਕੋਲ ਆਪਣੀ ਪਹੁੰਚ ਬਣਾ ਰਹੇ ਹਨ। ਫਿਲਹਾਲ ਵੇਖਣਾ ਇਹ ਹੋਵੇਗਾ ਕਿ ਕਾਂਗਰਸ ਹਾਈਕਮਾਣ ਕਿਸ ਉਮੀਦਵਾਰ 'ਤੇ ਭਰੋਸਾ ਜਤਾਉਂਦੀ ਹੈ।

# ਟਾਟਾ ਮੋਟਰਜ਼ ਦੀ ਫਲੈਗਸ਼ਿਪ #DARK ਸੀਰੀਜ਼ ਨਵੀਂ ਅਵਤਾਰ ਵਿੱਚ ਪੇਸ਼ ਕੀਤ




**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਟਾਟਾ ਮੋਟਰਜ਼, ਭਾਰਤ ਦੀ ਮੋਹਰੀ ਆਟੋਮੋਬਾਈਲ ਨਿਰਮਾਤਾ, ਨਿਊ ਫਾਰਐਵਰ ਦੀ ਆਪਣੀ ਵਚਨਬੱਧਤਾ 'ਤੇ ਖਰੀ ਹੈ, ਨੇ ਅੱਜ ਭਾਰਤ ਦੇ #1 ਵਿਕਣ ਵਾਲੇ SUV ਬ੍ਰਾਂਡ - ਨੈਕਸਨ ਨੂੰ ਆਪਣੀਆਂ 935 ਅਤੇ 5੭ ਪੇਸ਼ਕਸ਼ਾਂ ਦੋਵਾਂ ਲਈ ਪ੍ਰਸਿੱਧ #DARK ਅਵਤਾਰ ਵਿੱਚ ਪੇਸ਼ ਕੀਤਾ। ਇਸ ਸਫਲ ਰੇਂਜ ਨੂੰ ਜੋੜਦੇ ਹੋਏ, ਕੰਪਨੀ ਨੇ ਆਪਣੇ #DARK ਸੰਸਕਰਣਾਂ ਵਿੱਚ ਆਪਣੀ ਪ੍ਰੀਮੀਅਮ SUV - ਨਵੀਂ ਸਫਾਰੀ ਅਤੇ ਨਵਾਂ ਹੈਰੀਅਰ ਵੀ ਲਾਂਚ ਕੀਤਾ। ਨਵੇਂ Nexon ਲਈ ?11.45 ਲੱਖ ਦੀ ਸ਼ੁਰੂਆਤੀ ਕੀਮਤ 'ਤੇ ਉਪਲਬਧ, #DARK ਰੇਂਜ ਆਪਣੇ ਲਾਂਚ ਤੋਂ ਬਾਅਦ ਤੋਂ ਹੀ ਅਮੀਰੀ ਅਤੇ ਲਗਜ਼ਰੀ ਨੂੰ ਛੱਡ ਕੇ, ਉਦਯੋਗ ਵਿੱਚ ਇੱਕ ਰੁਝਾਨ ਸੈੱਟਰ ਰਹੀ ਹੈ। ਲਾਂਚ 'ਤੇ ਟਿੱਪਣੀ ਕਰਦੇ ਹੋਏ, ਸ਼੍ਰੀ ਵਿਵੇਕ ਸ਼੍ਰੀਵਤਸਾ, ਚੀਫ ਕਮਰਸ਼ੀਅਲ ਅਫਸਰ, ਟਾਟਾ ਪੈਸੇਂਜਰ ਇਲੈਕਟ੍ਰਿਕ ਮੋਬਿਲਿਟੀ ਲਿਮਟਿਡ , ਨੇ ਕਿਹਾ , #DARK ਐਡੀਸ਼ਨ ਨੇ ਸੱਚਮੁੱਚ ਨਵੀਂ ਪੀੜ੍ਹੀ ਦੀ ਕਲਪਨਾ ਨੂੰ ਕੈਪਚਰ ਕੀਤਾ ਹੈ, ਉਹਨਾਂ ਦੇ ਵਿਕਾਸਸ਼ੀਲ ਸਵਾਦ ਅਤੇ ਤਰਜੀਹਾਂ ਨੂੰ ਦਰਸਾਉਂਦਾ ਹੈ। ਇੱਕ ਮਨਮੋਹਕ ਬਾਹਰੀ ਡਿਜ਼ਾਇਨ ਅਤੇ ਇੱਕ ਵਿਸ਼ੇਸ਼ਤਾ ਨਾਲ ਭਰਪੂਰ ਅੰਦਰੂਨੀ, ਨਵਾਂ #DARK ਪਰਿਵਾਰ ਜਿਸ ਵਿੱਚ Nexon.ev, Nexon, Harrier ਅਤੇ Safari, ਵਾਪਸ ਆ ਗਏ ਅਤੇ ਪਹਿਲਾਂ ਨਾਲੋਂ ਬਿਹਤਰ ਹਨ। ਅਸੀਂ ਤੁਹਾਡੇ ਲਈ ਸਾਡੀ ਨਵੀਨਤਮ ਮੁਹਿੰਮ ਲਿਆਉਣ ਲਈ ਵੀ ਉਤਸ਼ਾਹਿਤ ਹਾਂ, ਖਾਸ ਤੌਰ 'ਤੇ ਇਸ ਰੇਂਜ ਲਈ ਸੰਕਲਪਿਤ, ਜੋ ਯਕੀਨੀ ਤੌਰ 'ਤੇ ਉਤਸ਼ਾਹ ਅਤੇ ਸ਼ਕਤੀਕਰਨ ਦੀ ਭਾਵਨਾ ਪੈਦਾ ਕਰੇਗੀ, ਲੋਕਾਂ ਨੂੰ ਨਵੀਂ #DARK ਰੇਂਜ ਦੀਆਂ ਬੇਮਿਸਾਲ ਸਮਰੱਥਾਵਾਂ ਦੀ ਪੜਚੋਲ ਕਰਨ ਲਈ ਸੱਦਾ ਦਿੰਦੀ ਹੈ, ਜੋ ਕਿ ਲਗਜ਼ਰੀ ਅਤੇ ਉੱਤਮ ਕਾਰੀਗਰੀ ਦਾ ਸਮਾਨਾਰਥੀ ਹੈ।

2019 ਵਿੱਚ ਹੈਰੀਅਰ ਦੇ ਨਾਲ ਪੇਸ਼ ਕੀਤਾ ਗਿਆ ਅਤੇ 2021 ਵਿੱਚ ਪੂਰੇ ਪੋਰਟਫੋਲੀਓ ਵਿੱਚ ਫੈਲਾਇਆ ਗਿਆ, ਟਾਟਾ ਮੋਟਰਜ਼ ਨੇ #DARK ਦੇ ਨਾਲ ਉਦਯੋਗ ਵਿੱਚ ਇੱਕ ਨਵਾਂ ਬੈਂਚਮਾਰਕ ਸਥਾਪਤ ਕੀਤਾ। #DARK ਨੇ ਉਦੋਂ ਤੋਂ ਟਾਟਾ ਯਾਤਰੀ ਅਤੇ ਇਲੈਕਟ੍ਰਿਕ ਵਾਹਨਾਂ ਦੇ ਪੋਰਟਫੋਲੀਓ ਦੀ ਸ਼ੈਲੀ ਅਤੇ ਪ੍ਰੀਮੀਅਮ ਅਪੀਲ ਨੂੰ ਉੱਚਾ ਕੀਤਾ ਹੈ, ਇਸ ਨੂੰ ਗਾਹਕਾਂ ਲਈ ਚੁਣਨ ਲਈ ਇੱਕ ਮਜਬੂਰ ਅਤੇ ਵਿਲੱਖਣ ਪ੍ਰਸਤਾਵ ਬਣਾ ਦਿੱਤਾ ਹੈ। #DARK ਰੇਂਜ ਆਪਣੇ ਦਸਤਖਤ #DARK ਮਾਸਕੌਟ ਅਤੇ DARK ਐਕਸਟੀਰਿਅਰ ਟ੍ਰੀਟਮੈਂਟ ਦੇ ਨਾਲ ਭਾਰਤ ਦੀਆਂ ਸਭ ਤੋਂ ਪਸੰਦੀਦਾ SUV ਵਿੱਚ ਬਹੁਤ ਸਾਰੇ ਦਿਲਚਸਪ ਸੁਧਾਰ ਲਿਆਉਂਦੀ ਹੈ, ਇਸ ਰੇਂਜ ਲਈ ਵਿਸ਼ੇਸ਼।

# ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਦੇ ਸੇਵਾਦਾਰ ਆਧੁਨਿਕ ਮਸ਼ੀਨਰੀ ਤੇ ਪ੍ਰਸਾਸ਼ਨ ਦੇ ਸਹਿਯੋਗ ਨਾਲ ਮੇਲਾ ਖੇਤਰ ਦੀ ਕਰ ਰਹੇ ਹਨ ਨਿਰੰਤਰ ਸਫਾਈ



**ਸ੍ਰੀ ਅਨੰਦਪੁਰ ਸਾਹਿਬ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਸ੍ਰੀ ਅਮ੍ਰਿਤਸਰ ਸਾਹਿਬ ਵਲੋਂ ਹੋਲੇ ਮਹੱਲੇ ਤੋ ਪਹਿਲਾ ਮੇਲਾ ਖੇਤਰ ਦੀ ਸਫਾਈ ਲਈ ਚਲਾਈ ਮੁਹਿੰਮ ਨਿਰੰਤਰ ਜਾਰੀ ਹੈ। ਕੀਰਤਪੁਰ ਸਾਹਿਬ ਤੇ ਸ੍ਰੀ ਅਨੰਦਪੁਰ ਸਾਹਿਬ ਦੇ ਮੇਲਾ ਖੇਤਰ ਵਿਚ ਸਫਾਈ ਲਈ ਪਿਛਲੇ ਕਈ ਦਿਨਾਂ ਤੋ ਭੂਰੀ ਵਾਲਿਆ ਦੇ ਸੇਵਾਦਾਰ ਲਗਾਤਾਰ ਆਧੁਨਿਕ ਮਸ਼ੀਨਰੀ ਨਾਲ ਸ਼ਹਿਰ ਦੀ ਸਫਾਈ ਸੇਵਾ ਕਰ ਰਹੇ ਹਨ। ਸੰਤਾ ਮਹਾਪੁਰਸ਼ਾ ਵਲੋਂ ਵੀ ਹੋਲਾ ਮਹੱਲਾ ਮੌਕੇ ਆ ਰਹੀ ਲੱਖਾਂ ਸੰਗਤਾਂ ਨੂੰ ਸਵੱਛਤਾ ਰੱਖਣ ਦੀ ਅਪੀਲ ਕੀਤੀ ਗਈ ਹੈ। ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆ ਵੱਲੋਂ ਸੰਗਤਾਂ, ਸੇਵਾਦਾਰਾ ਤੇ ਇਲਾਕਾ ਵਾਸੀਆਂ ਦੇ ਨਾਮ ਜਾਰੀ ਸੰਦੇਸ਼ ਵਿੱਚ ਕਿਹਾ ਹੈ ਕਿ ਹੋਲੇ ਮਹੱਲੇ ਉਪਰੰਤ ਸਮੁੱਚੇ ਮੇਲਾ ਖੇਤਰ ਨੂੰ ਸਾਫ ਸੁਥਰਾ ਕਰ ਕੇ ਹੀ ਇਨ੍ਹਾਂ ਇਤਿਹਾਸਕ ਪਵਿੱਤਰ ਨਗਰਾਂ ਦੀ ਚਲਾਈ ਸਫਾਈ ਮੁਹਿੰਮ ਨੂੰ ਵਿਰਾਮ ਦਿੱਤਾ ਜਾਵੇਗਾ।

ਆਧੁਨਿਕ ਮਸ਼ੀਨਰੀ ਨਾਲ ਜਿੱਥੇ ਸ਼ਹਿਰ ਦੀਆਂ ਸੜਕਾਂ ਦੀ ਵੈਕੀਊਮ ਨਾਲ ਸਫਾਈ ਕੀਤੀ ਜਾ ਰਹੀ ਹੈ, ਉਥੇ ਸੇਵਾਦਾਰ ਹੱਥੀ ਕੂੜਾ ਚੁੱਕ ਕੇ ਗੰਦਗੀ ਹਟਾ ਰਹੇ ਹਨ। ਰੁੱਖਾਂ ਦੀ ਕਟਾਈ, ਛਟਾਈ ਤੇ ਪੱਤਿਆਂ ਨੂੰ ਧੋਣ ਨਾਲ ਵਾਤਾਵਰਣ ਨੂੰ ਸਵੱਛ ਰੱਖਣ ਦਾ ਸੁਨੇਹਾ ਦੇ ਰਹੇ ਕਾਰ ਸੇਵਕਾ ਨਾਲ ਪ੍ਰਸਾਸ਼ਨ ਦੇ ਵੱਖ ਵੱਖ ਵਿਭਾਗਾਂ ਦੇ ਸਫਾਈ ਸੇਵਕ ਵੀ ਲੱਗੇ ਹੋਏ ਹਨ।

ਨਗਰ ਕੌਂਸਲ, ਮਗਨਰੇਗਾ ਵੱਲੋਂ ਵੀ ਸਾਰੇ ਸ਼ਹਿਰ ਵਿੱਚ ਲਗਾਤਾਰ ਸਫਾਈ ਕੀਤੀ ਜਾ ਰਹੀ ਹੈ। ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਵੱਲੋਂ ਤਖਤ ਸ੍ਰੀ ਕੇਸਗ ?ੜ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ ਬਾਬਾ ਭੂਰੀ ਵਾਲਿਆਂ ਬਾਬਾ ਸੁਖਵਿੰਦਰ ਸਿੰਘ (ਸੁੱਖਾ) ਜੀ ਨਾਲ ਸੁਰੂ ਕੀਤੀ ਇਸ ਸਫਾਈ ਮੁਹਿੰਮ ਨੂੰ ਵਿਆਪਕ ਹੁੰਗਾਰਾ ਮਿਲ ਰਿਹਾ ਹੈ। ਭਾਈ ਅਮਰਜੀਤ ਸਿੰਘ, ਬਾਬਾ ਕਾਲਾ ਜੀ, ਹਰਦੀਪ ਸਿੰਘ, ਮੁਖਤਾਰ ਸਿੰਘ ਦੀ ਅਗਵਾਈ ਵਿਚ ਸੈਕੜੇ ਸੇਵਾਦਾਰ ਦਿਨ ਰਾਤ ਸੇਵਾ ਕਰ ਰਹੇ ਹਨ।

# ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਚੋਣਾਂ; ਵੋਟਰ ਰਜਿਸਟ੍ਰੇਸ਼ਨ ਫਾਰਮ ਪ੍ਰਾਪਤ ਕਰਨ ਦੀ ਆਖਰੀ ਮਿਤੀ 'ਚ 30 ਅਪ੍ਰੈਲ ਤੱਕ ਵਾਧਾ : ਡਿਪਟੀ ਕਮਿਸ਼ਨਰ

**ਜਲੰਧਰ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਚੀਫ਼ ਕਮਿਸ਼ਨਰ, ਗੁਰਦੁਆਰਾ ਚੋਣਾਂ, ਪੰਜਾਬ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਨਵੇਂ ਬੋਰਡ ਦੇ ਗਠਨ ਲਈ ਵੋਟਰ ਸੂਚੀਆਂ ਦੀ ਤਿਆਰੀ ਸਬੰਧੀ ਸੋਧਿਆ ਹੋਇਆ ਸ਼ਡਿਊਲ ਜਾਰੀ ਕੀਤਾ ਗਿਆ ਹੈ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਪਹਿਲਾਂ ਜਾਰੀ ਸਮਾਂ ਸਾਰਣੀ ਅਨੁਸਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਰ ਰਜਿਸਟ੍ਰੇਸ਼ਨ ਫਾਰਮ 21 ਅਕਤੂਬਰ 2023 ਤੋਂ 29 ਫਰਵਰੀ 2024 ਤੱਕ ਪ੍ਰਾਪਤ ਕੀਤੇ ਜਾਣੇ ਸਨ ਪਰ ਸੋਧੇ ਹੋਏ ਸ਼ਡਿਊਲ ਅਨੁਸਾਰ ਵੋਟਰ ਰਜਿਸਟ੍ਰੇਸ਼ਨ ਫਾਰਮ ਪ੍ਰਾਪਤ ਕਰਨ ਦੀ ਆਖਰੀ ਮਿਤੀ ਵਿੱਚ 30 ਅਪ੍ਰੈਲ 2024 ਤੱਕ ਵਾਧਾ ਕਰ ਦਿੱਤਾ ਗਿਆ ਹੈ।

ਸ੍ਰੀ ਸਾਰੰਗਲ ਨੇ ਅੱਗੇ ਦੱਸਿਆ ਕਿ ਰਿਵਾਈਜ਼ਡ ਸ਼ਡਿਊਲ ਅਨੁਸਾਰ ਐਸ.ਜੀ.ਪੀ.ਸੀ. ਚੋਣਾਂ ਲਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ 21 ਮਈ 2024 ਨੂੰ ਕੀਤੀ ਜਾਵੇਗੀ, ਜਿਸ 'ਤੇ 11 ਜੂਨ 2024 ਤੱਕ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪ੍ਰਾਪਤ ਦਾਅਵਿਆਂ ਤੇ ਇਤਰਾਜ਼ਾਂ ਦਾ ਨਿਪਟਾਰਾ ਸਿੱਖ ਗੁਰਦੁਆਰਾ ਬੋਰਡ ਚੋਣਾਂ ਨਿਯਮ, 1959 ਦੇ ਰੂਲ 10 (3) ਅਨੁਸਾਰ 21 ਜੂਨ 2024 ਤੱਕ ਕਰ ਦਿੱਤਾ ਜਾਵੇਗਾ।

ਉਨ੍ਹਾਂ ਨੇ ਅੱਗੇ ਦੱਸਿਆ ਕਿ ਇਸ ਉਪਰੰਤ 2 ਜੁਲਾਈ 2024 ਨੂੰ ਸਪਲੀਮੈਂਟਰੀ ਵੋਟਰ ਸੂਚੀਆਂ ਦੀ ਤਿਆਰੀ ਅਤੇ ਛਪਾਈ ਕੀਤੀ ਜਾਵੇਗੀ ਅਤੇ 3 ਜੁਲਾਈ 2024 ਨੂੰ ਵੋਟਰ ਸੂਚੀਆਂ ਦੀ ਅੰਤਿਮ ਪ੍ਰਕਾਸ਼ਨਾ ਕਰ ਦਿੱਤੀ ਜਾਵੇਗੀ।

ਜ਼ਿਕਰਯੋਗ ਹੈ ਕਿ ਐਸ.ਜੀ.ਪੀ.ਸੀ. ਚੋਣਾਂ ਲਈ ਵੋਟਰ ਰਜਿਸਟ੍ਰੇਸ਼ਨ ਲਈ ਵਿਅਕਤੀ ਕੇਸਧਾਰੀ ਸਿੱਖ ਹੋਣਾ ਚਾਹੀਦਾ ਹੈ। ਜੋ ਵਿਅਕਤੀ ਆਪਣੀ ਦਾੜ੍ਹੀ ਕਟਵਾਉਂਦਾ/ਸ਼ੇਵ ਕਰਦਾ, ਬੀੜੀ/ਸਿਗਰਟ ਜਾਂ ਸ਼ਰਾਬ ਪੀਂਦਾ ਹੈ, ਆਪਣੇ ਆਪ ਨੂੰ ਵੋਟਰ ਵਜੋਂ ਰਜਿਸਟਰ ਨਹੀਂ ਕਰਵਾ ਸਕਦਾ।

# ਕੋਕਾ ਕੋਲਾ ਫੈਕਟਰੀ ਵਿਖੇ ਰਾਸ਼ਟਰੀ ਇੰਡਸਟਰੀਜ਼ ਸੇਫਟੀ ਦਿਵਸ ਮਨਾਇਆ

**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਸਰਕਾਰਾਂ ਦੇ ਹੁਕਮਾਂ ਅਨੁਸਾਰ ਮੈਨੇਜਮੈਂਟ ਅਤੇ ਅਧਿਕਾਰੀਆਂ ਵੱਲੋਂ ਕਰਮਚਾਰੀਆਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਨਾਗਰਿਕਾਂ ਨੂੰ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਸੀ ਪੀ ਆਰ ਫਾਇਰ ਸੇਫਟੀ ਅਤੇ ਰੈਸਕਿਊ ਪੀੜਤਾਂ ਨੂੰ ਟਰਾਂਸਪੋਰਟ ਕਰਨ ਦੀ ਟ੍ਰੇਨਿੰਗ ਦੇਣ ਲਈ ਜੰਗੀ ਪੱਧਰ ਤੇ ਯਤਨ ਕੀਤੇ ਜਾ ਰਹੇ ਹਨ ਤਾਂ ਜੋਂ ਹਾਦਸੇ ਰੋਕੇ ਜਾ ਸਕਣ ਅਤੇ ਕੀਮਤੀ ਜਾਨਾਂ ਬਚਾਈਆਂ ਜਾ ਸਕਣ। ਰਾਸ਼ਟਰੀ ਇੰਡਸਟਰੀਜ਼ ਸੇਫਟੀ ਦਿਵਸ਼ ਮੌਕੇ ਕਾਕਾ ਰਾਮ ਵਰਮਾ ਸੇਵਾ ਮੁਕਤ ਜਿਲਾ ਟ੍ਰੇਨਿੰਗ ਅਫ਼ਸਰ ਰੈਡ ਕਰਾਸ ਅਤੇ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ ਸਿਵਲ ਡਿਫੈਂਸ ਫਸਟ ਏਡ ਟ੍ਰੇਨਰ ਨੂੰ ਸੋਲਨ ਜ਼ਿਲੇ ਦੇ ਬੱਦੀ ਫੋਕਲ ਪੁਆਇੰਟ ਵਿਖੇ ਕੋਕਾ ਕੋਲਾ ਹਿੰਦੁਸਤਾਨ ਕਲੋਜਰਜ ਪ੍ਰਾਈਵੇਟ ਲਿਮਟਿਡ ਵਿਖੇ ਕਰਮਚਾਰੀਆਂ ਨੂੰ ਸੇਫਟੀ ਬਚਾਓ ਮਦਦ ਰੈਸਕਿਊ ਕਰਨ ਦੀ ਟ੍ਰੇਨਿੰਗ ਲੈਣ ਬੁਲਾਇਆ ਗਿਆ। ਕਾਕਾ ਰਾਮ ਵਰਮਾ ਨੇ ਤਰ੍ਹਾਂ ਤਰ੍ਹਾਂ ਦੇ ਪ੍ਰੈਕਟਿਕਲ ਕਰਵਾਕੇ ਕਰਮਚਾਰੀਆਂ ਨੂੰ ਹਾਦਸੇ ਘਟਾਉਣ ਅਤੇ ਕੀਮਤੀ ਜਾਨਾਂ ਅਤੇ ਪ੍ਰਾਪਰਟੀਆਂ ਨੂੰ ਬਚਾਉਣ ਲਈ 11 ਪ੍ਰਕਾਰ ਦੀਆਂ ਟੀਮਾਂ ਬਣਾਕੇ ਅਭਿਆਸ ਕਰਵਾਏ ਅਤੇ ਹਰ ਛੇ ਮਹੀਨੇ ਮਗਰੋਂ ਫੈਕਟਰੀ ਵਿਖੇ ਮੌਕ ਡਰਿੱਲਾਂ ਕਰਵਾਉਣ ਦੀ ਸਿਫਾਰਸ਼ ਕੀਤੀ। ਉਨ੍ਹਾਂ ਨੇ ਦੱਸਿਆ ਕਿ ਅਚਾਨਕ ਹੋਣ ਵਾਲੀਆਂ ਮੌਤਾਂ ਦੇ ਮੁੱਖ ਕਾਰਨ, ਪੀੜਤਾਂ ਦੇ ਸਾਹ ਦਿਲ ਦੀਆਂ ਕਿਰਿਆਵਾਂ ਰੁਕਣ, ਦਿਮਾਗ ਨੂੰ ਆਕਸੀਜਨ ਗੁਲੂਕੋਜ਼ ਦੀ ਸਪਲਾਈ ਬੰਦ ਹੋਣ, ਵੱਧ ਖੂਨ ਨਿਕਲਣ, ਅੰਦਰੂਨੀ ਰਤਵਾਹ, ਅਚਾਨਕ ਪੈਣ ਵਾਲੇ ਦਿਲ ਦੇ ਦੌਰੇ ਅਨਜਾਇਨਾ ਕਾਰਡੀਅਕ ਅਰੈਸਟ ਬੇਹੋਸ਼ੀ ਬਲੱਡ ਪਰੈਸ਼ਰ ਸ਼ੂਗਰ ਦੇ ਘਟਣ ਅਤੇ ਗੈਸਾਂ ਧੂੰਏਂ ਮੱਲਵੇ ਵਿੱਚ ਫ਼ਸੇ ਰਹਿਣਾ ਹਨ। ਐਮਰਜੈਂਸੀ ਸਮੇਂ ਪੀੜਤਾਂ ਨੂੰ ਮਰਨ ਤੋਂ ਬਚਾਉਣ ਅਤੇ ਹਸਪਤਾਲ ਲੈਕੇ ਜਾਂਦੇ ਰਿਕਵਰੀ ਪੁਜੀਸ਼ਨ, ਵੈਂਟੀਲੇਟਰ ਬਣਾਉਟੀ ਸਾਹ ਕਿਰਿਆ ਅਤੇ ਸੀ ਪੀ ਆਰ, ਅਤੇ ਫ਼ਸਟ ਏਡ ਦੀ ਏ ਬੀ ਸੀ ਡੀ ਦੀ ਟ੍ਰੇਨਿੰਗ ਦਿੱਤੀ। ਫੈਕਟਰੀ ਵਿਖੇ ਲੱਗੇ ਅੱਗ ਬੁਝਾਉਣ ਵਾਲੇ ਸਿਲੰਡਰਾਂ ਦੀ ਵਰਤੋਂ, ਅੱਗਾਂ ਦੀ ਕਿਸਮਾਂ, ਅਤੇ ਅੱਗਾਂ ਬੁਝਾਉਣ ਲਈ ਪਾਨੀ ਮਿੱਟੀ ਰੇਤਾ, ਅੱਗ ਨੂੰ ਭੁੱਖਾ ਮਾਰਨਾ ਅਤੇ ਸਿਲੰਡਰਾਂ ਦੀ ਵਰਤੋਂ ਅਤੇ 112/181 ਅਤੇ 101/108 ਨੰਬਰਾਂ ਦੀ ਵਰਤੋਂ ਕਰਨ ਦੀ ਟ੍ਰੇਨਿੰਗ ਦਿੱਤੀ। ਆਵਾਜਾਈ ਨਿਯਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਨਾਬਾਲਗ ਅਤੇ ਬਿਨਾਂ ਲਾਈਸੈਂਸ, ਪ੍ਰਦੂਸ਼ਣ ਬੀਮਾ ਆਰ ਸੀ, ਬਿਨਾਂ ਹੈਲਮਟ ਸੀਟ ਬੈਲਟ ਵੱਧ ਸਪੀਡ ਅਤੇ ਨਿਯਮਾਂ ਦੇ ਉਲਟ ਵਹੀਕਲ ਚਲਾਉਣੇ ਘਾਤਕ ਸਿੱਧ ਹੋ ਰਹੇ ਹਨ। ਫੈਕਟਰੀ ਮੈਨੇਜਰ ਐਚ ਆਰ ਰਾਜੇਸ਼ ਕੁਮਾਰ, ਰਜਨੀਸ਼ ਯਾਦਵ, ਸੁਮੀਤ ਕਟਿਆਲ ਅਤੇ ਕਰਮਚਾਰੀਆਂ ਨੇ ਧੰਨਵਾਦ ਕਰਦੇ ਹੋਏ ਦੱਸਿਆ ਕਿ ਸ਼੍ਰੀ ਕਾਕਾ ਰਾਮ ਵਰਮਾ ਵਲੋਂ ਬਹੁਤ ਸਾਧਾਰਨ ਢੰਗ ਤਰੀਕਿਆਂ ਨਾਲ ਟਰੇਨਿੰਗ ਰਾਹੀਂ ਵਰਕਰਾਂ ਦੇ ਦਿਲ ਦਿਮਾਗ ਭਾਵਨਾਵਾਂ ਵਿਚਾਰਾਂ ਆਦਤਾਂ ਵਿੱਚ ਸੇਫਟੀ ਬਚਾਊ ਮਦਦ ਕਰਨ, ਸੀ ਪੀ ਆਰ ਰਿਕਵਰੀ ਪੁਜੀਸ਼ਨ ਵੈਂਟੀਲੇਟਰ ਬਣਾਉਟੀ ਸਾਹ ਦੀ ਸੰਜੀਵਨੀ ਬੂਟੀ ਅਤੇ ਆਤਮ ਵਿਸ਼ਵਾਸ ਹੌਂਸਲੇ ਦਿੱਤੇ ਹਨ ਜਿਸ ਰਾਹੀਂ ਮਰਦੇ ਇਨਸਾਨਾਂ ਨੂੰ ਬਚਾਉਣ ਦੀ ਕੋਸ਼ਿਸ਼ਾਂ ਕੀਤੀਆਂ ਜਾ ਸਕਦੀਆਂ ਹਨ

# ਡੀਏਵੀ ਪਬਲਿਕ ਸਕੂਲ ਪਟਿਆਲਾ ਦਾ ਗੁਨਮਯ ਗਰਗ NSEB-BC ਵਿੱਚ ਸਟੇਟ ਟਾਪਰ ਦੀ ਸੂਚੀ ਵਿੱਚ ਚਮਕਿਆ

**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**



ਬਾਰ੍ਹਵੀਂ ਮੈਡੀਕਲ ਦੇ ਗੁਨਮਯ ਗਰਗ ਨੇ ਬਾਇਓਲੋਜੀਕਲ ਸਾਇੰਸਜ਼ ਵਿੱਚ ਅਧਿਆਪਕਾਂ ਦੀ ਐਸੋਸੀਏਸ਼ਨ ਦੁਆਰਾ ਆਯੋਜਿਤ ਬਾਇਓਲੋਜੀ ਵਿੱਚ ਨੈਸ਼ਨਲ ਸਟੈਂਡਰਡ ਇਮਤਿਹਾਨ (ਐਨਐਸ ਈਬੀ-2023) ਵਿੱਚ ਦੇਸ਼ ਭਰ ਦੇ 29795 ਵਿਦਿਆਰਥੀਆਂ ਵਿੱਚੋਂ ਸਟੇਟ ਟਾਪਰ ਵਜੋਂ ਮੈਰਿਟ ਦਾ ਸਰਟੀਫਿਕੇਟ ਪ੍ਰਾਪਤ ਕਰਕੇ ਡੀਏਵੀ ਪਬਲਿਕ ਸਕੂਲ ਪਟਿਆਲਾ ਦਾ ਨਾ ਰੋਸ਼ਨ ਕੀਤਾ ਹੈ। ਇਹ ਟੈਸਟ ਹੋਮੀ ਭਾਬਾ ਸੈਂਟਰ ਫਾਰ ਸਾਇੰਸ ਐਜੂਕੇਸ਼ਨ, ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰਿਸਰਚ ਮੁੰਬਈ ਦੁਆਰਾ ਬਾਇਓਲੋਜੀਕਲ ਸਾਇੰਸਜ਼ ਵਿੱਚ ਉੱਤਮਤਾ ਨੂੰ ਉਤਸ਼ਾਹਿਤ ਕਰਦਾ ਹੈ। ਗੁਨਮਯ ਗਰਗ ਨੂੰ ਪੰਜਾਬ ਦੇ 1% ਮੈਰਿਟ ਧਾਰਕਾਂ ਵਿੱਚੋਂ ਚੋਟੀ ਦੇ ਸਥਾਨਾਂ 'ਤੇ ਰੱਖਿਆ ਗਿਆ ਹੈ। ਪ੍ਰਿੰਸੀਪਲ ਸ੍ਰੀ ਵਿਵੇਕ ਤਿਵਾਰੀ ਨੇ ਹੋਣਹਾਰ ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ ।

# ਕੁਝ ਕਹਿੰਦੀ ਐ ਤਸਵੀਰ...

• ਰਣਜੀਤ ਆਜ਼ਾਦ ਕਾਂਝਲਾ



*ਤੁਹਾਡੇ ਆਲੇ-ਦੁਆਲੇ ਬਹੁਤ ਕੁਝ ਅਜਿਹਾ ਹੈ, ਜਿਹੜਾ ਤੁਹਾਡੇ ਅੰਦਰ ਦੇ ਕਲਾਕਾਰ ਨੂੰ ਹਲੂਣਾ ਦਿੰਦਾ ਹੈ। ਉਸ ਨੂੰ ਕਲਾਤਮਕ ਨਜ਼ਰੀਏ ਤੋਂ ਦੇਖਣ ਅਤੇ ਉਸਨੂੰ ਕੈਮਰੇ ਦੀ ਅੱਖ 'ਚੋਂ ਲੰਘਾਉਣ ਦੀ ਕਲਾ ਦਾ ਨਾਂ ਹੀ ਹੈ ਫੋਟੋਗ੍ਰਾਫੀ। ਤੁਸੀਂ ਵੀ ਆਪਣੇ ਸੂਹਜ-ਸਵਾਦ ਦਾ ਨਮੂਨਾ ਪੰਜਾਬੀ ਜਾਗਰਣ ਦੇ ਪਾਠਕਾਂ ਨਾਲ ਸਾਂਝਾ ਕਰਨ ਲਈ ਆਪਣੀ ਖਿੱਚੀ ਬਿਹਤਰੀਨ ਤਸਵੀਰ ਸਾਨੂੰ ਜਲਦੀ ਆਪਣੇ ਪੂਰੇ ਸਿਰਨਾਵੇਂ ਸਮੇਤ ਭੇਜੋ।*

---

ਵਿਅੰਗ

# ਮਾਂ-ਬੋਲੀ ਦੇ ਸੇਵਾਦਾਰ

• ਪ੍ਰਿੰ. ਬਲਦੇਵ ਸਿੰਘ ਆਜ਼ਾਦ
94176 71364

'ਤੁਸੀਂ ਆਹ ਕੀ ਲੱਛਣ ਫੜ ਰੱਖੇ ਆ ਬਈ... ਘਟੀਆ ਅਤੇ ਅਸ਼ਲੀਲ ਗੀਤ ਗਾ-ਗਾ ਕੇ ਨੌਜਵਾਨ ਪੀੜ੍ਹੀ ਨੂੰ ਕੁਰਾਹੇ ਪਾਈ ਜਾ ਰਹੇ ਓ ਤੇ ਲੋਕਾਂ ਦੇ ਸੁਹਜ-ਸੁਆਦ ਦਾ ਸਤਿਆਨਾਸ਼ ਕਰੀ ਜਾ ਰਹੇ ਓ?' ਵਿਆਹ ਦੇ ਸਮਾਗਮ ਦੀ ਸਮਾਪਤੀ ਤੋਂ ਬਾਅਦ ਗਾਇਕ ਸੂਕਾ ਸ਼ੌਂਕੀ ਜਿਉਂ ਹੀ ਸਟੇਜ ਤੋਂ ਥੱਲੇ ਉਤਰਦਾ ਹੈ ਤਾਂ ਤਾਊ ਕੈਲਾ ਉਸ ਨੂੰ ਪੈ ਨਿਕਲਦਾ ਹੈ।

'ਨਹੀਂ ਬਾਬਿਓ, ਅਸੀਂ ਕਾਹਨੂੰ ਨੌਜਵਾਨਾਂ ਨੂੰ ਕੁਰਾਹੇ ਪਾ ਰਹੇ ਹਾਂ। ਅਸੀਂ ਤਾਂ ਸਗੋਂ ਮਾਡਰਨ ਗਾਇਕੀ ਨਾਲ ਉਨ੍ਹਾਂ ਦਾ ਭਰਪੂਰ ਮਨੋਰੰਜਨ ਕਰ ਰਹੇ ਹਾਂ। ਅਣਗਿਣਤ ਢੋਲ-ਢਮੱਕੇ ਵਜਾਉਂਦੇ ਹਾਂ, ਚੀਕ-ਚਿਹਾੜਾ ਪਾਉਂਦੇ ਹਾਂ ਤੇ ਸਭ ਦੇ ਮਨ ਨੂੰ ਭਾਉਂਦੇ ਹਾਂ। ਲੋਕ ਵੀ ਸਾਡੇ ਨਾਲ ਨੱਚਦੇ ਹਨ। ਬਾਬਿਓ, ਤੁਸੀਂ ਬਸ ਆਪਣੀ ਸੋਚ ਨੂੰ ਪਾਜ਼ੇਟਿਵ ਰੱਖੋ।' ਭੋਲਾ ਜਿਹਾ ਮੂੰਹ ਬਣਾ ਸੂਕਾ ਸ਼ੌਂਕੀ ਦੁੱਧ ਧੋਤਾ ਬਣਨ ਦੀ ਕੋਸ਼ਿਸ਼ ਕਰਦਾ ਹੈ।

'ਲੱਕ ਟਵੰਟੀ ਸਿਕਸ ਕੁੜੀ ਦਾ, ਫੋਰਟੀ ਵੇਟ ਫਿਕਸ ਕੁੜੀ ਦਾ-ਇਹ ਕਿਧਰਲਾ ਵਧੀਆ ਗੀਤ ਆ ਗਿਆ ਬਈ? ਨਾਲੇ ਲੋਕਾਂ ਦੀਆਂ ਧੀਆਂ-ਭੈਣਾਂ ਦੇ ਸਰੀਰ ਦੀ ਪੈਮਾਇਸ਼ ਕਰਨ ਦਾ ਅਧਿਕਾਰ ਥੋਨੂੰ ਕੀਹਨੇ ਦਿੱਤੈ?' ਤਾਊ ਕੈਲਾ ਪਤਾ ਨਹੀਂ ਕਦੋਂ ਕੁ ਦਾ ਭਰਿਆ-ਪੀਤਾ ਬੈਠਾ ਸੀ।

'ਬਾਬਿਓ ਤੁਸੀਂ ਤਾਂ ਖਾਹ-ਮ-ਖਾਹ ਹੀ ਨਰਾਜ਼ ਹੋਈ ਜਾ ਰਹੇ ਓ। ਇਹ ਗੀਤ ਤਾਂ ਸਾਡਾ ਮੋਸਟ ਪਾਪੂਲਰ ਗੀਤ ਐ। ਮੁੰਡੇ-ਕੁੜੀਆਂ ਤਾਂ ਇਸ ਗੀਤ 'ਤੇ ਨੱਚ-ਨੱਚ ਪਾਗਲ ਹੋ ਜਾਂਦੇ ਹਨ ਤੇ ਤੁਸੀਂ ਇਸ ਗੀਤ ਨੂੰ ਨੱਕ ਥੱਲੇ ਨਹੀਂ ਲਿਆ ਰਹੇ। ਅਸੀਂ ਤਾਂ ਮਾਂ-ਬੋਲੀ ਦੀ ਸੇਵਾ ਕਰ ਰਹੇ ਹਾਂ। ਤੁਸੀਂ ਇਹਦੇ ਬਾਰੇ ਕੀ ਸੋਚਦੇ ਓ, ਇਹ ਤੁਹਾਡਾ ਮਸਲਾ ਐ।" ਸੂਕਾ ਸ਼ੌਂਕੀ ਬੜੀ ਚਲਾਕੀ ਨਾਲ ਆਪਣਾ ਪੱਲਾ ਝਾੜਦਾ ਹੈ।

'ਕੁੜੀਆਂ-ਚਿੜੀਆਂ ਨੂੰ ਸਟੇਜਾਂ ਤੇ ਅੱਧ-ਨੰਗੀਆਂ ਕਰਕੇ ਨਚਾਉਣਾ ਤੇ ਬੇਹੂਦਾ ਹਰਕਤਾਂ ਕਰਨੀਆਂ, ਕਿਧਰਲੀ ਮਾਂ-ਬੋਲੀ ਦੀ ਸੇਵਾ ਹੈ? ਤੁਸੀਂ ਤਾਂ ਔਰਤ ਨੂੰ ਇਕ ਵਸਤੂ ਹੀ ਬਣਾ ਧਰਿਐ।' ਅਜੋਕੀ ਗਾਇਕੀ ਤੋਂ ਅੱਕਿਆ ਤਾਊ ਕੈਲਾ ਬੜੀ ਦੇਰ ਤੋਂ ਅਜਿਹੇ ਮੌਕੇ ਦੀ ਤਾਕ ਵਿਚ ਸੀ।

'ਬਾਬਿਓ, ਅਸੀਂ ਔਰਤ ਜਾਤੀ ਦਾ ਅਪਮਾਨ ਕਰਨ ਬਾਰੇ ਸੋਚ ਵੀ ਨਹੀਂ ਸਕਦੇ। ਅਸੀਂ ਤਾਂ ਸਗੋਂ ਉਸ ਦਾ ਸਨਮਾਨ ਕਰ ਰਹੇ ਹਾਂ-ਸਨਮਾਨ। ਤੁਸੀਂ ਵੇਖੋ, ਪਹਿਲਾਂ ਔਰਤ ਨੂੰ ਘਰ ਦੀ ਚਾਰ-ਦੀਵਾਰੀ ਵਿੱਚੋਂ ਬਾਹਰ ਨਹੀਂ ਸੀ ਨਿਕਲਣ ਦਿੱਤਾ ਜਾਂਦਾ ਤੇ ਅੱਜ ਅਸੀਂ ਉਸ ਨੂੰ ਵੱਡੀਆਂ- ਵੱਡੀਆਂ ਸਟੇਜਾਂ 'ਤੇ ਲੈ ਆਏ ਹਾਂ। ਅਸੀਂ ਤਾਂ ਅਣਖ ਵਾਲੇ ਲੋਕ ਹਾਂ ਬਾਬਿਓ ਅਤੇ ਇਹੀ ਅਣਖ ਅਸੀਂ ਪੰਜਾਬੀਆਂ ਵਿਚ ਜਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।' ਅਣਖ ਦੇ ਨਾਂ 'ਤੇ ਸੂਕਾ ਸ਼ੌਂਕੀ ਪਹਿਲਾਂ ਨਾਲੋਂ ਹੋਰ ਚੌੜਾ ਹੋ ਕੇ ਬਹਿੰਦਾ ਹੈ।

'ਤੁਸੀਂ ਅਜੋਕੀ ਗਾਇਕੀ ਵਿਚ ਪੰਜਾਬੀਆਂ ਦੀ ਅਣਖ ਨੂੰ ਵੀ ਗ਼ਲਤ ਤਰੀਕੇ ਨਾਲ ਪੇਸ਼ ਕਰੀ ਜਾ ਰਹੇ ਓ ... ਲੋਕਾਂ ਦੀਆਂ ਧੀਆਂ-ਭੈਣਾਂ ਨਾਲ ਛੇੜਖਾਨੀ ਕਰਨੀ, ਉਨ੍ਹਾਂ ਦੀ ਇੱਜ਼ਤ ਨੂੰ ਹੱਥ ਪਾਉਣਾ ਅਤੇ ਰੋਕਣ ਵਾਲੇ ਨੂੰ ਗੋਲੀਆਂ ਨਾਲ ਉਡਾਉਣਾ, ਇਹ ਕਿਹੜੇ ਪੰਜਾਬੀਆਂ ਦੀ ਅਣਖ ਐ?" ਤਾਊ ਕੈਲੇ ਦੀਆਂ ਅੱਖਾਂ ਵਿਚ ਹੁਣ ਲਾਲ ਡੋਰੇ ਪ੍ਰਤੱਖ ਰੂਪ ਵਿਚ ਵਿਖਾਈ ਦੇ ਰਹੇ ਸਨ।

'ਬਾਬਿਓ, ਸਮੇਂ ਦੇ ਅਨੁਸਾਰ ਹਰ ਚੀਜ਼ ਬਦਲ ਜਾਂਦੀ ਹੈ। ਹੁਣ ਸਮੇਂ ਦੇ ਬਦਲਣ ਨਾਲ ਪੰਜਾਬੀਆਂ ਦੀ ਅਣਖ ਦੇ ਅਰਥ ਵੀ ਬਦਲ ਚੁੱਕੇ ਹਨ। ਨਾਲੇ ਜੇ ਅਸੀਂ ਗਾਇਕੀ ਰਾਹੀਂ ਕਹਾਂਗੇ ਕਿ ਦੁੱਲੇ ਭੱਟੀ ਬਣ ਕੇ ਲੋਕਾਂ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਬਚਾਓ ਤਾਂ ਸਾਡੀ ਕੌਣ ਸੁਣੇਗਾ? ਅਸੀਂ ਤਾਂ ਬਸ ਤੁਕ-ਬੰਦੀ ਕਰ ਕਰ ਕੇ ਗਾਈ ਜਾ ਰਹੇ ਹਾਂ ਅਤੇ ਅਲੱਗ-ਅਲੱਗ ਚੈਨਲਾਂ ਤੇ ਉੱਚੀ-ਉੱਚੀ ਹੇਕਾਂ ਲਾ ਲੋਕਾਂ ਦਾ ਮਨ ਪ੍ਰਚਾਈ ਜਾ ਰਹੇ ਹਾਂ। ਨਾਲੇ ਬਾਬਿਓ, ਅਸੀਂ ਤਾਂ ਮਾਂ-ਬੋਲੀ ਦੀ ਸੇਵਾ ਕਰਨੀ ਐ ਤੇ ਉਹ ਅਸੀਂ ਕਰੀ ਜਾ ਰਹੇ ਹਾਂ।' ਸੂਕਾ ਸ਼ੌਂਕੀ ਅਜੇ ਵੀ ਆਪਣੇ ਪੈਰਾਂ 'ਤੇ ਪਾਣੀ ਨਹੀਂ ਸੀ ਪੈਣ ਦੇ ਰਿਹਾ।

> ਤੁਸੀਂ ਮਾਂ-ਬੋਲੀ ਦੇ ਸੇਵਾਦਾਰ ਨਹੀਂ, ਦੁਸ਼ਮਣ ਓ-, ਜੋ ਮਾਂ-ਬੋਲੀ ਦੇ ਖ਼ੂਬਸੂਰਤ ਚਿਹਰੇ 'ਤੇ ਲੱਚਰਤਾ, ਅਸ਼ਲੀਲਤਾ ਤੇ ਗੁੰਡਾਗਰਦੀ ਦਾ ਪੋਚਾ ਮਾਰ ਕੇ ਇਸ ਨੂੰ ਕਰੂਪ ਕਰਨ ਦੇ ਆਹਰੇ ਲੱਗੇ ਹੋਏ ਓ...



'ਸ਼ਰਾਬ ਪੀਣੀ, ਬਦਮਾਸ਼ੀ ਕਰਨੀ, ਮਾੜੇ ਨਾਲ ਧੱਕੇਸ਼ਾਹੀ ਕਰਨੀ ਅਤੇ ਬੰਦੂਕਾਂ-ਪਸਤੌਲਾਂ ਦੀ ਨੁਮਾਇਸ਼ ਕਰਨੀ ਕੀ ਇਹ ਗਾਇਕੀ ਵਿਚ ਬਹੁਤ ਜ਼ਰੂਰੀ ਐ? ਅਖੇ ਵਿਚ ਪਜੈਰੋ ਦੇ ਰੱਖ ਲਿਆ ਦੇਸੀ ਪਸਤੌਲ ... ਪਜੈਰੋ ਵਿਚ ਕੋਈ ਵਧੀਆ ਜਿਹੀ ਪੁਸਤਕ ਨਹੀਂ ਰੱਖੀ ਜਾ ਸਕਦੀ, ਜੀਹਦੇ ਨਾਲ ਲੋਕ ਸਿਆਣੇ ਹੋਣ ਅਤੇ ਇਸ ਕਰੂਪ ਜ਼ਿੰਦਗੀ ਦੇ ਨੈਣ-ਨਕਸ਼ ਸੰਵਾਰਨ ਦੇ ਸਮਰੱਥ ਹੋਣ।' ਤਾਊ ਕੈਲੇ ਦਾ ਇਹ ਅਣ-ਕਿਆਸਿਆ ਪ੍ਰਸ਼ਨ ਸੁਣ ਸੂਕਾ ਸ਼ੌਂਕੀ ਤ੍ਰਭਕਦਾ ਹੈ।

'ਬਾਬਿਓ, ਤੁਸੀਂ ਤਾਂ ਬਾਹਲੀਆਂ ਹੀ ਓਪਰੀਆਂ-ਓਪਰੀਆਂ ਗੱਲਾਂ ਕਰੀ ਜਾ ਰਹੇ ਓ। ਹੁਣ ਸਰਕਾਰ ਜੀ ਨੇ ਹਰ ਪਿੰਡ ਵਿਚ ਚਾਰ-ਚਾਰ ਠੇਕੇ ਖੋਲ੍ਹ ਦਿੱਤੇ ਹਨ। ਠੇਕਾ ਵੇਖ ਲੋਕ ਸ਼ਰਾਬ ਤਾਂ ਪੀਣਗੇ ਹੀ ਪੀਣਗੇ। ਸ਼ਰਾਬ ਪੀ ਕੇ ਬਦਮਾਸ਼ੀ ਕਰਨ ਨੂੰ ਚਿੱਤ ਕਰ ਹੀ ਆਉਂਦੈ। ਬਦਮਾਸ਼ੀ ਕਰਨ ਉਪਰੰਤ ਛਿਤਰੌਲ ਸੇਵਾ ਦਾ ਵੀ ਡਰ ਹੁੰਦੈ ਤੇ ਉਹਦੇ ਲਈ ਪਜੈਰੋ ਵਿਚ ਕੋਈ ਨਾ ਕੋਈ ਹਥਿਆਰ ਤਾਂ ਰੱਖਣਾ ਹੀ ਪਵੇਗਾ। ਭਾਵੇਂ ਕਿਵੇਂ ਵੀ ਲਿਆਓ-ਖੋਹ ਕੇ ਲਿਆਓ ਜਾਂ ਜ਼ਮੀਨ ਬੈਅ ਕਰਕੇ ਲਿਆਓ ਤੇ ਉਹ ਅਸੀਂ ਪੰਜਾਬੀਆਂ ਨੂੰ ਆਪੋ-ਆਪਣੀ ਪਜੈਰੋ ਵਿਚ ਰੱਖਣ ਦੀ ਸਲਾਹ ਦੇ ਰਹੇ ਹਾਂ। ਰਹੀ ਗੱਲ ਵਧੀਆ ਪੁਸਤਕ ਦੀ- ਪੰਜਾਬੀ ਅਜੇ ਐਨੇ ਸਿਆਣੇ ਨਹੀਂ ਹੋਏ ਕਿ ਉਹ ਆਪਣੀਆਂ ਗੱਡੀਆਂ ਵਿਚ ਵਧੀਆ ਪੁਸਤਕਾਂ ਰੱਖਣ ਅਤੇ ਪੜ੍ਹਨ। ਨਾਲੇ ਅਸੀਂ ਲੋਕਾਂ ਨੂੰ ਵਧੀਆ ਪੁਸਤਕਾਂ ਪੜ੍ਹਨ ਲਈ ਕਹਿ ਕੇ ਭੁੱਖੇ ਮਰਨੈ? ਅਸੀਂ ਤਾਂ ਉਨ੍ਹਾਂ ਨੂੰ ਸ਼ਰਾਬ ਪੀਣ, ਬੱਕਰੇ ਬੁਲਾਉਣ, ਲੁੱਟਾਂ-ਖੋਹਾਂ ਕਰਨ, ਮਾਰ-ਧਾੜ ਕਰਨ, ਨਜਾਇਜ਼ ਕਬਜ਼ੇ ਕਰਨ ਅਤੇ ਰਫ਼ਲਾਂ ਉਠਾਉਣ ਲਈ ਹੀ ਪ੍ਰੇਰਤ ਕਰਾਂਗੇ। ਨਾਲੇ ਅਸੀਂ ਤਾਂ ਮਾਂ-ਬੋਲੀ ਦੇ ਪੱਕੇ ਸੇਵਾਦਾਰ ਹਾਂ, ਐਨ ਸੋਲਾਂ ਕਲਾਂ ਸੰਪੂਰਨ ... ਹੀ..ਹੀ..ਹੀ...।' ਸੂਕੇ ਸ਼ੌਂਕੀ ਦੇ ਮੂੰਹੋਂ ਅਚੇਤ ਰੂਪ ਵਿਚ ਹੀ ਸੱਚ ਕਹਿ ਹੋ ਗਿਆ ਲੱਗਦਾ ਸੀ।

'ਆਪਣੀ ਗਾਇਕੀ ਰਾਹੀਂ ਤੁਸੀਂ ਸਮੁੱਚੇ ਸਮਾਜ ਨੂੰ ਬਹੁਤ ਵੱਡੀ ਢਾਅ ਲਾਈ ਹੈ। ਸਾਡੇ ਪਵਿੱਤਰ ਰਿਸ਼ਤਿਆਂ ਨੂੰ ਬਦਨਾਮ ਕੀਤਾ ਹੈ। ਸਕੂਲ-ਕਾਲਜ ਜੋ ਬੱਚਿਆਂ ਨੂੰ ਗਿਆਨ ਵੰਡਦੇ ਹਨ, ਉਨ੍ਹਾਂ ਨੂੰ ਵੀ ਤੁਸੀਂ ਆਸ਼ਕੀ ਦੇ ਅੱਡੇ ਬਣਾ ਦਿੱਤਾ ਹੈ ਅਖੇ ਪਲੱਸ ਟੂ ਵਿੱਚੋਂ ਫ਼ੇਲ ਹੋ ਗਿਆ, ਮੁੰਡਾ ਤੇਰੇ ਨਾਲ ਪੜ੍ਹਨ ਦਾ ਮਾਰਾ। ਅਜਿਹੇ ਗੀਤ ਗਾ-ਗਾ ਕੇ ਤੁਸੀਂ ਸਮਾਜ ਨੂੰ ਕੀ ਸਿੱਖਿਆ ਦੇਣੀ ਚਾਹੁੰਦੇ ਹੋ?' ਤਾਊ ਕੈਲੇ ਦਾ ਇਹ ਪ੍ਰਸ਼ਨ ਸੂਕੇ ਸ਼ੌਂਕੀ ਨੂੰ ਅੰਦਰ ਤਕ ਝੰਜੋੜ ਜਾਂਦਾ ਹੈ।

'ਬਾਬਿਓ, ਤੁਸੀਂ ਤਾਂ ਸਾਡੇ ਪਿੱਛੇ ਹੱਥ ਧੋ ਕੇ ਹੀ ਪੈ ਗਏ ਓ। ਚਲੋ ਮੰਨ ਲੈਂਦੇ ਹਾਂ ਕਿ ਸਾਡੀ ਅਜੋਕੀ ਗਾਇਕੀ ਨਾਲ ਸਮਾਜ 'ਤੇ ਬੁਰਾ ਪ੍ਰਭਾਵ ਪੈ ਰਿਹਾ ਹੈ ਪਰ ਇਸ ਲਈ ਤੁਸੀਂ ਸਾਨੂੰ ਇਕੱਲਿਆਂ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਸਾਡੇ ਨਾਲ-ਨਾਲ ਲੋਕ ਵੀ ਬਰਾਬਰ ਦੇ ਜ਼ਿੰਮੇਵਾਰ ਹਨ, ਜੋ ਸਭ ਕੁਝ ਵੇਖਦਿਆਂ ਹੋਇਆਂ ਵੀ 'ਆਪਾਂ ਕੀ ਲੈਣਾ' ਕਹਿ ਪੱਲਾ ਝਾੜ ਕੇ ਅਗਾਂਹ ਤੁਰ ਜਾਂਦੇ ਹਨ। ਇਹਦੇ ਨਾਲ-ਨਾਲ ਸਰਕਾਰਾਂ ਨੂੰ ਵੀ ਦੋਸ਼-ਮੁਕਤ ਨਹੀਂ ਕੀਤਾ ਜਾ ਸਕਦਾ। ਜਿਨ੍ਹਾਂ ਦੀ ਛਤਰ-ਛਾਇਆ ਹੇਠ ਸਭ ਕੁਝ ਹੋਈ ਜਾ ਰਿਹੈ। ਇਸ ਸਭ ਕੁਝ ਦੇ ਬਾਵਜੂਦ ਸਾਡੀ ਮਨਸ਼ਾ ਕੋਈ ਮਾੜੀ ਨਹੀਂ ਹੈ।

> 'ਫਿਟੇ ਮੂੰਹ ਇਹੋ ਜਿਹੀ ਗੀਤਕਾਰੀ ਦੇ ਅਤੇ ਲੱਖ ਲਾਹਨਤਾਂ ਇਹੋ ਜਿਹੀ ਗਾਇਕੀ ਦੇ ... ਅਖੇ ਜੀ ਅਸੀਂ ਤਾਂ ਮਾਂ-ਬੋਲੀ ਦੇ ਸੇਵਾਦਾਰ ਹਾਂ।' ਇਸ ਤੋਂ ਪਹਿਲਾਂ ਕਿ ਤਾਊ ਕੈਲਾ ਸੂਕੇ ਸ਼ੌਂਕੀ ਨੂੰ ਹੋਰ ਲਾਹਣਤਾਂ ਪਾਉਂਦਾ, ਉਹ ਅੱਖ ਦੇ ਫੋਰ ਵਿਚ ਹੀ ਕਿਧਰੇ ਭੀੜ 'ਚ ਲੋਪ ਹੋ ਗਿਆ ਸੀ...

---

ਕਹਾਣੀ

# ਕੋਈ ਤਾਂ ਹੈ

• ਸਰਦਾਰ ਬਸਰਾ



> ਸਰਦਾਰ ਬਸਰਾ ਦੀ ਇਹ ਆਖ਼ਰੀ ਕਹਾਣੀ ਹੈ ਜੋ ਉਨ੍ਹਾਂ ਤੁਰ ਜਾਣ ਤੋਂ ਪਹਿਲਾਂ ਪੰਜਾਬੀ ਜਾਗਰਣ ਨੂੰ ਭੇਜੀ ਸੀ। ਸ਼ਰਧਾਂਜਲੀ ਵਜੋਂ ਅਸੀਂ ਉਨ੍ਹਾਂ ਦੀ ਇਹ ਕਹਾਣੀ ਪ੍ਰਕਾਸ਼ਤ ਕਰ ਰਹੇ ਹਾਂ...

ਰਤਨ ਕੁਮਾਰ ਬੰਬਈ ਹਿੰਦੀ ਫਿਲਮਾਂ ਦਾ ਸੁਪਰ ਸਟਾਰ ਏ। ਉਹ ਪਟਿਆਲੇ ਤੋਂ ਆਉਂਦਿਆਂ ਹੀ ਸਟਾਰ ਨਹੀਂ ਸੀ ਬਣ ਗਿਆ। ਪੂਰੇ 15 ਸਾਲ ਉਹ ਨੂੰ ਬੰਬਈ ਦੀ ਖਾਕ ਛਾਨਣੀ ਪਈ। ਫੁਟਪਾਥਾਂ 'ਤੇ ਰਾਤ ਭੁੱਖਿਆਂ ਸੌਣਾ ਪਿਆ। ਕਿਧਰੇ ਵੀ ਉਸ ਨੂੰ ਕੰਮ ਨਾ ਮਿਲਦਾ। ਮਿਲਦਾ ਤਾਂ ਪੈਸੇ ਨਾ ਮਿਲਦੇ। ਪ੍ਰੋਡਿਊਸਰ-ਡਾਇਰੈਕਟਰ ਆਖਦੇ 'ਤੈਨੂੰ ਸਕਰੀਨ 'ਤੇ ਲਿਆ ਰਹੇ ਹਾਂ,ਏਨਾ ਥੋੜ੍ਹਾ। ਸਾਰਾ ਦੇਸ਼ ਤੈਨੂੰ ਦੇਖੇਗਾ।' ਪ੍ਰੋਡਿਊਸਰ ਦੇ ਦਫ਼ਤਰ ਦੇ ਚਪੜਾਸੀ ਵੀ ਰੋਹਬ ਨਾਲ ਗੱਲ ਕਰਦੇ। ਉਸ ਨੂੰ ਕਦੇ-ਕਦੇ ਮਾਡਲਿੰਗ ਮਿਲ ਜਾਂਦੀ। ਕਿਸੇ ਕੰਪਨੀ ਦੀ ਬਨੈਣ ਲਈ ਉਹਨੂੰ ਮਾਡਲਿੰਗ ਮਿਲੀ। ਪੈਸਿਆਂ ਦੀ ਉਹਨੂੰ ਬੜੀ ਲੋੜ ਸੀ। ਬਿਮਾਰ ਸੀ। ਸਟੂਡੀਓ ਪਹੁੰਚਿਆ ਪਰ ਮਾਡਲਿੰਗ ਦੀ ਸ਼ੂਟਿੰਗ ਕੈਂਸਲ ਹੋ ਗਈ। ਉਹ ਬੜਾ ਉਦਾਸ ਖੜ੍ਹਾ ਸੀ। ਬੱਸ ਦਾ ਕਿਰਾਇਆ ਵੀ ਉਹ ਕਿਸੇ ਤੋਂ ਮੰਗ ਕੇ ਲਿਆਇਆ ਸੀ। ਹੁਣ ਕੀ ਕਰੇ? ਭੁੱਖ ਲੱਗੀ ਹੋਈ ਸੀ। ਰਹਿੰਦਾ ਵੀ ਕਾਫ਼ੀ ਦੂਰ ਸੀ। ਏਨਾ ਤੁਰਿਆ ਵੀ ਨਹੀਂ ਸੀ ਜਾਣਾ।

ਉਹ ਆਪਣੀ ਮਾੜੀ ਕਿਸਮਤ ਨੂੰ ਕੋਸਣ ਲੱਗਾ। ਫਿਲਮ ਲਾਈਨ 'ਚ ਕਿਸਮਤ ਨੂੰ ਸਾਰੇ ਬੜੀ ਮਹੱਤਤਾ ਦਿੰਦੇ ਨੇ। ਉਹ ਵੀ ਇਸ ਬਾਰੇ ਸੋਚਣ ਲੱਗਾ। ਵੈਸੇ ਵੀ ਏਹਨੂੰ ਉਕਾ ਹੀ ਜ਼ਿੰਦਗੀ 'ਚੋਂ ਖਾਰਜ ਨਹੀਂ ਕੀਤਾ ਜਾ ਸਕਦਾ। ਉਹਨੂੰ ਅੰਗਰੇਜ਼ੀ ਦੀ ਇਕ ਕਹਾਵਤ ਯਾਦ ਆਈ, 'ਕੁਦਰਤ ਆਪਣਾ ਰੋਲ ਅਦਾ ਕਰਦੀ ਹੈ।' ਜਿੱਥੇ ਉਹ ਖੜ੍ਹਾ ਸੀ ਉਹਦੇ ਸਾਹਮਣੇ ਇਕ ਵੱਡੇ ਪ੍ਰੋਡਿਊਸਰ ਦਾ ਦਫ਼ਤਰ ਸੀ। ਉਸ ਨੂੰ ਆਪਣੀ ਅਗਲੀ ਫ਼ਿਲਮ ਲਈ ਕਿਸੇ ਨਵੇਂ ਮੁੰਡੇ ਦੀ ਲੋੜ ਸੀ। ਉਹਦੀ ਨਜ਼ਰ ਰਤਨ 'ਤੇ ਪਈ।

ਉਸ ਨੇ ਰਤਨ ਨੂੰ ਬੁਲਾਇਆ ਤੇ ਉਹ ਰੋਲ ਉਸ ਨੂੰ ਦੇ ਦਿੱਤਾ। ਰਤਨ ਨੂੰ ਇਸ ਰੋਲ ਲਈ ਕੁਝ ਮੁਆਵਜ਼ਾ ਮਿਲਿਆ ਤੇ ਉਸ ਨੇ ਇਕ ਆਮ ਜਿਹੇ ਮੁਹੱਲੇ 'ਚ ਇਕ ਵਨ ਰੂਮ ਕਿਚਨ ਸੈੱਟ ਖ਼ਰੀਦ ਲਿਆ। ਉਹ ਜਾਣਦਾ ਸੀ ਕਿ ਬੰਬਈ 'ਚ ਸਿਰਫ਼ 7 ਫ਼ੀਸਦੀ ਲੋਕ ਚੰਗੇ ਫਲੈਟਾਂ ਤੇ ਚੰਗੇ ਇਲਾਕਿਆਂ 'ਚ ਰਹਿੰਦੇ ਨੇ। ਬਹੁਤੇ ਤਾਂ ਝੌਂਪੜਿਆਂ 'ਚ ਜਾਂ ਚਾਲਾਂ (ਇਕ ਲੰਮਾ ਜਿਹਾ ਕਮਰਾ ਤੇ ਉੱਤੇ ਲਾਲ ਰੰਗ ਦੀਆਂ ਟਾਇਲਾਂ ਦੀ ਤਿਰਛੀ ਛੱਤ) ਰਹਿੰਦੇ ਨੇ। ਬੰਬਈ 'ਚ ਜੂਨ ਤੋਂ ਸਤੰਬਰ ਤਕ ਚਾਰ ਮਹੀਨੇ ਭਰਵਾਂ ਮੀਂਹ ਪੈਂਦਾ। ਰਤਨ ਨੂੰ ਹੁਣ ਕੁਝ ਸਹੂਲਤ ਹੋ ਗਈ ਰਹਿਣ ਨੂੰ। ਘਰ 'ਚ ਉਹਨੇ ਇਕ ਸਟੋਵ ਰੱਖ ਲਿਆ। ਹੁਣ ਘਰ ਦੀ ਚਾਹ, ਨਾਸ਼ਤਾ ਤੇ ਰੋਟੀ ਬਣਾਉਂਦਾ ਤੇ ਖਾਂਦਾ। ਉਹਦੇ ਸੀਨੀਅਰ ਆਖਦੇ ਫਿਲਮ ਇੰਡਸਟਰੀ 'ਚ ਮਸਾਂ ਦਸ ਫ਼ੀਸਦੀ ਲੋਕ ਕਾਮਯਾਬ ਹੁੰਦੇ ਨੇ। ਕੁੜੀਆਂ ਦਾ ਤਾਂ ਇਸ ਇੰਡਸਟਰੀ 'ਚ ਬਹੁਤ ਬੁਰਾ ਹਾਲ ਹੁੰਦਾ। ਉਨ੍ਹਾਂ ਨੂੰ ਆਪਣੀ ਇੱਛਾ ਦੇ ਉਲਟ ਬਹੁਤ ਕੁਝ ਕਰਨਾ ਪੈਂਦਾ। ਹਾਲੀਵੁੱਡ ਦੀ ਇਕ ਸੁਪਰ ਸਟਾਰ ਹੀਰੋਇਨ ਨੇ ਆਪਣੀ ਸਵੈਜੀਵਨੀ 'ਚ ਲਿਖਿਆ-ਏਦ ਨਾ ਸੋਚੋ ਤੁਸੀ ਬਚ ਜਾਓਗੀਆਂ। ਸਿਆਣਪ ਏਸੇ ਗੱਲ 'ਚ ਹੈ ਕਿ ਤੁਸੀਂ ਉਸ ਬੰਦੇ ਨਾਲ ਸੌਂਵੋ ਜਿਦ੍ਹੇ 'ਚ ਤੁਹਾਨੂੰ ਫਿਲਮ 'ਚ ਨਾਇਕਾ ਲੈਣ ਦੀ ਸਮਰਥਾ ਹੋਵੇ। ਅਕਸਰ ਏਹ ਕੁੜੀਆਂ ਗ਼ਲਤ ਬੰਦਿਆਂ ਨਾਲ ਸੌ-ਸੌ ਕੇ ਬਰਬਾਦ ਹੋ ਜਾਂਦੀਆਂ ਨੇ। ਕੁਛ ਮੁੰਡੇ ਘਰਾਂ ਨੂੰ ਵਾਪਸ ਚਲੇ ਜਾਂਦੇ, ਚਲੋ ਚਾਰ ਦਿਨ ਲੋਕਾਂ ਦੀਆਂ ਟਿੱਚਰਾਂ ਹੀ ਸਹੀ, ਪਰ ਬਹੁਤੇ ਉੱਥੇ ਰਹਿ ਜਾਂਦੇ। ਫੇਰ ਚੋਰੀਆਂ ਕਰਨ ਲੱਗ ਪੈਂਦੇ, ਨਸ਼ੇ ਕਰਦੇ। ਕਈਆਂ ਨੂੰ ਟੀ.ਬੀ ਹੋ ਜਾਂਦੀ। ਕੋਈ ਕੈਂਸਰ ਦੀ ਲਪੇਟ 'ਚ ਆ ਜਾਂਦਾ ਤੇ ਕੋਈ ਬਿਨਾਂ ਇਲਾਜੋਂ ਮਰ ਜਾਂਦਾ।

ਰਤਨ ਦੀ ਇਹ ਪਹਿਲੀ ਫਿਲਮ ਬੜੀ ਕਾਮਯਾਬੀ ਹੋਈ। ਇਸ ਪਿੱਛੋਂ ਉਹਨੂੰ ਇਕ ਛੋਟੀ ਜਿਹੀ ਫਿਲਮ 'ਚ ਬਤੌਰ ਹੀਰੋ ਕੰਮ ਮਿਲ ਗਿਆ। ਇਹ ਫਿਲਮ ਵੀ ਚੱਲ ਨਿਕਲੀ। ਹੁਣ ਉਹਨੂੰ ਫਿਲਮਾਂ ਮਿਲਣ ਲੱਗ ਪਈਆਂ। ਉਹ ਸਟਾਰ ਬਣ ਗਿਆ। ਫੇਰ ਸੁਪਰ ਸਟਾਰ। ਵੱਡੀ ਤੋਂ ਵੱਡੀ ਹੀਰੋਇਨ ਉਸ ਨਾਲ ਕੰਮ ਕਰਨ 'ਚ ਫ਼ਖ਼ਰ ਸਮਝਦੀ। ਪ੍ਰੋਡਿਊਸਰ ਸੂਟ ਕੇਸਾਂ 'ਚ ਨੋਟ ਭਰ ਕੇ ਉਹਦੇ ਮਗਰ ਕਾਰਾਂ ਭਜਾਈ ਫਿਰਦੇ ਪਰ ਉਹ ਬੜੇ ਨਖ਼ਰੇ ਤੇ ਚੋਣ ਨਾਲ ਕੋਈ ਫਿਲਮ ਸਾਈਨ ਕਰਦਾ। ਸੁਪਰ ਸਟਾਰ ਰਤਨ ਕੁਮਾਰ ਨੂੰ ਫਿਲਮ ਲਈ ਸਾਈਨ ਕਰਨਾ ਇਕ ਵੱਡਾ ਮਾਰਕਾ ਸਮਝਿਆ ਜਾਂਦਾ। ਰਤਨ ਕੁਮਾਰ ਦੀ ਚੜ੍ਹਾਈ ਨਾਲ ਪੰਜਾਬ ਤੋਂ ਜਿਹੜੀ ਗੱਡੀ ਬੰਬਈ ਆਉਂਦੀ ਉਸ 'ਚੋਂ ਰਤਨ ਦੇ ਕਜ਼ਨ ਤੇ ਹੋਰ ਨੇੜਲਿਆਂ ਦੀ ਉਤਰਾਈ ਵਧ ਗਈ।

ਰਤਨ ਕੁਮਾਰ ਨੇ ਇਕ ਵੱਡਾ ਪਲਾਟ ਖ਼ਰੀਦ ਕੇ ਉਸ 'ਚ ਇਕ ਆਲੀਸ਼ਾਨ ਬੰਗਲਾ ਬਣਵਾਇਆ। ਇਸ ਦੇ ਕੰਪਲੈਕਸ 'ਚ ਇਕ ਸਵਿਮਿੰਗ ਪੂਲ, ਬੈਡਮਿੰਟਨ ਕੋਰਟ, ਟੈਨਿਸ ਕੋਰਟ, ਇਨਡੋਰ ਗੇਮਜ਼ ਬਿਲੀਅਡ ਤੇ ਟੇਬਲ ਟੈਨਿਸ ਕੋਰਟ, ਮਹਿੰਗੀਆਂ ਕਾਰਾਂ, ਡਰਾਈਵਰ ਸਕਿਓਰਿਟੀ ਗਾਰਡ, ਕੁੱਕ, ਵੇਟਰ ਵਗੈਰਾ ਪਾ ਕੇ ਕੋਈ ਵੀਹ ਕੁ ਨੌਕਰ ਉਹਦੇ ਬੰਗਲੇ 'ਚ ਕੰਮ ਕਰਦੇ ਸਨ। ਹਰ ਰੋਜ਼ ਕੋਈ ਨਾ ਕੋਈ ਮਹਿਫ਼ਲ ਜੁੜੀ ਰਹਿੰਦੀ। ਰਾਤ ਦੀ ਮਹਿਫ਼ਲ ਲਈ ਰੇਸ਼ਮ ਸਿੰਘ ਪਸ਼ੌਰੀਆ ਭਾਪਾ ਤੇ ਪਲੇਟਾਂ ਧਰਨ ਤੇ ਚੁੱਕਣ ਲਈ ਅਹਿਮਦ ਨਾਂ ਦਾ ਇਕ ਮੁੰਡਾ ਵੱਖਰੇ ਰੱਖੇ ਸਨ। ਰੇਸ਼ਮ ਭਾਪਾ ਨਾਨਵਿਜ ਡਿਸ਼ ਬਹੁਤ ਵਧੀਆ ਬਣਾਉਂਦਾ। ਰਤਨ ਨੂੰ ਆਪਣੀਆਂ ਸਿਫ਼ਤਾਂ ਕਰਾਉਣ ਦਾ ਬੜਾ ਸ਼ੌਕ ਸੀ। ਏਹ ਸਾਰੇ ਇਕੋ ਜਿਹੇ ਹੀ ਹੁੰਦੇ ਨੇ ਸੈਲਫ ਸੈਂਟਰਡ। ਰਾਤ ਨੂੰ ਸੱਤ-ਅੱਠ ਹਜ਼ਾਰ ਰੁਪਈਆ ਉੱਡ ਜਾਂਦਾ ਪਰ ਰਤਨ ਕੁਮਾਰ ਨੂੰ ਕੀ ਪਰਵਾਹ ਸੀ। ਕਰੋੜਾਂ ਰੁਪਈਏ ਉਹ ਕਮਾਉਂਦਾ। ਬੰਗਲੇ 'ਚ ਰਹਿੰਦੇ ਕਿੰਨੇ ਜਣੇ? ਸਿਰਫ਼ ਦੋ।

ਰਤਨ ਕੁਮਾਰ ਤੇ ਉਹਦੀ ਲਿਵਇਨ ਪਾਰਟਨਰ 'ਰਾਧਿਕਾ'। ਭਾਵੇਂ ਉਸ ਦਾ ਸੈਕਟਰੀ ਕਿਸ਼ੋਰੀ ਲਾਲ ਸੀ ਪਰ ਅਸਲੀ ਸੈਕਟਰੀ ਰਾਧਿਕਾ ਹੀ ਸੀ। ਉਹ ਹੀ ਉਸ ਦਾ ਧਨ ਮਾਲ ਸਾਂਭਦੀ। ਪ੍ਰੋਡਿਊਸਰ ਨੂੰ ਸ਼ੂਟਿੰਗ ਡੇਟਜ਼ ਦਿੰਦੀ। ਰਤਨ ਕੁਮਾਰ ਦੀ ਕਮਾਈ ਸਾਂਭਦੀ। ਰਾਧਿਕਾ ਨੇ ਇਕ ਪੌਸ਼ ਇਲਾਕੇ 'ਚ ਦੋ ਬੈੱਡ ਰੂਮ, ਕਿਚਨ ਵਾਲਾ ਫਲੈਟ ਖ਼ਰੀਦ ਲਿਆ ਸੀ। ਰਤਨ ਕੁਮਾਰ ਰਾਧਿਕਾ ਦੇ ਜਾਦੂ ਨਾਲ ਮਸਤ ਰਹਿਣ ਲੱਗਾ। ਸ਼ੂਟਿੰਗ ਤੋਂ ਗ਼ੈਰਹਾਜ਼ਰ ਰਹਿਣ ਲੱਗਾ। ਉਸ ਦੀ ਅੱਧ ਅਸਮਾਨੇ ਉੱਡਦੀ ਪਤੰਗ ਹੌਲੀ-ਹੌਲੀ ਥੱਲੇ ਨੂੰ ਆਉਣ ਲੱਗ ਪਈ। ਉਸ ਦੀਆਂ ਫਿਲਮਾਂ ਫਲਾਪ ਹੋਣੀਆਂ ਸ਼ੁਰੂ ਹੋ ਗਈਆਂ। ਰਾਧਿਕਾ ਦੇ ਕਹਿਣ 'ਤੇ ਉਸ ਨੇ 'ਹੋਮ ਪ੍ਰੋਡਕਸ਼ਨ' ਸ਼ੁਰੂ ਕਰ ਲਈ ਪਰ ਫਲਾਪ ਦਾ ਦੌਰ ਜਾਰੀ ਰਿਹਾ। ਸਿਰ 'ਤੇ ਕਰੋੜਾਂ ਰੁਪਏ ਕਰਜ਼ ਹੋ ਗਿਆ। ਹੁਣ ਉਹਦੇ ਕੋਲ ਕੋਈ ਕੰਮ ਨਹੀਂ ਸੀ। ਰਾਤ ਦੀਆਂ ਮਹਿਫ਼ਲਾਂ ਬੰਦ। ਨਾ ਹੁਣ ਪੈਸੇ ਰਹੇ ਨਾ ਸਿਫ਼ਤਬਾਜ਼। ਹੌਲੀ-ਹੌਲੀ ਸਭ ਕੁਝ ਵਿਕਣ ਲੱਗ ਪਿਆ।

ਰਾਧਿਕਾ ਨੇ ਹਾਲਾਤ ਦੇਖ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ। ਰਤਨ ਹੁਣ ਉਸ ਲਈ ਕੰਮ ਦਾ ਮੋਹਰਾ ਨਹੀਂ ਸੀ ਰਿਹਾ। ਉਸ ਨੇ ਰਤਨ ਦੇ ਫੈਮਿਲੀ ਡਾਕਟਰ ਦੇਸ਼ਮੁਖ ਨਾਲ ਵਿਆਹ ਕਰ ਲਿਆ। ਦੇਸ਼ਮੁਖ ਨੇ ਆਪਣੀ ਪਹਿਲੀ ਬੀਵੀ ਨੂੰ ਤਲਾਕ ਦੇ ਦਿੱਤਾ ਤੇ ਰਾਧਿਕਾ ਨਾਲ ਉਹਦੇ ਫਲੈਟ 'ਚ ਰਹਿਣ ਲੱਗ ਪਿਆ।

ਰਤਨ ਕੁਮਾਰ ਦੇ ਮਾੜੇ ਦਿਨ ਅਜੇ ਰੁਕੇ ਨਹੀਂ ਸਨ। ਉਸਦਾ ਬੰਗਲਾ ਵੀ ਵਿਕ ਗਿਆ ਤੇ ਉਹ ਆਪਣੇ ਪਹਿਲੇ ਮਾਮੂਲੀ ਜਿਹੇ ਫਲੈਟ 'ਚ ਰਹਿਣ ਲੱਗ ਪਿਆ। ਹੁਣ ਉਹਦੇ ਕੋਲ ਇਕੱਲਾ ਅਹਿਮਦ ਹੀ ਨੌਕਰ ਰਹਿ ਗਿਆ ਸੀ। ਬਾਕੀ ਸਭ ਚਲੇ ਗਏ। ਜਾਣਾ ਹੀ ਸੀ। ਉਨ੍ਹਾਂ ਨੂੰ ਤਨਖਾਹ ਦੇਣ ਲਈ ਰਤਨ ਕੁਮਾਰ ਕੋਲ ਹੁਣ ਪੈਸੇ ਨਹੀਂ ਸਨ। ਅਹਿਮਦ ਉਹਦੇ ਲਈ ਰੋਟੀ ਬਣਾਉਂਦਾ। ਰਾਤ ਨੂੰ ਸਕਾਚ ਦੀ ਬੋਤਲ ਦੀ ਥਾਂ ਗਲੀ 'ਚ ਵਿਕਦਾ ਠਰ੍ਹਾ ਲੈ ਆਉਂਦਾ।

ਫਿਲਮ ਇੰਡਸਟਰੀ 'ਚ ਰਤਨ ਕੁਮਾਰ ਦੀ ਚੜ੍ਹਤ ਦੇ ਦਿਨ ਹੁਣ ਲੱਦ ਗਏ ਸਨ। ਮਹਿਫ਼ਲ ਖਿੰਡ ਗਈ ਸੀ। ਕਦੇ ਕਦਾਈਂ ਕਿਸੇ ਛੋਟੀ ਮੋਟੀ ਫਿਲਮ 'ਚ ਨਿੱਕਾ ਮੋਟਾ ਰੋਲ ਮਿਲ ਜਾਂਦਾ। ਰਾਧਿਕਾ ਦਾ ਜਾਦੂ ਜਿਸ ਨੇ ਉਸ ਨੂੰ ਤਬਾਹ ਕੀਤਾ ਸੀ ਭੁਲਾਇਆਂ ਨਾ ਭੁੱਲਦਾ। ਰਾਧਿਕਾ ਦਾ ਪਾਸਾ ਵੱਟ ਜਾਣਾ ਉਸ ਨੂੰ ਅੰਦਰੋ ਅੰਦਰ ਖੋਰਦਾ ਰਹਿੰਦਾ।

ਰਤਨ ਕੁਮਾਰ ਹੁਣ ਕਾਫ਼ੀ ਬਿਮਾਰ ਰਹਿਣ ਲੱਗਾ ਸੀ। ਸਭ ਰਿਸ਼ਤੇ ਉਸ ਨੂੰ ਰਸਮੀ ਜਿਹੇ ਲੱਗਦੇ। ਹੁਣ ਮਰਨਾ ਵੀ ਉਸ ਨੂੰ ਔਖਾ ਲੱਗਦਾ। ਇਕ ਦਿਨ ਉਹ ਬਿਸਤਰੇ 'ਤੇ ਪਿਆ ਸੀ। ਸੁੱਖ ਦੇ ਸੰਗੀ ਸਾਥੀ ਸਭ ਛੱਡ ਗਏ ਸਨ। ਬਾਕੀਆਂ ਦਾ ਚਲੇ ਜਾਣਾ ਉਸ ਨੂੰ ਏਨਾ ਨਾ ਡਲਦਾ ਜਿੰਨਾ ਰਾਧਿਕਾ ਦਾ ਬੇਮੁੱਖ ਹੋਣਾ। ਅਚਾਨਕ ਉਹਦੀ ਨਜ਼ਰ ਅਹਿਮਦ 'ਤੇ ਗਈ। ਉਹ ਉਦਾਸ ਖੜ੍ਹਾ ਸੀ। ਉਹਦੀਆਂ ਅੱਖਾਂ 'ਚ ਹੰਝੂ ਸਨ। ਰਤਨ ਨੂੰ ਕੁਝ ਤਸੱਲੀ ਹੋਈ। ਉਸ ਨੇ ਸੋਚਿਆ,'ਕੋਈ ਤਾਂ ਹੈ ਜਿਸਨੂੰ ਮੇਰੇ ਨਾਲ ਦਿਲੋਂ ਹਮਦਰਦੀ ਹੈ।' ਇਹ ਸੋਚਦਿਆਂ ਉਸ ਸਵਾਸ ਤਿਆਗ ਦਿੱਤੇ। •

---

ਕਹਾਣੀ

# ਝਿੰਜਣ

• ਗੁਰਸੇਵਕ ਸਿੰਘ ਪ੍ਰੀਤ
88472-98293



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਕਦੇ-ਕਦੇ ਡਾਂਗ-ਸੋਟਾ ਵੀ ਹੁੰਦਾ। ਪੁਲੀਸ ਦੇ ਰਿਕਾਰਡ ਵਿਚ ਦੀਪੇ ਦਾ ਨਾਂ ਦਰਜ ਹੋ ਗਿਆ ਸੀ। ਦੀਪੇ ਦੀਆਂ ਅੱਖਾਂ ਮੂਹਰੇ ਆਪਣੇ ਬਾਪੂ ਦਾ ਉਹ ਚਿਹਰਾ ਹਮੇਸ਼ਾ ਫਿਰਦਾ ਰਹਿੰਦਾ ਜਿਹੜਾ ਉਸਨੇ ਪਹਿਲੀ ਇੰਟਰਵਿਊ 'ਤੇ ਜਾਣ ਵਾਲੀ ਰਾਤ ਵੇਖਿਆ ਸੀ।

'ਬੁ ਆ ਉ ਏ... ਜੱਟੋ ਚਾਰ-ਚਾਰ ਕਿੱਲੇ ਪੈਲੀ ਬਣਾ ਕੇ ਤੀਗੜੇ ਫਿਰਦੇ ਓ... ਆਹ ਚੱਲਿਆ ਮੇਰਾ ਸ਼ੇਰ ਪੁੱਤ ਨੌਕਰੀ 'ਤੇ, ਚੰਡੀਗੜ੍ਹ ਨੂੰ... ਓਏ ਚਾਰ ਸਾਲਾਂ ਵਿਚ ਤੁਹਾਡੇ ਨਾਲੋਂ ਦੂਣੀ ਜ਼ਮੀਨ ਨਾ ਬਣਾ ਲੀ ਤਾਂ ਤੁਸੀਂ ਮੈਨੂੰ ਜਾਗਰ ਜੱਟ ਨਾ ਕਹਿਓ... ਪੁੱਤ ਦੀਪਿਆ ਵੀਹ ਸਾਲ ਧੂਣੀ ਤਾਪੀ ਆ ਅਸੀਂ... ਤੇਰੀ ਮਾਂ ਨੇ ਸ਼ਰੀਕਾਂ ਦੇ ਬਥੇਰੇ ਤਾਅਨੇ ਸੁਣੇ ਆ... ਅਖੈ ਇਕ ਛੋਹਰ ਜੰਮ ਕੇ ਬੱਸ ਹੋਗੀ ਇਨਾਂ ਦੀ ਤਾਂ ... ਓਏ ਤੂੰ ਮੇਰਾ ਸ਼ੇਰ ਪੁੱਤ, ਗਿੱਦੜਾਂ ਦੀ ਹੇੜ ਤੋਂ ਤਕੜਾ ਬਣ ਕੇ ਵਿਖਾ ਹੁਣ... ਦੂ ਆ ਆ।' ਸਾਰੀ ਰਾਤ ਉਜਾਗਰ ਸਿੰਘ ਬੜ੍ਹਕਾਂ ਮਾਰਦਾ ਰਿਹਾ। ਕਦੇ ਹੱਸਦਾ। ਕਦੇ ਗਾਹਲਾਂ ਕੱਢਦਾ। ਕਦੇ ਸਿਆਣਿਆਂ ਵਾਂਗ ਸਲਾਹਾਂ ਦਿੰਦਾ। ਖ਼ੁਸ਼ੀ ਵਿਚ ਪਾਗਲ ਹੋਣ ਵਾਲਾ ਆਪਣੇ ਬਾਪੂ ਦਾ ਇਹ ਰੂਪ ਦੀਪੇ ਨੇ ਉਸ ਦਿਨ ਪਹਿਲੀ ਵਾਰ ਤੇ ਆਖਰੀ ਵਾਰ ਵੇਖਿਆ ਸੀ।

ਉਸਦੇ ਦਿਮਾਗ਼ ਵਿਚਲੀ ਤਸਵੀਰ ਬਦਲ ਗਈ। ਉਜਾਗਰ ਸਿੰਘ ਦਾ ਹੁਣ ਵਾਲਾ ਚਿਹਰਾ ਦੀਪੇ ਦੀਆਂ ਅੱਖਾਂ ਦੇ ਸਾਹਮਣੇ ਆ ਗਿਆ। ਉਜਾਗਰ ਸਿੰਘ ਦਾ ਵਜੂਦ ਆਪਣੇ ਆਪ ਵਿਚ ਇਕੱਠਾ ਜਿਹਾ ਹੋ ਕੇ ਘਰੋਂ ਖੇਤ ਤੇ ਖੇਤੋਂ ਘਰ ਜਾਣ ਵਾਲੇ ਇਕ ਅਜਿਹੇ ਬਲਦ ਵਰਗਾ ਹੋ ਗਿਆ ਜਿਸਦੀ ਧੌਣ ਤੋਂ ਕਦੇ ਵੀ ਜੂਲਾ ਨਾ ਲਾਹਿਆ ਗਿਆ ਹੋਵੇ। ਜੇ ਕਦੇ ਉਹ ਜੂਲੇ ਥੱਲੋਂ ਇਧਰ-ਉਧਰ ਵੇਖਣ ਦੀ ਕੋਸ਼ਿਸ਼ ਕਰਦਾ ਤਾਂ ਉਸ ਨੂੰ ਪਿੰਡ ਦੀਆਂ ਕੰਧਾਂ-ਕੌਲੇ ਤੇ ਝਾੜ-ਬੂਝੇ ਤਾੜੀਆਂ ਮਾਰ ਕੇ ਕਹਿੰਦੇ, 'ਵੇਖ ਲਓ ਲੋਕੋ ਆਹ ਚੱਲਿਆ ਗੁਰਦੀਪ ਸਿੰਘ ਬਰਾੜ ਦਾ ਪਿਓ ਉਜਾਗਰ ਸਿੰਘ ਬਰਾੜ ... ਛੁੱਡੂ ਜਿਹਾ... ਵੱਡਾ ਸਿਆਣਾ... ਅਖੈ ਸਾਰੇ ਪਿੰਡ ਤੋਂ ਵੱਧ ਪੈਲੀ ਬਣਾਊਂਗਾ... ਕੋਠਾ ਛਹਿਣ ਵਾਲਾ ਹੋਇਆ ਪਿਆ ਉਸ ਦੀਆਂ ਕੜੀਆਂ ਬਦਲੀਆਂ ਨੀਂਹ ਗਈਆਂ... ਤੀਵੀਂ ਪੈਨਸ਼ਨ ਲਵਾਉਣ ਲਈ ਸਰਪੰਚ ਦੀਆਂ ਮਿੰਨਤਾਂ ਕਰਦੀ ਫਿਰਦੀ ਆ... ਅਜੇ ਵੀ ਬਚ ਗਿਆ... ਇਕ ਹੀ ਸਲੱਗ ਜੰਮਿਆ... ਜੇ ਪੰਜ ਚਾਰ ਹੁੰਦੇ ਤਾਂ ਉਈ ਹੁਣ ਨੂੰ... ਹਾ... ਹਾ...ਹਾ...।'

ਯੂਨੀਅਨ ਦੇ ਸੂਬਾਈ ਆਗੂਆਂ ਵੱਲੋਂ ਮਹੀਨੇ-ਛਿਮਾਹੀ ਚੰਡੀਗੜ੍ਹ ਸੱਦੀ ਜਾਂਦੀ ਮੀਟਿੰਗ ਵਿਚ ਯੋਧਾ ਤੇ ਦੀਪਾ ਅਕਸਰ ਜਾਂਦੇ ਰਹਿੰਦੇ। ਹੁਣ ਦੀਪੇ ਨੂੰ ਚੰਡੀਗੜ੍ਹ ਨਾ ਤਾਂ ਸੁਪਨਿਆਂ ਵਿਚ ਦਿਸਦਾ ਸੀ ਤੇ ਨਾ ਹੀ ਉਸ ਤੋਂ ਭੈਅ ਆਉਂਦਾ ਸੀ। ਅੱਜ ਦੀ ਮੀਟਿੰਗ ਵਿਚ ਖ਼ਾਸ ਸੁਨੇਹਾ ਮਿਲਿਆ ਸੀ ਕਿ ਫੈਡਰੇਸ਼ਨ ਵੱਲੋਂ ਨੌਕਰੀਆਂ ਦੀ ਮੰਗ ਅਤੇ ਨਿੱਜੀਕਰਨ ਖ਼ਿਲਾਫ਼ ਸੂਬੇ ਭਰ ਵਿਚ ਚੱਕਾ ਜਾਮ ਕਰਨਾ ਹੈ। ਇਸ ਵਾਸਤੇ ਰੂਪ-ਰੇਖਾ ਤੈਅ ਕਰਨ ਲਈ ਪੰਜਾਬ ਦੇ ਸੀਨੀਅਰ ਆਗੂ ਚੰਡੀਗੜ੍ਹ ਪਹੁੰਚਣ। ਇਸ ਵਾਰ ਸੂਬਾਈ ਆਗੂਆਂ ਦੇ ਨਾਵਾਂ ਦੀ ਸੂਚੀ ਵਿਚ 'ਜਗਦੀਪ ਸਿੰਘ ਬਰਾੜ ਉਰਫ ਦੀਪਾ' ਦਾ ਨਾਂ ਵੀ ਸ਼ਾਮਲ ਸੀ। ਮੀਟਿੰਗ ਖ਼ਤਮ ਹੋ ਚੁੱਕੀ ਸੀ। ਦੀਪਾ ਤੇ ਯੋਧਾ ਪਿੰਡ ਜਾਣ ਲਈ ਰਾਤ ਪੈਣ ਦਾ ਇੰਤਜ਼ਾਰ ਕਰ ਰਹੇ ਸੀ।

'ਯਾਰ ਪਤਾ ਨੀਂ ਕਿਉਂ ਕਦੇ-ਕਦੇ ਮੈਨੂੰ ਲੱਗਦਾ ਕਿ ਮੈਂ ਕਿਸੇ ਦੇ ਚਾਵਾਂ ਦਾ, ਸੱਧਰਾਂ ਦਾ ਖ਼ੂਨ ਕੀਤੈ... ਮੇਰੇ ਅੰਦਰ ਕੋਈ ਮਾਸੂਮ ਰੂਹ ਉਸਲਵੱਟੇ ਲੈਂਦੀ ਰਹਿੰਦੀ ਆ... ਮੈਂ ਉਸ ਨੂੰ ਫ਼ਰਜ਼ਾਂ ਦਾ ਵਾਸਤਾ ਦੇ ਕੇ ਸੁਆਉਣ ਦੀ ਕੋਸ਼ਿਸ਼ ਕਰਦਾਂ... ਕੀ ਆ ਜ਼ਿੰਦਗੀ... ਮੈਂ ਇਹ ਸਭ ਕੁਝ ਚੇਤੇ ਨਹੀਂ ਰੱਖਣਾ ਚਾਹੁੰਦਾ... ਪਰ ਕੀ ਕਰਾਂ ਮੇਰੇ ਤੋਂ ਭੁੱਲ ਵੀ ਨਹੀਂ ਹੁੰਦਾ... ਐਵੇਂ ਗੱਧੀ ਗੇੜ... ਯੋਧਿਆ, ਬਾਈ ਅਸੂਲਾਂ ਲਈ ਲੜਨਾ ਤਾਂ ਸੌਖਾ ਪਰ ਜਿਓਣਾ ਬਹੁਤ ਔਖਾ... ਮਾਂ ਬਾਪ ਨੇ ਕਿੰਨੀਆਂ ਉਮੀਦਾਂ ਨਾਲ ਸਾਨੂੰ ਪਾਲਿਆ ਪੋਸਿਆ ਤੇ ਅਸੀ... ਤੈਨੂੰ ਵੀਹ ਸਾਲ ਹੋ ਗਏ ਧੱਕੇ ਖਾਂਦੇ ਨੂੰ ਕੀ ਲੱਭਿਆ... ਕਿਨਾਂ ਲਈ ਲੜਦੇ ਆਂ ਅਸੀਂ।' ਦੀਪੇ ਦਾ ਗੱਚ ਭਰ ਆਇਆ। ਅੱਗੋਂ ਉਸ ਤੋਂ ਬੋਲ ਨਹੀਂ ਹੋਇਆ।

ਯੋਧਾ ਦੀਪੇ ਨੂੰ ਜੱਫੀ ਵਿਚ ਲੈ ਕੇ ਕਹਿਣ ਲੱਗਿਆ, 'ਦੀਪਿਆ, ਉਏ ਯਾਰ ਤੇਰੀਆਂ ਬਸ ਏਹੀ ਗੱਲਾਂ ਨੀਂ ਗਈਆਂ... ਪਤਾ ਨਹੀਂ ਕੀ ਫਿਲਾਸਫੀਆਂ ਜਿਹੀਆਂ ਘੋਟਣ ਲੱਗ ਪੈਣਾ... ਝੱਟ 'ਚ ਤੋਲਾ ਝੱਟ 'ਚ ਮਾਸਾ... ਹੈਅ ... ਤੂੰ ਵੇਖਿਆ ਨੀਂਹ ਜਦੋਂ ਜੱਟ ਖੇਤਾਂ ਵਿਚ ਖੜ੍ਹੇ ਹਰੇ ਕਚੂਰ ਅਤੇ ਹਵਾ ਵਿਚ ਝੂਮਦੇ ਮਸਤ ਝਿੰਜਣ ਨੂੰ ਖੇਤਾਂ ਵਿਚ ਵਾਹ ਕੇ ਉਸਦੀ ਖਾਦ ਬਣਾ ਦਿੰਦੈ ਤਾਂ ਉਨ੍ਹਾਂ ਖੇਤਾਂ ਵਿਚ ਅਗਲੀ ਫ਼ਸਲ ਬਹੁਤ ਭਾਰੀ ਹੁੰਦੀ ਆ... ਲੰਬੇ-ਲੰਬੇ ਛਿੱਟਿਆਂ ਵਾਲੀ... ਭਰਵੀ... ਉਏ ਆਪਾਂ ਤਾਂ ਝਿੰਜਣ ਆਂ... ਝਿੰਜਣ ... ਆਪਾਂ ਤਾਂ ਕੁਤਰੇ- ਕੁਤਰੇ ਹੋਣਾ... ਆਪਣੀ ਤਾਂ ਖਾਦ ਬਣਨੀ ਆ... ਫੇਰ ਈ ਅਗਲੀ ਫ਼ਸਲ ਭਰਵੀ ਹੋਊ... ਐਵੇਂ ਆਪਣੀ ਵਰਗੀ ਤਾਂ ਨੀਂਹ ਹੋਊ ਜਿਹਨੂੰ ਸੌ ਸੁੰਡੀਆਂ ਚਿੰਬੜੀਆਂ ਹੋਣ... ਆਪਣੀ ਆਉਣ ਵਾਲੀ ਪੀੜ੍ਹੀ ਤਾਂ ਸੁੱਖ ਭੋਗੂ ਦੀਪਿਆ...।' ਯੋਧੇ ਨੇ ਦੀਪੇ ਨੂੰ ਹਲੂਣਦਿਆਂ ਕਿਹਾ। ਗੱਲਾਂ ਕਰਦਿਆਂ ਰਾਤ ਅੱਧੀਓਂ ਵੱਧ ਹੋ ਗਈ। 'ਚੰਗਾ ਬਾਈ ਯੋਧਿਆ ਚੱਲੀਏ ਪਿੰਡ ਨੂੰ... ਕੱਪੜੇ ਲੱਤੇ ਕਰੀਏ ਤਿਆਰ... ਸੁਭਾ ਸਾਝਰੇ ਪਹਿਲੀ ਬੱਸ ਫੜ ਕੇ ਚੰਡੀਗੜ੍ਹ ਵੀ ਜਾਣੈ...।' ਦੀਪੇ ਨੇ ਯੋਧੇ ਨੂੰ ਬਾਹੋਂ ਫੜ ਕੇ ਖੜ੍ਹਾ ਕਰਦਿਆਂ ਜੋਸ਼ ਨਾਲ ਕਿਹਾ। ਫਿਰ ਉਹ ਦੋਵੇਂ ਵਾਹੋ-ਦਾਹੀ ਕਿਸੇ ਮਸਤੀ ਦੇ ਆਲਮ ਵਿਚ ਚੰਨ ਦੀ ਮੱਧਮ ਜਿਹੀ ਚਾਨਣੀ ਵਿਚ ਕੁੱਤਿਆਂ ਦੇ ਭੌਂਕਣ ਦੀ ਪਰਵਾਹ ਨਾ ਕਰਦੇ ਹੋਏ ਕੱਚੀ ਫਿਰਨੀ ਪੈ ਕੇ ਪਿੰਡ ਵੱਲ ਨੂੰ ਤੁਰ ਪਏ। ਦੂਰੋਂ ਤੁਰੇ ਜਾਂਦੇ ਉਹ ਲਹਿ ਲਹਾਉਂਦੇ ਝਿੰਜਣ ਲੱਗਦੇ ਸਨ। •

---

# ਪੁਸਤਕ ਚਰਚਾ

ਡਾ. ਭਗਵੰਤ ਸਿੰਘ ਜਿੱਥੇ 'ਜਾਗੋ ਇੰਟਰਨੈਸ਼ਨਲ' ਦੇ ਸੰਪਾਦਕ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ ਉੱਥੇ ਪੰਜਾਬੀ ਦੇ ਵੱਖ-ਵੱਖ ਸਾਹਿਤਕਾਰਾਂ ਦੀਆਂ ਰਚਨਾਵਾਂ ਦੀ ਪਰਖ ਪੜਚੋਲ ਦਾ ਕਾਰਜ ਵੀ ਪੂਰੀ ਤਨਦੇਹੀ ਨਾਲ ਕਰਦੇ ਰਹਿੰਦੇ ਹਨ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੁਆਰਾ ਕਿਸੇ ਇਕ ਵਿਸ਼ੇਸ਼ ਵਿਅਕਤੀ/ਸਾਹਿਤਕਾਰ ਦੀਆਂ ਵੱਖ-ਵੱਖ ਸਾਹਿਤਕ ਕਿਰਤਾਂ ਦੀ ਸਮਾਜਿਕ ਜ਼ਮੀਨ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਘੋਖਣ ਪੜਤਾਲਣ ਦਾ ਕਾਰਜ ਕੀਤਾ ਜਾਂਦਾ ਹੈ ਤੇ ਫਿਰ ਉਸੇ ਕਾਰਜ ਨੂੰ ਪੁਸਤਕ ਰੂਪ ਵਿਚ ਸੰਪਾਦਿਤ ਕਰ ਕੇ ਪਾਠਕਾਂ ਦੇ ਰੂਬਰੂ ਵੀ ਕੀਤਾ ਜਾਂਦਾ ਹੈ। ਇਸ ਦਾ ਫ਼ਾਇਦਾ ਇਹ ਹੁੰਦਾ ਹੈ ਕਿ ਕਈ ਵਾਰੀ ਕੁਝ ਅਜਿਹੇ ਅਣਗੌਲੇ ਸਾਹਿਤਕਾਰ ਪਾਠਕਾਂ ਦੇ ਰੂਬਰੂ ਹੁੰਦੇ ਹਨ ਜਿਨ੍ਹਾਂ ਦਾ ਕਿਸੇ ਇਲਾਕੇ ਵਿਸ਼ੇਸ਼ ਵਿਚ ਹੀ ਨਾਂ ਹੁੰਦਾ ਹੈ।

'ਮੱਲ ਸਿੰਘ ਰਾਮਪੁਰੀ ਰਚਨਾ ਤੇ ਮੁਲੰਕਣ' ਵੀ ਉਪਰੋਕਤ ਭਾਂਤ ਦੇ ਕਾਰਜ ਦੀ ਨਿਸ਼ਾਨਦੇਹੀ ਕਰਦੀ ਪੁਸਤਕ ਹੈ ਜਿਸ ਨੂੰ ਡਾ. ਭਗਵੰਤ ਸਿੰਘ ਅਤੇ ਡਾ. ਰਮਿੰਦਰ ਕੌਰ ਨੇ ਸੰਪਾਦਿਤ ਕੀਤਾ ਹੈ। ਰਾਮਪੁਰ ਨੂੰ ਆਮ ਤੌਰ 'ਤੇ ਸਾਹਿਤਕਾਰਾਂ ਦੇ ਪਿੰਡ ਨਾਲ ਸਤਿਕਾਰਿਆ ਜਾਂਦਾ ਹੈ ਜਿਸ ਨੇ ਮੱਲ ਸਿੰਘ ਰਾਮਪੁਰੀ ਵਰਗਾ ਸੰਘਰਸ਼ਸ਼ੀਲ ਯੋਧਾ ਅਤੇ ਸਾਹਿਤਕਾਰ ਪੈਦਾ ਕੀਤਾ। ਭਾਵੇਂ ਰਸਮੀ ਵਿੱਦਿਆ ਮੱਲ ਸਿੰਘ ਨੇ ਪੂਰੀ ਤਰ੍ਹਾਂ ਪ੍ਰਾਪਤ ਨਹੀਂ ਕੀਤੀ ਪਰ ਵਿਚਾਰਧਾਰਕ ਤੇ ਅਮਲੀ ਰੂਪ ਵਿਚ ਕਮਿਊਨਿਸਟ ਪਾਰਟੀ ਪ੍ਰਤੀ ਸਮਰਪਣ ਭਾਵਨਾ ਨਾਲ ਕੰਮ ਕਰਦਾ ਰਿਹਾ ਜਿਸ ਕਰਕੇ ਉਸ ਨੂੰ ਜੇਲ੍ਹ ਯਾਤਰਾ ਵੀ ਕਰਨੀ ਪਈ ਤੇ 'ਜੇਲ੍ਹ ਜਾਈ' ਕਾਵਿ-ਪੁਸਤਕ ਦਾ ਜਨਮ ਵੀ ਇੱਥੋਂ ਹੀ ਹੋਇਆ। 'ਗਜ਼ਨੀ ਤੋਂ ਰਾਮਪੁਰ' ਮੱਲ ਸਿੰਘ ਰਾਮਪੁਰੀ ਦੀ ਇਤਿਹਾਸਕ ਪੁਸਤਕ ਹੈ ਜਿਸ ਦਾ ਮੁਲੰਕਣ ਇਸ ਪੁਸਤਕ ਵਿਚ ਜ਼ਿਆਦਾਤਰ ਵਿਦਵਾਨਾਂ ਵੱਲੋਂ ਪੇਸ਼ ਹੋਇਆ ਹੈ। ਇਕ ਦਰਜਨ ਤੋਂ ਵੱਧ ਵਿਦਵਾਨਾਂ ਵੱਲੋਂ ਮੱਲ ਸਿੰਘ ਰਾਮਪੁਰੀ ਦੇ ਜੀਵਨ ਅਤੇ ਰਚਨਾਵਾਂ ਉੱਤੇ ਭਰਪੂਰ ਰੂਪ ਵਿਚ ਆਪਣਾ ਖੋਜ-ਅਧਿਐਨ ਪੇਸ਼ ਕੀਤਾ ਹੈ। ਪੁਸਤਕ ਦੇ ਆਖ਼ਰੀ ਹਿੱਸੇ 'ਚ ਮੱਲ ਸਿੰਘ ਰਾਮਪੁਰੀ ਦੀ ਸਾਹਿਤ ਰਚਨਾ ਦੇ ਕੁਝ ਨਮੂਨੇ ਕਵਿਤਾ ਅਤੇ ਵਾਰਤਕ ਰੂਪ ਵਿਚ ਪ੍ਰਸਤੁਤ ਕਰਨ ਤੋਂ ਇਲਾਵਾ ਉਸ ਦੇ ਸਨਮਾਨ ਪੱਤਰਾਂ ਦੀਆਂ ਤਸਵੀਰਾਂ ਅਤੇ ਸਨੇਹੀਆਂ ਨਾਲ ਤਸਵੀਰਾਂ ਦੀ ਪੁਸਤਕ ਦਾ ਸ਼ਿੰਗਾਰ ਹਨ।




ਪਵਨ ਗਿੱਲਾਂ ਵਾਲਾ ਪਰਵਾਸੀ ਧਰਤੀ 'ਤੇ ਵਸਦਾ ਪੰਜਾਬੀ ਸਾਹਿਤਕਾਰ ਹੈ ਜਿਸ ਨੇ ਵਿਦੇਸ਼ੀ ਧਰਤੀ 'ਤੇ ਰਹਿੰਦਿਆਂ ਹੋਇਆਂ ਵੀ ਪੰਜਾਬੀ ਭਾਸ਼ਾ ਅਤੇ ਸਾਹਿਤ ਨਾਲ ਆਪਣੇ ਨਾਤੇ ਦੀ ਗੰਢ ਪੀਢੀ ਕੀਤੀ ਹੋਈ ਹੈ। ਪਵਨ ਗਿੱਲ ਵਾਲਾ ਆਪਣੀ ਨਵੀ ਕਾਵਿ-ਪੁਸਤਕ 'ਰੰਗ' ਲੈ ਕੇ ਪਾਠਕਾਂ ਦੇ ਰੂਬਰੂ ਹੋਇਆ ਹੈ ਜਿਸ ਵਿਚ ਉਸਦੀਆਂ ਗੀਤਕ ਰਚਨਾਵਾਂ ਪੇਸ਼ ਹੋਈਆਂ ਹਨ। ਪਵਨ ਗਿੱਲਾਂ ਬਾਰੇ ਜਿਵੇਂ ਕਿ ਪਹਿਲਾਂ ਹੀ ਗੱਲ ਕੀਤੀ ਗਈ ਹੈ ਕਿ ਭਾਵੇਂ ਉਹ ਪਰਦੇਸ਼ ਵਿਚ ਵਸਦਾ ਹੈ ਪਰ ਉਸ ਦਾ ਦਿਲ ਪੰਜਾਬ ਵਿਚ ਹੀ ਧੜਕਦਾ ਹੈ। ਇਹੋ ਜਿਹੇ ਅਹਿਸਾਸ ਉਸ ਦੀਆਂ ਰਚਨਾਵਾਂ ਵਿਚ ਵੀ ਪੇਸ਼ ਹਨ ਜਿੱਥੇ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਖ਼ੁਸ਼ਹਾਲੀ ਲਈ ਦੁਆ ਕਰਦਾ ਹੈ।

ਜਿੱਥੇ ਉਸ ਦੀ ਕਵਿਤਾ ਵਿਚ ਕਿਸੇ ਪਿਆਰੇ ਦੇ ਦੂਰ ਹੋਣ ਦੀ ਵੇਦਨਾ ਨਿਰੰਤਰ ਪੇਸ਼ ਹੋਈ ਹੈ ਉੱਥੇ ਪਰਿਵਾਰਕ ਰਿਸ਼ਤਿਆਂ ਦੀ ਪਾਕੀਜ਼ਗੀ ਅਤੇ ਨਿੱਘ ਵੀ ਬਾਖ਼ੂਬੀ ਪੇਸ਼ ਹੋਇਆ ਮਿਲਦਾ ਹੈ। ਮਿਸਾਲ ਵਜੋਂ 'ਮਾਂ ਦਾ ਕਰਜ਼' ਕਵਿਤਾ ਦੇਖੀ ਜਾ ਸਕਦੀ ਹੈ ਜਿਸ ਵਿਚ ਉਹ ਦਿਸ ਪਵਿੱਤਰ ਰਿਸ਼ਤੇ ਪ੍ਰਤੀ ਸ਼ਰਧਾ ਦਾ ਇਜ਼ਹਾਰ ਕਰਦਾ ਹੈ। ਇਸ ਕਾਵਿ-ਪੁਸਤਕ ਰੰਗ ਵਿਚ ਕਵੀ ਨੇ ਰੰਗ ਜ਼ਿੰਦਗੀ ਦੇ ਵੀ ਪੇਸ਼ ਕੀਤੇ ਹਨ ਅਤੇ ਸਮਾਜਕ ਯਥਾਰਥ ਦੇ ਵੀ ਪੇਸ਼ ਕੀਤੇ ਹਨ। ਇਨ੍ਹਾਂ ਰੰਗਾਂ ਵਿਚ ਉਸ ਦੇ ਸਕੂਲੀ ਦਿਨਾਂ ਦੇ ਰੰਗ ਵੀ ਪੇਸ਼ ਹੋਏ ਹਨ ਅਤੇ ਜਵਾਨੀ ਦੇ ਵਲਵਲਿਆਂ ਦੇ ਰੰਗ ਵੀ ਬਾਖ਼ੂਬੀ ਰੰਗਲੀ ਝਾਕੀ ਪੇਸ਼ ਕਰਦੇ ਹਨ। ਪਰ ਉਸਦੀਆਂ ਬਹੁਤਾ ਸਾਰੀਆਂ ਇਨ੍ਹਾਂ ਗੀਤਕ ਰਚਨਾਵਾਂ ਵਿਚ ਪਰਵਾਸ ਦਾ ਰੰਗ ਵੀ ਹੈ ਜਿੱਥੇ ਉਹ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਗਿਆ ਹੈ ਪਰ ਉਸ ਦੇ ਅਵਚੇਤਨ ਵਿਚ ਪੰਜਾਬ ਅਤੇ ਪੰਜਾਬ ਵਿਚਲਾ ਉਸ ਦਾ ਘਰ ਪੂਰਨ ਰੂਪ ਵਿਚ ਸਮਾਏ ਹੋਏ ਹਨ। ਪਵਨ ਗਿੱਲਾਂ ਵਾਲੇ ਦੀ ਪੁਸਤਕ 'ਰੰਗ' ਵਿਚਲੀਆਂ ਰਚਨਾਵਾਂ ਵਿਚ ਗਾਇਣ ਯੋਗਤਾ ਪਾਠਕ 'ਤੇ ਬੱਝਵਾਂ ਪ੍ਰਭਾਵ ਪਾਉਂਦੀ ਹੈ। ਇਨ੍ਹਾਂ ਕਵਿਤਾਵਾਂ ਵਿਚ ਪੰਜਾਬੀ ਦੇ ਨਾਲ-ਨਾਲ ਅੰਗਰੇਜ਼ੀ ਸ਼ਬਦਾਵਲੀ ਵੀ ਕਾਫ਼ੀ ਵਰਤੀ ਗਈ ਹੈ ਪਰ ਓਪਰੀ ਨਹੀਂ ਜਾਪਦੀ।




ਬੇਅੰਤ ਕੌਰ ਗਿੱਲ ਇਕ ਸਮਰਥਾਵਾਨ ਇਸਤਰੀ ਕਵੀ ਹੈ ਜਿਹੜੀ ਇਸ ਚਰਚਾਧੀਨ ਪੁਸਤਕ 'ਨਾਦ' ਤੋਂ ਪਹਿਲਾਂ 'ਅਕਲਾਂ ਵਾਲਿਓ ਮੋੜੋ ਮੁਹਾਰਾਂ' ਵਾਰਤਕ ਪੁਸਤਕ ਅਤੇ ਦੋ ਸਾਂਝੀਆਂ ਪੁਸਤਕਾਂ ਜਿਨ੍ਹਾਂ ਵਿਚ ਇਕ ਗੀਤ-ਸੰਗ੍ਰਹਿ ਅਤੇ ਇਕ ਵਾਰਤਕ ਪੁਸਤਕ ਸ਼ਾਮਿਲ ਹੈ ਨਾਲ ਪੰਜਾਬੀ ਸਾਹਿਤ ਖੇਤਰ ਵਿਚ ਆਪਣੀ ਹਾਜ਼ਰੀ ਦੀ ਦਸਤਕ ਦੇ ਚੁੱਕੀ ਹੈ। ਜਦੋਂ ਅਸੀ ਇਸ ਪੁਸਤਕ 'ਨਾਦ' ਬਾਰੇ ਅਧਿਐਨ ਕਰਦੇ ਹਾਂ ਤਾਂ ਇਸ ਵਿਚ ਨਾਦ ਪਿਆਰ ਦਾ ਉਹ ਚਿਹਨ ਬਣਕੇ ਸਾਹਮਣੇ ਆਉਂਦਾ ਹੈ ਜੋ ਮੁਹੱਬਤੀ ਤਰੰਗਾਂ ਨਾਲ ਜ਼ਿੰਦਗੀ ਨੂੰ ਤਰੰਗਿਤ ਕਰ ਰਿਹਾ ਹੈ ਇਸ ਕਰ ਕੇ ਹੀ ਜਦੋਂ ਸਾਨੂੰ ਸ਼ਾਇਰਾ ਦੀਆਂ ਇਨ੍ਹਾਂ ਕਵਿਤਾਵਾਂ ਵਿਚ ਪਿਆਰ ਦਾ ਨਾਦ ਸੁਣਾਈ ਦਿੰਦਾ ਹੈ ਜਿੱਥੇ ਉਹ ਕਿਸੇ ਅਣਦੇਖੇ ਮੁਹੱਬਤੀ ਜਜ਼ਬੇ ਨਾਲ ਰੂਹ ਨੂੰ ਸਰਸ਼ਾਰ ਕਰ ਰਹੀ ਹੈ।

ਇਹ ਪਿਆਰ ਉਸ ਦਾ ਨਿੱਜ ਤੋਂ ਸਮੂਹ ਤਕ ਉਦੋਂ ਫੈਲਦਾ ਹੈ ਜਦੋਂ ਉਹ ਆਪਣੇ ਬਚਪਨ, ਆਪਣੇ ਪੰਜਾਬੀ ਦੀਆਂ ਸਮੱਸਿਆਵਾਂ ਜਾਂ ਫਿਰ ਕਦੇ ਔਰਤ ਦੀ ਤ੍ਰਾਸਦਿਕ ਸਥਿਤੀ ਦੀ ਬਾਤ ਪਾਉਂਦੀ ਹੈ ਤਾਂ ਇਨ੍ਹਾਂ ਗੁਆਚਦੇ ਜਾ ਰਹੇ ਮੋਹ ਮੁਹੱਬਤੀ ਵਾਤਾਵਰਨ ਪ੍ਰਤੀ ਆਪਣੀ ਵੇਦਨਾ ਦਾ ਇਜ਼ਹਾਰ ਕਰਦੀ ਹੈ। ਨਸ਼ਿਆਂ ਵਿਚ ਰੁੜ੍ਹਦਾ ਜਾ ਰਿਹਾ ਪੰਜਾਬ ਨਿਘਰਦੀ ਜਾ ਰਹੀ ਕਿਰਸਾਨੀ ਅਤੇ ਸਾਹਿਤ ਖੇਤਰ ਵਿਚ ਪੈਦਾ ਹੋਇਆ ਪ੍ਰਦੂਸ਼ਿਤ ਵਾਤਾਵਰਨ ਆਦਿ ਬਾਰੇ ਵੀ ਉਹ ਆਪਣਾ ਕਾਵਿਕ-ਅਨੁਭਵ ਪੇਸ਼ ਕਰਦੀ ਹੈ। ਇਸ ਪੁਸਤਕ ਵਿਚ ਬੇਅੰਤ ਕੌਰ ਗਿੱਲ ਦੀਆਂ ਲੰਮੀਆਂ ਕਵਿਤਾਵਾਂ ਵੀ ਸ਼ਾਮਿਲ ਹਨ ਜਿਨ੍ਹਾਂ ਵਿਚ ਖੁੱਲ੍ਹੀ ਕਵਿਤਾ ਵੀ ਸ਼ਾਮਿਲ ਹੈ ਅਤੇ ਗੀਤਕ ਵੰਨਗੀ ਦੀਆਂ ਸਰੋਦੀ ਕਵਿਤਾਵਾਂ ਵੀ ਪੇਸ਼ ਹੋਈਆਂ ਹਨ। ਪੁਸਤਕ ਦੇ ਅੰਤਲੇ ਹਿੱਸੇ ਵਿਚ ਛੋਟੀਆਂ ਕਵਿਤਾਵਾਂ ਹਨ ਜਿਨ੍ਹਾਂ ਦੇ ਅਰਥਾਂ ਦੀ ਸੋਝੀ ਪ੍ਰਾਪਤ ਕਰਦਾ ਪਾਠਕ ਉਸ ਦੇ ਵੱਖਰੇ ਕਾਵਿਕ ਮੁਹਾਂਦਰੇ ਦਾ ਆਨੰਦ ਵੀ ਮਾਣਦਾ ਹੈ। ਦੇਸ਼ ਭ੍ਰਿਸ਼ਟਾਚਾਰੀ ਤੰਤਰ ਨੂੰ 'ਭਗਤ ਸਿੰਹਾਂ' ਵਰਗੀ ਕਵਿਤਾ ਵਿਚ ਪੇਸ਼ ਕਰ ਕੇ ਸ਼ਾਇਰਾ ਨੇ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲੀ ਗੱਲ ਕਰ ਵਿਖਾਈ ਹੈ।

• ਸਰਦੂਲ ਸਿੰਘ ਔਜਲਾ




ਰਘਬੀਰ ਸਿੰਘ ਮਹਿਮੀ ਦੀ ਪੁਸਤਕ 'ਬੂਹਾ ਨਹੀਂ ਖੁੱਲ੍ਹੇਗਾ' ਵਿਚ ਦਰਜ ਮਿੰਨੀ ਕਹਾਣੀਆਂ 'ਚ ਮਨੁੱਖ ਦੀ ਮੌਜੂਦਾ ਹਾਲਤ ਨੂੰ ਪੇਸ਼ ਕੀਤਾ ਹੈ। ਸਾਰੀਆਂ ਕਹਾਣੀਆ ਵੱਖ-ਵੱਖ ਸਮਾਜਿਕ ਪ੍ਰਬੰਧ ਨੂੰ ਪੇਸ਼ ਕਰਦੀਆਂ ਹਨ। ਕਹਾਣੀਆਂ ਭਾਵੇਂ ਛੋਟੀਆਂ ਹਨ ਪਰ ਇਨ੍ਹਾਂ ਵਿਚਲਾ ਵਿਅੰਗ ਬਹੁਤ ਤਿੱਖਾ ਹੈ। ਜਿਵੇਂ ਕਹਾਣੀ ਓੜਕ ਸਚ ਰਹੇ, ਓਪਰੀ ਸ਼ੈਅ, ਆਈਡੀਆ, ਆਪਣਾ ਖ਼ੂਨ, ਔਲਾਦ, ਇਕ ਰਾਤ ਆਦਿ ਕਹਾਣੀਆਂ ਵਿਚ ਮਨੁੱਖ ਦੀ ਮਨੋਸਥਿਤੀ ਵਿਚਲਾ ਵਰਨਣ ਕੀਤਾ ਹੈ। ਇਸ ਪੁਸਤਕ ਦੀਆਂ ਕਈ ਕਹਾਣੀਆਂ ਅਜਿਹੀਆਂ ਵ ੀ ਹਨ ਜਿਸ ਵਿਚ ਲੇਖਕ ਨੇ ਇਨਸਾਨ ਦੀ ਅੰਦਰਲੀ ਹਾਲਤ ਦਾ ਵਰਨਣ ਕੀਤਾ ਹੈ। ਕਈ ਵਾਰ ਮਨੁੱਖ ਨਾ ਚਾਹੁੰਦਿਆਂ ਹੋਇਆ ਵੀ ਗ਼ਲਤ ਕੰਮ ਕਰ ਬੈਠਦਾ ਹੈ ਜਿਵੇਂ ਕਹਾਣੀ ਦਿਮਾਗ਼, ਸਵਾਦ, ਕੁਰਬਾਨੀ, ਕਾਲਾ ਕੁੱਤਾ, ਖ਼ੁਦਗਰਜ਼ੀ, ਗਹਿਣਾ, ਚੋਟ, ਜਥੇਬੰਦੀ, ਜਾਇਦਾਦ ਕਹਾਣੀਆਂ ਵਿਚ ਲੇਖਕ ਵਰਤਮਾਨ ਸਮੇਂ ਦੇ ਮਨੁੱਖ ਉਪਰ ਤਿੱਖਾ ਵਿਅੰਗ ਕੱਸਦਾ ਹੈ ਕਿ ਕਿਸ ਤਰ੍ਹਾਂ ਅੱਜ ਦਾ ਇਨਸਾਨ ਵੱਖ-ਵੱਖ ਤਾਣੇ ਬਾਣਿਆਂ ਵਿਚ ਉਲਝਿਆ ਹੋਇਆ ਹੈ। ਕਈ ਕਹਾਣੀਆਂ ਸਾਡੇ ਸਮਾਜ ਵਿਚਲੀਆਂ ਬੁਰਾਈਆਂ ਨੂੰ ਪੇਸ਼ ਕਰਦੀਆਂ ਹੋਈਆਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਵਿਚ ਲੇਖਕ ਨੇ ਸਮਾਜਿਕ ਬੁਰਾਈਆਂ ਨੂੰ ਖੁੱਲ੍ਹ ਕੇ ਪੇਸ਼ ਕੀਤਾ ਹੈ। ਵਰਤਮਾਨ ਸਮੇਂ ਦੀ ਇਕ ਹੋਰ ਬੁਰਾਈ ਜਿਹੜੀ ਕਿ ਲੇਖਕ ਨੇ ਆਪਣੀਆਂ ਕਹਾਣੀਆਂ ਵਿਚ ਪੇਸ਼ ਕੀਤੀ ਹੈ ਉਹ ਹੈ ਬਜ਼ੁਰਗਾਂ ਦੀ ਮਾਨਸਿਕਤਾ ਤੇ ਬੱਚਿਆਂ ਨੂੰ ਮਿਲਣ ਦੀ ਤਾਂਘ। ਅੱਜ ਦੇ ਸਮੇਂ ਦੀ ਇਹ ਨਵੀਂ ਬੁਰਾਈ ਹੈ।

ਲੇਖਕ ਨੇ ਕਹਾਣੀਆਂ ਵਿਚ ਨਵੇਂ-ਨਵੇਂ ਵਿਸ਼ੇ ਦਰਸਾਏ ਹਨ। ਪੁਸਤਕ ਦੇ ਸਿਰਲੇਖ ਵਿਚਲੀ ਕਹਾਣੀ ਵਿਚ ਲੇਖਕ ਨੇ ਜਾਤ ਪਾਤ ਦਾ ਵਖਰੇਵਾਂ ਦਿਖਾਇਆ ਹੈ। ਵਿਆਹ ਤੋਂ ਥੋੜ੍ਹੀ ਦੇਰ ਬਾਅਦ ਮੁੰਡੇ ਦਾ ਬਾਹਰ ਜਾ ਕੇ ਰੰਗ ਰੂਪ ਬਦਲ ਜਾਂਦਾ ਹੈ ਤਾਂ ਕੁੜੀ ਉਸ ਨੂੰ ਪਛਾਨਣ ਤੋਂ ਮਨ੍ਹਾਂ ਕਰ ਦਿੰਦੀ ਹੈ ਤੇ ਉਹ ਕਹਿੰਦੀ ਹੈ ਜਦ ਤਕ ਦੁਬਾਰਾ ਸਰਦਾਰ ਨਹੀ ਬਣ ਕੇ ਆਉਂਦਾ ਇਹ ਬੂਹਾ ਨਹੀਂ ਖੁੱਲ੍ਹੇਗਾ। ਸੋ ਲੇਖਕ ਨੇ ਬਹੁਤ ਹੀ ਵਧੀਆ ਢੰਗ ਨਾਲ ਇਸ ਕਹਾਣੀ ਵਿਚ ਪਿਆਰ, ਵਿਸ਼ਵਾਸ, ਧਰਮ ਨੂੰ ਪੇਸ਼ ਕੀਤਾ ਹੈ।

• ਇੰਦਰਪ੍ਰੀਤ ਕੌਰ



## ਸੰਪਾਦਕੀ

### ਰੂਸ ਦੀ ਘੇਰਾਬੰਦੀ ਨਾਕਾਮ

ਦੋ ਸਾਲ ਪਹਿਲਾਂ ਰੂਸੀ ਟੈਂਕ ਸਰਹੱਦ ਪਾਰ ਕਰ ਕੇ ਯੂਕਰੇਨ ਵਿਚ ਦਾਖ਼ਲ ਹੋਏ ਸਨ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਕਾਰਵਾਈ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਦੀ ਯਾਦ ਦਿਵਾਉਂਦੀ ਹੈ ਜੋ ਕਰੀਬ ਅੱਠ ਦਹਾਕੇ ਪਹਿਲਾਂ ਉਦੋਂ ਵਾਪਰੀਆਂ ਸਨ ਜਦੋਂ ਹਿਟਲਰ ਦੀਆਂ ਫ਼ੌਜਾਂ ਨੇ ਪੋਲੈਂਡ 'ਤੇ ਚੜ੍ਹਾਈ ਕੀਤੀ ਸੀ ਜਿਸ ਨਾਲ ਆਲਮੀ ਜੰਗ ਸ਼ੁਰੂ ਹੋ ਗਈ ਸੀ। ਉਸ ਜੰਗ ਵਿਚ ਦੁਨੀਆ ਭਰ ਵਿਚ ਕਰੀਬ 8 ਕਰੋੜ ਲੋਕ ਮਾਰੇ ਗਏ ਸਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਹਿਟਲਰ ਦੀਆਂ ਡਾਢੀਆਂ ਵਿਸਤਾਰਵਾਦੀ ਕਾਰਵਾਈਆਂ ਅਤੇ ਨਾਜ਼ੀ ਵਿਚਾਰਧਾਰਾ ਨੂੰ ਆਮ ਜਰਮਨ ਲੋਕਾਂ ਤੋਂ ਹਮਾਇਤ ਮਿਲਦੀ ਸੀ ਕਿਉਂਕਿ ਜਰਮਨਾਂ ਅੰਦਰ ਪਹਿਲੀ ਆਲਮੀ ਜੰਗ ਤੋਂ ਬਾਅਦ ਉਨ੍ਹਾਂ ਦੇ ਦੇਸ਼ ਨਾਲ ਕੀਤੇ ਸਲੂਕ ਪ੍ਰਤੀ ਬਹੁਤ ਰੋਸ ਸੀ। ਪੂਤਿਨ ਦੀਆਂ ਪੇਸ਼ਕਦਮੀਆਂ ਮੁਤੱਲਕ ਵੀ ਇਹੋ ਜਿਹੇ ਤਰਕ ਦਿੱਤੇ ਜਾਂਦੇ ਰਹੇ ਹਨ। ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਕ੍ਰੈਮਲਿਨ ਦੀ ਪਿੱਠ ਪਿੱਛੇ ਹੋ ਰਹੇ ਨਾਟੋ ਦੇ ਵਿਸਤਾਰ ਦੀ ਪ੍ਰਤੀਕਿਰਿਆ ਦੇ 'ਆਖਿ ?ਰੀ ਰਾਹ' ਵਜੋਂ ਦੇਖਿਆ ਗਿਆ ਸੀ।ਇਹ ਤੁਲਨਾ ਇੱਥੇ ਹੀ ਖਤਮ ਹੋ ਜਾਂਦੀ ਹੈ। ਉਹ ਵਕਤ ਹੋਰ ਸਨ। ਉਦੋਂ ਦੁਨੀਆ ਉਪਰ ਸਾਮਰਾਜੀ ਸ਼ਕਤੀਆਂ ਦੀ ਧਾਂਕ ਜੰਮੀ ਹੋਈ ਸੀ ਜਿਨ੍ਹਾਂ ਨੇ ਪੂਰੇ ਗਲੋਬ ਨੂੰ ਆਪੋ-ਆਪਣੇ ਖਿੱਤਿਆਂ ਵਿਚ ਵੰਡਿਆ ਹੋਇਆ ਸੀ। ਹੁਣ ਲੁਕਵਾਂ ਸਾਮਰਾਜਵਾਦ ਚੱਲ ਰਿਹਾ ਹੈ। ਇਹ ਸਰਕਾਰਾਂ ਦੇ ਰਾਜਪਲਟੇ ਅਤੇ ਕਮਜ਼ੋਰ ਦੇਸ਼ਾਂ ਉਪਰ ਨੀਤੀਆਂ ਠੋਸ ਕੇ ਚਲਾਇਆ ਜਾਂਦਾ ਹੈ। ਭਾਰਤ ਅਤੇ ਚੀਨ ਜਿਹੀਆਂ ਸਾਬਕਾ ਬਸਤੀਆਂ ਵਿਚ ਨਾ ਕੇਵਲ ਦੁਨੀਆ ਦੀ ਇਕ ਤਿਹਾਈ ਆਬਾਦੀ ਵਸਦੀ ਹੈ ਸਗੋਂ ਇਨ੍ਹਾਂ ਦਾ ਦੋਹਾਂ ਮੁਲਕਾਂ ਦੀ ਆਲਮੀ ਅਰਥਚਾਰੇ ਵਿਚ ਇਕ ਚੁਥਾਈ ਹਿੱਸੇਦਾਰੀ ਹੋ ਗਈ ਹੈ। ਯੂਰੋਪ ਪਤਨ ਵੱਲ ਜਾ ਰਿਹਾ ਹੈ; ਅਮਰੀਕਾ ਨੂੰ ਦੁਨੀਆ ਦਾ ਇਕਮਾਤਰ ਥਾਣੇਦਾਰ ਬਣੇ ਰਹਿਣ ਲਈ ਜੂਝਣਾ ਪੈ ਰਿਹਾ ਹੈ।ਤੀਹ ਸਾਲ ਪਹਿਲਾਂ ਜਿਵੇਂ ਸੋਵੀਅਤ ਸੰਘ ਬਿਖਰ ਗਿਆ ਸੀ ਅਤੇ ਅਮਰੀਕੀ ਦਬਦਬੇ ਵਾਲੇ ਕੌਮਾਂਤਰੀ ਵਿੱਤੀ ਅਦਾਰਿਆਂ ਨੇ ਪੱਛਮ ਦੇ ਅਕਸ 'ਚੋਂ ਕੌਮੀ ਅਰਥਚਾਰਿਆਂ ਦਾ ਮੁੜ ਖਾਕਾ ਵਾਹਿਆ ਸੀ ਤਾਂ ਇਵੇਂ ਜਾਪਦਾ ਸੀ ਕਿ ਦੁਨੀਆ ਹੌਲੀ ਹੌਲੀ ਇਕਜੁੱਟ ਮੰਡੀ ਬਣ ਜਾਵੇਗੀ। ਗਲੋਬਲ ਨੌਰਥ (ਵਿਕਸਤ ਮੁਲਕਾਂ ਦਾ ਸਮੂਹ) ਹਰ ਕਿਤੇ ਪੂੰਜੀ ਅਤੇ ਆਪਣੇ ਅਸਾਸੇ ਮੁਹੱਈਆ ਕਰਵਾਏਗਾ; ਗਲੋਬਲ ਸਾਊਥ ਸਸਤੀ ਕਿਰਤ ਪਹੁੰਚਾਏਗਾ। ਇਹ ਮਿੱਥ ਸਿਰਜਿਆ ਗਿਆ ਕਿ ਅਮੀਰ ਦੇਸ਼ਾਂ 'ਚੋਂ ਦੌਲਤ ਰਿਸ ਕੇ ਗਰੀਬ ਦੇਸ਼ਾਂ ਕੋਲ ਆਵੇਗੀ ਅਤੇ ਪੂੰਜੀ ਦੇ ਬੇਰੋਕ ਵਹਾਓ ਨਾਲ ਸਾਰੀਆਂ ਕਿਸ਼ਤੀਆਂ ਸੰਗ-ਸੰਗ ਤੈਰਨਗੀਆਂ, ਭਾਵੇਂ ਇਨ੍ਹਾਂ ਦੇ ਨਾਲ ਕੁਝ ਵੱਡੇ ਜਹਾਜ਼ ਅਤੇ ਖਸਤਾਹਾਲ ਕਟਮਰਾਨ (ਕਿਸ਼ਤੀਆਂ) ਵੀ ਚਲਦੀਆਂ ਰਹਿਣਗੀਆਂ।ਇਹ ਗੱਲ ਵੀ ਪਿਛਾਂਹ ਛੁਟ ਗਈ ਹੈ। ਸੰਸਾਰੀਕਰਨ ਦਾ ਹੁਣ ਭੋਗ ਪੈ ਗਿਆ ਹੈ, ਸਿਰਫ਼ ਕੁਝ ਕੁ ਥਾਵਾਂ ਨੂੰ ਛੱਡ ਕੇ ਜਿੱਥੇ ਇਸ ਦਾ ਮਤਲਬ ਪੱਛਮੀ ਪੂੰਜੀ ਲਈ ਦੁਆਰ ਖੋਲ੍ਹਣਾ ਹੁੰਦਾ ਹੈ। ਸਾਬਕਾ ਵਿਕਸਤ ਦੇਸ਼ ਟੈਰਿਫ (ਮਹਿਸੂਲ) ਅਤੇ ਨਾਨ-ਟੈਰਿਫ ਦੀਵਾਰਾਂ ਖੜ੍ਹੀਆਂ ਕਰ ਰਹੇ ਹਨ ਤਾਂ ਕਿ ਚੀਨ ਅਤੇ ਭਾਰਤ ਜਿਹੇ ਨਵੇਂ ਵਿਕਾਸਸ਼ੀਲ ਮੁਲਕਾਂ ਤੋਂ ਆਪਣੇ ਅਰਥਚਾਰਿਆਂ ਨੂੰ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਹਰ ਸਰਕਾਰ ਜਾਣਦੀ ਹੈ ਕਿ ਭਵਿੱਖ ਮਸਨੂਈ ਬੁੱਧੀ (ਏਆਈ) ਅਤੇ ਸਵੱਛ ਊਰਜਾ ਦਾ ਹੈ। ਇਲੈਕਟ੍ਰਿਕ ਕਾਰਾਂ ਅਤੇ ਕੰਪਿਊਟਰ ਚਿੱਪਾਂ ਬਣਾਉਣ ਵਾਸਤੇ ਹੁਣ ਕੁਦਰਤੀ ਸਰੋਤਾਂ ਉਪਰ ਕੰਟਰੋਲ ਕਰਨ ਦੀ ਆਲਮੀ ਹੋੜ ਛਿੜੀ ਹੋਈ ਹੈ। ਇਨ੍ਹਾਂ 'ਚੋਂ ਬਹੁਤੇ ਸਰੋਤ ਅਫਰੀਕੀ ਮੁਲਕਾਂ ਵਿਚ ਮਿਲਦੇ ਹਨ ਜਿਸ ਨਾਲ ਉਸ ਮਹਾਦੀਪ ਅੰਦਰ ਆਪਣਾ ਸਿਆਸੀ ਪ੍ਰਭਾਵ ਵਧਾਉਣ ਲਈ ਵੱਡੀਆਂ ਤਾਕਤਾਂ ਤਰਲੋਮੱਛੀ ਹੋ ਰਹੀਆਂ ਹਨ। ਯੂਕਰੇਨ ਵਿਚ ਰੂਸੀ ਜੰਗ ਅਤੇ ਇਸ ਦੇ ਰਾਜਨੀਤਕ ਆਰਥਿਕ ਅਸਰ ਨੂੰ ਸੰਸਾਰੀਕਰਨ ਦੇ ਅੰਤ ਅਤੇ ਨਵ-ਸਾਮਰਾਜਵਾਦੀ ਵੈਰ ਵਿਰੋਧਾਂ ਦੇ ਸੁਰਜੀਤ ਹੋਣ ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।ਪਹਿਲੀ ਗੱਲ ਇਹ ਹੈ ਕਿ ਰੂਸ ਦੇ ਅਰਥਚਾਰੇ ਦੇ ਢਹਿ ਢੇਰੀ ਹੋਣ ਦੀਆਂ ਸਾਰੀਆਂ ਭਵਿੱਖਬਾਣੀਆਂ ਗ਼ਲਤ ਸਿੱਧ ਹੋਈਆਂ ਹਨ। ਰੂਸ ਦੀ ਕੁੱਲ ਘਰੇਲੂ ਪੈਦਾਵਾਰ ਬਾਰੇ ਆਮ ਸਹਿਮਤੀ ਵਾਲਾ ਅਨੁਮਾਨ ਇਹ ਹੈ ਕਿ 2023 ਦੌਰਾਨ ਪੱਛਮੀ ਪਾਬੰਦੀਆਂ ਕਰ ਕੇ ਇਸ ਦੇ ਸੁੰਗੜਨ ਦੀ ਬਜਾਇ ਇਸ ਵਿਚ 3 ਫ਼ੀਸਦ ਤੋਂ ਜਿ ?ਆਦਾ ਵਾਧਾ ਹੋਇਆ ਹੈ। ਪੱਛਮੀ ਦੇਸ਼ਾਂ ਦੇ ਮੀਡੀਆ ਵਿਚ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਜੇ ਪੂਤਿਨ ਸਭ ਔਕੜਾਂ ਨੂੰ ਪਾਰ ਕਰ ਕੇ ਹਾਲੇ ਵੀ ਜੰਗ ਲੜ ਰਹੇ ਹਨ ਤਾਂ ਇਸ ਵਿਚ ਉਸ ਦੀ ਮਦਦ ਕਰਨ ਵਾਲੇ ਦੇਸ਼ਾਂ ਵਿਚ ਭਾਰਤ ਦਾ ਨਾਂ ਵੀ ਲਿਆ ਜਾਂਦਾ ਹੈ। ਚੀਨ, ਮਿਸਰ, ਤੁਰਕੀ ਅਤੇ ਕਈ ਹੋਰ ਗ਼ੈਰ-ਪੱਛਮੀ ਦੇਸ਼ਾਂ ਤੋਂ ਇਲਾਵਾ ਭਾਰਤ ਵੀ ਰੂਸੀ ਤੇਲ ਦਾ ਵੱਡਾ ਖਰੀਦਦਾਰ ਬਣ ਗਿਆ ਹੈ। ਇਸ ਕਰ ਕੇ ਪਿਛਲੇ ਦੋ ਸਾਲਾਂ ਤੋਂ ਰੂਸੀ ਤੇਲ ਦੀਆਂ ਬਰਾਮਦਾਂ ਵਿਚ ਭਰਵਾਂ ਵਾਧਾ ਸੰਭਵ ਹੋ ਸਕਿਆ ਹੈ। ਅਸਲ ਵਿਚ ਸਾਲ 2022 ਵਿਚ ਰੂਸੀ ਤੇਲ ਕੰਪਨੀਆਂ ਨੇ ਇਸ ਤੋਂ ਇਕ ਦਹਾਕਾ ਪਹਿਲਾਂ ਨਾਲੋਂ ਜਿ ?ਆਦਾ ਤੇਲ ਖੂਹਾਂ ਦੀ ਖੁਦਾਈ ਕੀਤੀ ਸੀ। ਰੂਸੀ ਗੈਸ ਦਰਾਮਦਾਂ 'ਤੇ ਰੋਕਾਂ ਲਾਉਣ ਦਾ ਜੇ ਕਿਸੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਤਾਂ ਇਹ ਯੂਰੋਪੀਅਨ ਦੇਸ਼ ਹਨ। ਉਨ੍ਹਾਂ ਨੂੰ ਗੈਸ ਦੀਆਂ ਬਹੁਤ ਜਿ ?ਆਦਾ ਕੀਮਤਾਂ ਤਾਰਨੀਆਂ ਪਈਆਂ ਹਨ ਅਤੇ ਨਾਲ ਹੀ ਬੇਹਿਸਾਬ ਮਹਿੰਗਾਈ ਦਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਨਾਲ ਯੂਰੋਪ ਅੰਦਰ ਲੋਕ ਰਾਇ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਸਾਲ ਪਹਿਲਾਂ ਰੂਸ ਖਿਲਾਫ਼ ਲਾਈਆਂ ਨਾਟੋ ਪਾਬੰਦੀਆਂ ਅਤੇ ਯੂਕਰੇਨ ਦੀਆਂ ਜੰਗੀ ਤਿਆਰੀਆਂ ਲਈ ਵਿਆਪਕ ਹਮਾਇਤ ਮਿਲ ਰਹੀ ਸੀ। ਸੱਜਰੇ ਸਰਵੇਖਣ ਵਿਚ ਸਿਰਫ਼ ਦਸ ਫ਼ੀਸਦ ਯੂਰੋਪੀਅਨਾਂ ਦਾ ਵਿਸ਼ਵਾਸ ਹੈ ਕਿ ਰੂਸ ਨੂੰ ਹਰਾਇਆ ਜਾ ਸਕਦਾ ਹੈ। ਕਰੀਬ ਪੰਜਾਹ ਫ਼ੀਸਦ ਲੋਕਾਂ ਦਾ ਖਿਆਲ ਹੈ ਕਿ ਯੂਕਰੇਨ ਨੂੰ ਗੱਲਬਾਤ ਰਾਹੀਂ ਕਿਸੇ ਸਮਝੌਤੇ ਨੂੰ ਪ੍ਰਵਾਨ ਕਰਨਾ ਪੈ ਸਕਦਾ ਹੈ। ਇਕ ਤਿਹਾਈ ਲੋਕਾਂ ਦਾ ਮੰਨਣਾ ਹੈ ਕਿ ਯੂਕਰੇਨ ਵਿਚ ਚੱਲ ਰਹੀ ਜੰਗ ਦਾ ਉਨ੍ਹਾਂ ਦੇ ਦੇਸ਼ ਉਪਰ ਸਿੱਧਾ ਅਸਰ ਪੈ ਰਿਹਾ ਹੈ। ਯੂਰੋਪ ਵਿਚ ਲੋਕਾਂ ਦੇ ਜੰਗਬੰਦੀ ਦੀ ਚਾਹਤ ਦਾ ਇਕ ਕਾਰਨ ਇਹ ਹੈ ਕਿ ਅਮਰੀਕਾ ਵਿਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਦੀ ਚੋਣ ਵਿਚ ਡੋਨਲਡ ਟਰੰਪ ਦੇ ਜਿੱਤਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਜੰਗ ਬਾਰੇ ਟਰੰਪ ਦੀ ਪੁਜ਼ੀਸ਼ਨ ਕਾਫ਼ੀ ਸਪੱਸ਼ਟ ਹੈ। ਮਾਰਚ 2023 ਵਿਚ 'ਫੌਕਸ ਨਿਊਜ਼' ਚੈਨਲ ਨਾਲ ਫੋਨ ਵਾਰਤਾ ਵਿਚ ਟਰੰਪ ਨੇ ਕਿਹਾ ਸੀ ਕਿ ਜੇ ਉਹ ਰਾਸ਼ਟਰਪਤੀ ਹੁੰਦੇ ਤਾਂ ਉਹ ਪੂਤਿਨ ਨੂੰ ਕੁਝ ਹਿੱਸੇ (ਯੂਕਰੇਨ ਦੇ ਰੂਸੀ ਭਾਸ਼ੀ ਖੇਤਰ) ਉਪਰ ਕਬਜ਼ਾ ਕਰਨ ਲੈਣ ਦੀ ਖੁੱਲ੍ਹ ਦੇ ਕੇ ਝਟਪਟ ਜੰਗ ਨਬੇੜ ਦਿੰਦੇ। ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਨ ਲਈ ਰਿਪਬਲਿਕਨ ਪਾਰਟੀ ਦੀ ਚੋਣ ਵਿਚ ਟਰੰਪ ਦੇ ਸਾਏ ਕਰ ਕੇ ਪਾਰਟੀ ਮੈਂਬਰਾਂ ਨੂੰ ਯੂਕਰੇਨ ਲਈ ਵਿੱਤੀ ਅਤੇ ਫ਼ੌਜੀ ਇਮਦਾਦ ਰੋਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਟਰੰਪ ਨੇ ਹੋਰਨਾਂ ਨਾਟੋ ਮੈਂਬਰਾਂ 'ਤੇ ਇਸ ਗੱਲੋਂ ਹਮਲਾ ਕੀਤਾ ਕਿ ਉਹ ਆਪਣੀ ਸੁਰੱਖਿਆ ਲਈ ਜਿ ?ਆਦਾ ਖਰਚ ਨਹੀਂ ਕਰ ਰਹੇ। ਠੰਢੀ ਜੰਗ ਦੇ ਅੰਤ ਤੋਂ ਬਾਅਦ ਨਾਟੋ ਮੈਂਬਰਾਂ ਨੇ ਆਪਣੇ ਰੱਖਿਆ ਖਰਚ ਵਿਚ ਕਾਫ਼ੀ ਕਮੀ ਕਰ ਲਈ ਸੀ; ਇਸ ਦਾ ਬਹੁਤਾ ਭਾਰ ਅਮਰੀਕਾ ਨੂੰ ਚੁੱਕਣਾ ਪਿਆ। ਦਸ ਸਾਲ ਪਹਿਲਾਂ ਰੂਸ ਵਲੋਂ ਕ੍ਰਾਇਮੀਆ ਟਾਪੂ ਉਪਰ ਕਬਜ਼ਾ ਕਰਨ ਤੋਂ ਬਾਅਦ ਨਾਟੋ ਮੈਂਬਰ ਆਪਣਾ ਰੱਖਿਆ ਬਜਟ ਵਧਾ ਕੇ ਆਪਣੀ ਜੀਡੀਪੀ ਦੇ ਦੋ ਫ਼ੀਸਦ ਤੱਕ ਕਰਨ ਲਈ ਸਹਿਮਤ ਹੋ ਗਏ ਸਨ। ਸਹਿਮਤੀ ਦੇ ਬਾਵਜੂਦ 31 ਵਿੱਚੋਂ ਸਿਰਫ਼ 18 ਮੈਂਬਰ ਦੇਸ਼ਾਂ ਨੇ ਆਪਣੇ ਰੱਖਿਆ ਬਜਟ ਦਾ ਟੀਚਾ ਪੂਰਾ ਕੀਤਾ ਸੀ। ਟਰੰਪ ਨੇ ਇਸ ਨੂੰ ਚੋਣ ਮੁੱਦਾ ਬਣਾ ਲਿਆ ਹੈ ਅਤੇ ਆਖਿਆ ਕਿ ਜੇ ਉਹ ਰਾਸ਼ਟਰਪਤੀ ਬਣ ਗਏ ਤਾਂ ਉਹ ਰੂਸ ਨੂੰ ਇਸ ਗੱਲ ਲਈ ਹੱਲਾਸ਼ੇਰੀ ਦੇਣਗੇ ਕਿ ਉਹ ਉਨ੍ਹਾਂ ਨਾਟੋ ਦੇਸ਼ਾਂ ਨਾਲ ਜੋ ਮਰਜ਼ੀ ਕਰ ਸਕਦਾ ਹੈ ਜਿਹੜੇ ਨਾਟੋ ਦੇ ਬਿਲ ਨਹੀਂ ਤਾਰ ਰਹੇ। ਇਸ ਦੌਰਾਨ, ਪੂਤਿਨ ਅਫਰੀਕਾ ਵਿਚ ਭੂ-ਰਾਜਸੀ ਪੁਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਫਰੀਕਾ ਵਿਚ ਨਿਰੰਕੁਸ਼ ਸ਼ਾਸਕਾਂ ਨੂੰ ਆਪਣੀਆਂ ਸਰਕਾਰਾਂ ਬਚਾਉਣ ਲਈ ਰੂਸੀ ਪ੍ਰਾਈਵੇਟ ਮਿਲੀਸ਼ੀਆ ਦੀਆਂ ਸੇਵਾਵਾਂ ਮੁਹੱਈਆ ਕਰਾਉਣ ਦੀ ਪੇਸ਼ਕਸ਼ ਕਰ ਰਹੇ ਹਨ। ਭਾੜੇ ਦੇ ਫ਼ੌਜੀਆਂ ਦੇ ਵੈਗਨਰ ਗਰੁੱਪ ਨੂੰ ਹੁਣ 'ਐਕਸਪੀਡੀਸ਼ਨਰੀ ਕੋਰ' ਵਜੋਂ ਮੁੜ ਲਾਂਚ ਕੀਤਾ ਗਿਆ ਹੈ। ਪੱਛਮ ਲਈ ਇਹ ਨਵਾਂ ਖ਼ਤਰਾ ਹੈ ਅਤੇ ਉਸ ਨੇ ਕੁਦਰਤੀ ਸਰੋਤਾਂ 'ਤੇ ਕੰਟਰੋਲ ਲਈ ਅਫਰੀਕੀ ਮੁਲਕਾਂ ਵੱਲ ਨਵੇਂ ਸਿਰਿਓਂ ਧਿਆਨ ਦੇਣਾ ਸ਼ੁਰੂ ਕੀਤਾ ਹੈ।ਭਾਰਤ ਆਪਣੇ ਆਰਥਿਕ ਦਮ-ਖ਼ਮ ਅਤੇ ਚੀਨ ਖਿਲਾਫ਼ ਪੱਛਮ ਦੇ ਸੰਭਾਵੀ ਇਤਹਾਦੀ ਹੋਣ ਕਰ ਕੇ ਆਪਣੇ ਢੰਗ ਨਾਲ ਆਲਮੀ ਸ਼ਕਤੀ ਵਜੋਂ ਉਭਰਿਆ ਹੈ ਅਤੇ ਇਹ ਦੋਵੇਂ ਦੁਆਰ ਖੁੱਲ੍ਹੇ ਰੱਖਣਾ ਸਾਡੇ ਹਿੱਤ ਵਿਚ ਹੈ। ਇਸ ਕਰ ਕੇ ਰੂਸ ਨਾਲ ਭਾਰਤ ਦੇ ਸਬੰਧਾਂ ਬਾਰੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨੇ ਆਖਿਆ ਹੈ, ਕੋਈ ਮੁਲਕ ਆਪਣੇ ਦੋਸਤਾਂ ਦੀ ਤਾਦਾਦ ਸੀਮਤ ਕਿਉਂ ਕਰੇਗਾ ? ਮੇਰਾ ਧਿਆਨ ਇਸ ਗੱਲ 'ਤੇ ਕੇਂਦਰਤ ਹੈ ਕਿ ਮੇਰੇ ਰਿਸ਼ਤਿਆਂ ਦਾ ਦਾਇਰਾ ਕਿਵੇਂ ਵਧੇ।

# ਮੋਦੀ ਜੀ ਚੋਣਾਂ ਦੀ ਨਹੀਂ, ਦੇਸ਼ ਦੀ ਚਿੰਤਾ ਕਰਦੇ ਹਨ : ਅਨੁਰਾਗ ਠਾਕੁਰ

**➢ 33 ਲੱਖ ਰੁਪਏ ਦੀ ਲਾਗਤ ਨਾਲ ਚੌਂਕੀ ਮਨਿਆਰ ਵਿਖੇ ਡਾਕਘਰ ਦੀ ਨਵੀਂ ਇਮਾਰਤ ➢ ਹਿਮਾਚਲ ਨੂੰ ਨਸ਼ਾ ਮੁਕਤ ਬਣਾਉਣਾ ਸਾਡੀ ਪ੍ਰਤੀਬੱਧਤਾ, ਨੌਜਵਾਨਾਂ ਦੀ ਜ਼ਿੰਮੇਵਾਰੀ ਵੀ ਅਹਿਮ: ਅਨੁਰਾਗ ਠਾਕੁਰ**

**ਸ਼ਿਮਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਸੂਚਨਾ ਤੇ ਪ੍ਰਸਾਰਣ ਅਤੇ ਯੁਵਾ ਤੇ ਖੇਡ ਮਾਮਲਿਆਂ ਬਾਰੇ ਮੰਤਰੀ ਸ਼੍ਰੀ ਅਨੁਰਾਗ ਸਿੰਘ ਠਾਕੁਰ ਅੱਜ ਹਿਮਾਚਲ ਦੌਰੇ 'ਤੇ ਸਨ। ਅੱਜ ਦੇ ਠਹਿਰਾਅ ਦੌਰਾਨ ਸ਼੍ਰੀ ਅਨੁਰਾਗ ਠਾਕੁਰ ਨੇ ਊਨਾ ਅਤੇ ਹਮੀਰਪੁਰ ਵਿੱਚ ਆਯੋਜਿਤ ਵਿਭਿੰਨ ਪ੍ਰੋਗਰਾਮਾਂ ਵਿੱਚ ਹਿੱਸਾ ਲਿਆ। ਸਵੇਰੇ ਉਨ੍ਹਾਂ ਨੇ ਚੌਂਕੀ ਮਨਿਆਰ, ਊਨਾ ਵਿਖੇ ਡਾਕਖਾਨੇ ਦੀ ਨਵੀਂ ਬਣੀ ਇਮਾਰਤ ਦਾ ਉਦਘਾਟਨ ਕੀਤਾ ਅਤੇ ਫਿਰ ਸਲੋਹ ਵਿਖੇ ਤ੍ਰਿਏਕ ਸੰਮੇਲਨ ਵਿੱਚ ਹਿੱਸਾ ਲਿਆ। ਇਸ ਤੋਂ ਬਾਅਦ ਸ਼੍ਰੀ ਅਨੁਰਾਗ ਠਾਕੁਰ ਨੇ ਊਨਾ ਜ਼ਿਲ੍ਹਾ ਭਾਜਪਾ ਦਫਤਰ ਤੋਂ ਬਾਈਕ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ ਅਤੇ ਇਸ ਤੋਂ ਬਾਅਦ ਊਨਾ ਰੇਲਵੇ ਸਟੇਸ਼ਨ 'ਤੇ ਜਾ ਕੇ ਹਰਿਦੁਆਰ ਜਾਣ ਵਾਲੀ ਟਰੇਨ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਸ਼ਾਮ ਨੂੰ, ਸ਼੍ਰੀ ਅਨੁਰਾਗ ਠਾਕੁਰ ਬਸੰਤ ਰਿਜ਼ੋਰਟ, ਹਮੀਰਪੁਰ ਪਹੁੰਚੇ ਜਿੱਥੇ ਉਨ੍ਹਾਂ ਨੇ ਰੰਗਾਰੰਗ ਪਹਾੜੀ ਮਹਿਲਾ ਸੰਗੀਤ ਪ੍ਰੋਗਰਾਮ ਵਿੱਚ ਹਿੱਸਾ ਲਿਆ।

ਡਾਕਘਰ ਦਾ ਉਦਘਾਟਨ ਕਰਦੇ ਹੋਏ ਸ਼੍ਰੀ ਅਨੁਰਾਗ ਸਿੰਘ ਠਾਕੁਰ ਨੇ ਕਿਹਾ, ÷ਇਸ ਇਮਾਰਤ ਦੀ ਉਸਾਰੀ ਦਾ ਕੰਮ ਸਤੰਬਰ 2021 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਅੱਜ ਸਾਨੂੰ ਸਾਰਿਆਂ ਨੂੰ 33 ਲੱਖ ਰੁਪਏ ਦੀ ਲਾਗਤ ਨਾਲ ਇਹ ਨਵੀਂ ਇਮਾਰਤ ਮਿਲੀ ਹੈ। ਇਹ ਡਾਕਘਰ 1976 ਵਿੱਚ ਖੋਲ੍ਹਿਆ ਗਿਆ ਸੀ ਪਰ ਅੱਜ ਤੱਕ ਇਹ ਕਿਰਾਏ ਦੀ ਇਮਾਰਤ ਵਿੱਚ ਚੱਲ ਰਿਹਾ ਸੀ ਪਰ ਹੁਣ ਨਵੀਂ ਇਮਾਰਤ ਬਣਨ ਨਾਲ ਆਮ ਲੋਕਾਂ ਨੂੰ ਕਾਫੀ ਸੁਵਿਧਾਵਾਂ ਮਿਲਣਗੀਆਂ।



ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਲੋਕਾਂ ਨੂੰ ਡਾਕਘਰ ਵੱਲੋਂ ਚਲਾਈਆਂ ਜਾ ਰਹੀਆਂ ਵਿਭਿੰਨ ਲੋਕ ਭਲਾਈ ਸਕੀਮਾਂ ਨਾਲ ਜੁੜਨ ਦੀ ਤਾਕੀਦ ਕੀਤੀ। ਇਸ ਦੇ ਨਾਲ ਹੀ ਮਾਣਯੋਗ ਕੇਂਦਰੀ ਮੰਤਰੀ ਨੇ ਹਾਜ਼ਰ ਮਹਿਲਾਵਾਂ ਨੂੰ ਮਹਿਲਾ ਸਨਮਾਨ ਬੱਚਤ ਯੋਜਨਾ ਅਤੇ ਸੁਕੰਨਿਆ ਸਮ੍ਰਿਧੀ ਯੋਜਨਾ ਦੀਆਂ ਪਾਸਬੁੱਕਾਂ ਵੀ ਦਿੱਤੀਆਂ।

ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ ਕਿ ਅੱਜ ਮੋਦੀ ਜੀ ਚੋਣਾਂ ਦੀ ਚਿੰਤਾ ਕਰਨ ਦੀ ਬਜਾਏ ਦੇਸ਼ ਦੀ ਚਿੰਤਾ ਕਰਦੇ ਹਨ। ਅੱਜ ਪੂਰੀ ਦੁਨੀਆ ਦੀਆਂ ਉਮੀਦਾਂ ਭਾਰਤ 'ਤੇ ਟਿਕੀਆਂ ਹੋਈਆਂ ਹਨ। ਅਸੀਂ ਅੱਜ ਸਭ ਤੋਂ ਤੇਜ਼ੀ ਨਾਲ ਵਧ ਰਹੀ ਪ੍ਰਮੁੱਖ ਅਰਥਵਿਵਸਥਾ ਹਾਂ। ਸਾਨੂੰ ਅਜੇ ਵੀ ਕਈ ਖੇਤਰਾਂ ਵਿੱਚ ਲੰਮਾ ਸਫ਼ਰ ਤੈਅ ਕਰਨਾ ਹੈ। ਭਾਰਤ ਦੀਆਂ ਸੜਕਾਂ ਦੁਨੀਆਂ ਵਿੱਚ ਸਭ ਤੋਂ ਵਧੀਆ ਕਿਵੇਂ ਹੋਣੀਆਂ ਚਾਹੀਦੀਆਂ ਹਨ, ਗਰੀਬਾਂ ਦਾ ਪੱਧਰ ਕਿਵੇਂ ਉੱਚਾ ਚੁੱਕਣਾ ਹੈ, ਸਾਡੀ ਪ੍ਰਤੀ ਵਿਅਕਤੀ ਆਮਦਨ 2047 ਤੱਕ 18000 ਡਾਲਰ ਯਾਨੀ 17 ਲੱਖ ਰੁਪਏ ਸਾਲਾਨਾ ਤੋਂ ਵੱਧ ਕਿਵੇਂ ਹੋਵੇਗੀ, ਕਿੰਨੀਆਂ ਟਰੇਨਾਂ ਚੱਲਣੀਆਂ ਚਾਹੀਦੀਆਂ ਹਨ, ਕਿੰਨੇ ਟ੍ਰੈਕ ਵਿਛਾਉਣੇ ਚਾਹੀਦੇ ਹਨ, ਟ੍ਰੇਨਾਂ ਕਿੰਨੀ ਤੇਜ਼ੀ ਨਾਲ ਚੱਲਣੀਆਂ ਚਾਹੀਦੀਆਂ ਹਨ, ਕਿੰਨੇ ਹੋਰ ਹਵਾਈ ਅੱਡੇ ਬਣਨੇ ਚਾਹੀਦੇ ਹਨ, ਹਵਾਈ ਜਹਾਜ਼ ਬਣਾਉਣ ਵਾਲੀਆਂ ਕਿੰਨੀਆਂ ਹੋਰ ਕੰਪਨੀਆਂ ਨੂੰ ਭਾਰਤ ਵਿੱਚ ਮੈਨੂਫੈਕਚਰਿੰਗ ਕਰਨੀ ਚਾਹੀਦੀ ਹੈ, ਇਹ ਸਭ ਕਿਵੇਂ ਸੰਭਵ ਹੈ ? ਅਸੀਂ ਲੋਕਾਂ ਦੇ ਜੀਵਨ ਨੂੰ ਬਦਲਣ ਲਈ ਨਵੀਂ ਟੈਕਨੋਲੋਜੀ ਦੀ ਵਰਤੋਂ ਕਿਵੇਂ ਕਰਦੇ ਹਾਂ ? ਹੋਰ ਕਿੰਨੇ ਹਸਪਤਾਲ ਅਤੇ ਮੈਡੀਕਲ ਕਾਲਜ ਖੁੱਲ੍ਹਣ ? ਕਿੰਨੇ ਸਕੂਲ ਹੋਣ, ਹਰ ਬੱਚੇ ਨੂੰ ਚੰਗੀ ਸਿੱਖਿਆ ਕਿਵੇਂ ਮਿਲੇ ? ਨਵੀਂ ਸਿੱਖਿਆ ਨੀਤੀ ਸਾਰਿਆਂ ਤੱਕ ਕਿਵੇਂ ਪਹੁੰਚੇ ? ਕੱਲ੍ਹ ਜਦੋਂ ਅਜਿਹੇ ਬਹੁਤ ਸਾਰੇ ਵਿਸ਼ਿਆਂ 'ਤੇ ਚਰਚਾ ਹੋਈ ਤਾਂ ਮੈਂ ਆਪਣੇ ਮਨ ਵਿੱਚ ਬਹੁਤ ਖੁਸ਼ੀ ਮਹਿਸੂਸ ਕੀਤੀ ਕਿ ਕਿਵੇਂ ਦੇਸ਼ ਨੇ ਸਾਨੂੰ ਅੱਜ ਮੋਦੀ ਜੀ ਜਿਹਾ ਇੱਕ ਨੇਤਾ ਦਿੱਤਾ ਹੈ।

ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਸਾਡੀ ਹਿਮਾਚਲੀ ਸੰਸਕ੍ਰਿਤੀ ਦੀ ਰੀੜ੍ਹ ਸਾਡੀਆਂ ਮਾਤਾਵਾਂ, ਭੈਣਾਂ, ਬੇਟੀਆਂ ਹਨ, ਜੋ ਲੋਕ ਗੀਤਾਂ, ਨਾਟਕਾਂ ਅਤੇ ਕਹਾਣੀਆਂ ਦੁਆਰਾ ਪੀੜ੍ਹੀ ਦਰ ਪੀੜ੍ਹੀ ਇਸ ਨੂੰ ਜ਼ਿੰਦਾ ਰੱਖਦੀਆਂ ਹਨ। ਇਸ ਨੂੰ ਮੁੱਖ ਰੱਖਦਿਆਂ ਮਹਿਲਾ ਪਹਾੜੀ ਸੰਗੀਤ ਮੁਕਾਬਲਾ ਸ਼ੁਰੂ ਕੀਤਾ ਗਿਆ ਹੈ, ਜਿਸ ਵਿੱਚ ਪੰਦਰਾਂ ਤੋਂ ਵੱਧ ਪ੍ਰੋਗਰਾਮਾਂ ਅਤੇ ਦਸ ਹਜ਼ਾਰ ਤੋਂ ਵੱਧ ਉਤਸ਼ਾਹੀ ਪ੍ਰਤੀਭਾਗੀਆਂ ਦੇ ਨਾਲ ਇਹ ਪ੍ਰਤਿਯੋਗਤਾ ਹਿਮਾਚਲ ਦੀ ਸੱਭਿਆਚਾਰਕ ਵਿਰਾਸਤ ਦਾ ਇੱਕ ਸ਼ਾਨਦਾਰ ਪ੍ਰਦਰਸ਼ਨ ਹੈ। ਇਸ ਵਿੱਚ ਹਰ ਉਮਰ ਦੀਆਂ ਮਹਿਲਾਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ ਹੈ, ਜੋ ਆਪਣੇ ਆਪ ਵਿੱਚ ਇਹ ਦਰਸਾਉਂਦਾ ਹੈ ਕਿ ਇਹ ਸਿਰਫ਼ ਇੱਕ ਪ੍ਰਤਿਯੋਗਤਾ ਨਹੀਂ ਬਲਕਿ ਸੱਭਿਆਚਾਰਕ ਪੁਨਰ-ਜਾਗਰਣ ਦਾ ਇੱਕ ਅੰਦੋਲਨ ਹੈ। ਮਹਿਲਾ ਪਹਾੜੀ ਸੰਗੀਤ ਦੁਆਰਾ ਨਵੀਂ ਪੀੜ੍ਹੀ ਆਪਣੇ ਸੱਭਿਆਚਾਰ ਤੋਂ ਜਾਣੂ ਹੋ ਰਹੀ ਹੈ।

ਬਾਈਕ ਰੈਲੀ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੀ ਅਨੁਰਾਗ ਠਾਕੁਰ ਨੇ ਲੋਕਾਂ ਨੂੰ ਹੈਲਮੇਟ ਪ੍ਰਤੀ ਜਾਗਰੂਕ ਹੋਣ ਲਈ ਕਿਹਾ। ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ ਕਿ ਅੱਜ ਇੱਥੇ ਮੌਜੂਦ ਸਾਰੇ ਨੌਜਵਾਨ ਨਾ ਸਿਰਫ ਭਾਰਤੀ ਜਨਤਾ ਯੁਵਾ ਮੋਰਚਾ ਦੇ ਵਰਕਰ ਹਨ ਬਲਕਿ ਸਮਾਜ ਵਿੱਚ ਨਸ਼ਾ ਛੁਡਾਉਣ ਦੇ ਬ੍ਰਾਂਡ ਅੰਬੈਸਡਰ ਵੀ ਹਨ। ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ ਕਿ ਨਸ਼ਾ ਸਾਡੇ ਨੌਜਵਾਨਾਂ ਅਤੇ ਨੌਜਵਾਨ ਮਹਿਲਾਵਾਂ ਨੂੰ ਅੰਦਰੋਂ ਹੀ ਅੰਦਰੋਂ ਖਾ ਰਿਹਾ ਹੈ। ਇਸ ਨੂੰ ਖ਼ਤਮ ਕਰਨ ਲਈ ਸਮਾਜ, ਪਰਿਵਾਰ ਅਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਅੱਗੇ ਆਉਣ ਦੀ ਲੋੜ ਹੈ। ਤੁਹਾਡੀ ਜਨ ਪ੍ਰਤੀਨਿਧੀ ਹੋਣ ਦੇ ਨਾਤੇ, ਮੈਂ ਇਸ ਬਾਰੇ ਜਾਗਰੂਕਤਾ ਫੈਲਾਉਣ ਦਾ ਫੈਸਲਾ ਕੀਤਾ ਹੈ। ਅਸੀਂ ਸਾਰੇ ਲੋਕਾਂ ਨੂੰ ਨਾਲ ਲੈ ਕੇ ਹਿਮਾਚਲ ਨੂੰ ਸੁਰੱਖਿਅਤ ਅਤੇ ਨਸ਼ਾ ਮੁਕਤ ਬਣਾਵਾਂਗੇ।

ਹਰਿਦੁਆਰ ਜਾਣ ਵਾਲੀ ਟਰੇਨ ਦੇ ਉਦਘਾਟਨ ਸਮਾਰੋਹ 'ਚ ਬੋਲਦਿਆਂ ਸ਼੍ਰੀ ਅਨੁਰਾਗ ਠਾਕੁਰ ਨੇ ਕਿਹਾ, ਲੋਕ ਮੈਨੂੰ ਪੁੱਛਦੇ ਸਨ ਕਿ ਅਯੁੱਧਿਆ ਧਾਮ ਤੱਕ ਤਾਂ ਤੁਸੀਂ ਟਰੇਨ ਚਲਾਈ ਹੈ ਪਰ ਹਰਿਦੁਆਰ ਤੱਕ ਟਰੇਨ ਕਦੋਂ ਚਲਾਓਗੇ ? ਮੈਨੂੰ ਇਹ ਦੱਸਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਅਸੀਂ ਸਿਰਫ਼ 21 ਦਿਨਾਂ ਵਿੱਚ ਹਰਿਦੁਆਰ ਲਈ ਸਿੱਧੀ ਰੇਲ ਗੱਡੀ ਚਲਾ ਦਿੱਤੀ ਹੈ। ਇਸਦੇ ਲਈ ਸਾਰੇ ਇਲਾਕਾ ਨਿਵਾਸੀਆਂ ਨੂੰ ਵਧਾਈਆਂ ਅਤੇ ਸ਼ੁੱਭਕਾਮਨਾਵਾਂ। ਇਸ ਦੇ ਨਾਲ ਹੀ, ਮੈਂ ਤੁਹਾਡੇ ਸਾਰਿਆਂ ਦੀ ਤਰਫੋਂ ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਅਤੇ ਰੇਲ ਮੰਤਰੀ ਸ਼੍ਰੀ ਅਸ਼ਵਿਨੀ ਵੈਸ਼ਨਵ ਜੀ ਦਾ ਵੀ ਧੰਨਵਾਦ ਪ੍ਰਗਟ ਕਰਦਾ ਹਾਂ।

ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ ਕਿ ਇਸ ਤੋਂ ਬਾਅਦ ਲੋਕਾਂ ਨੇ ਮੈਨੂੰ ਮਥੁਰਾ, ਵ੍ਰਿੰਦਾਵਨ ਅਤੇ ਮਹਾਕਾਲ ਲੋਕ, ਉਜੈਨ ਲਈ ਸਿੱਧੀ ਟ੍ਰੇਨ ਚਲਾਉਣ ਲਈ ਕਿਹਾ। ਇਸ ਦੇ ਲਈ ਮੈਂ ਦੁਬਾਰਾ ਕੇਂਦਰੀ ਰੇਲ ਮੰਤਰੀ ਨੂੰ ਮਿਲਿਆ ਅਤੇ ਉਨ੍ਹਾਂ ਨੇ ਵੀ ਇਸ ਨੂੰ ਮਨਜ਼ੂਰੀ ਦੇ ਦਿੱਤੀ। ਹੁਣ ਸਾਡੇ ਊਨਾ ਤੋਂ ਮਥੁਰਾ, ਵ੍ਰਿੰਦਾਵਨ, ਪ੍ਰਯਾਗਰਾਜ ਅਤੇ ਉਜੈਨ ਮਹਾਕਾਲ ਲੋਕ ਲਈ ਸਿੱਧੀ ਟ੍ਰੇਨ ਚੱਲੇਗੀ। ਇਸਦੇ ਲਈ ਵੀ ਤੁਹਾਨੂੰ ਸਾਰਿਆਂ ਨੂੰ ਬਹੁਤ ਸ਼ੁਭਕਾਮਨਾਵਾਂ। ਦੇਵਭੂਮੀ ਦੇ ਲੋਕਾਂ ਅਤੇ ਸੰਤਾਂ ਦੇ ਆਸ਼ੀਰਵਾਦ ਅਤੇ ਸਾਡੇ ਯਤਨਾਂ ਨਾਲ, ਹੁਣ ਅਸੀਂ ਊਨਾ ਤੋਂ ਹਰਿਦੁਆਰ, ਨਾਂਦੇੜ ਸਾਹਿਬ, ਚੰਡੀਗੜ੍ਹ, ਅੰਬਾਲਾ, ਵ੍ਰਿੰਦਾਵਨ, ਮਥੁਰਾ, ਦਿੱਲੀ ਅਤੇ ਮਹਾਕਾਲ ਲੋਕ ਤੱਕ ਜਾ ਸਕਾਂਗੇ।

ਸ਼੍ਰੀ ਅਨੁਰਾਗ ਠਾਕੁਰ ਨੇ ਅੱਗੇ ਕਿਹਾ ਕਿ ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਹਮੇਸ਼ਾ ਹਿਮਾਚਲ ਨੂੰ ਆਪਣਾ ਦੂਜਾ ਘਰ ਮੰਨਿਆ ਹੈ। ਮੁੰਬਈ, ਕੋਲਕਾਤਾ ਅਤੇ ਬੰਗਲੁਰੂ ਵਰਗੇ ਵੱਡੇ ਸ਼ਹਿਰਾਂ ਵਿੱਚ ਜਦੋਂ ਵੰਦੇ ਭਾਰਤ ਟਰੇਨ ਨਹੀਂ ਚੱਲੀ ਸੀ ਤਾਂ ਊਨਾ ਤੋਂ ਵੰਦੇ ਭਾਰਤ ਟਰੇਨ ਚਲਾਈ ਗਈ ਸੀ। ਇਸ ਨਾਲ ਤੁਸੀਂ ਸਿਰਫ 4 ਘੰਟੇ 45 ਮਿੰਟ 'ਚ ਦਿੱਲੀ ਪਹੁੰਚ ਜਾਂਦੇ ਹੋ।

ਇਹ ਸਭ ਉਦੋਂ ਹੋ ਸਕਿਆ ਹੈ ਜਦੋਂ ਤੁਸੀਂ ਸਾਰਿਆਂ ਨੇ ਮਿਲ ਕੇ ਮੋਦੀ ਸਰਕਾਰ ਬਣਾਈ ਸੀ। ਤੁਸੀਂ ਸਾਰੇ ਧੰਨਵਾਦ ਦੇ ਪਾਤਰ ਹੋ ਕਿ ਤੁਸੀਂ ਅਜਿਹਾ ਨੇਤਾ ਚੁਣਿਆ ਹੈ ਜਿਸ ਨੇ ਹਿਮਾਚਲ ਦੀ ਤਕਦੀਰ ਬਦਲ ਦਿੱਤੀ ਹੈ। ਅੱਜ ਇੱਥੋਂ ਦੀਆਂ ਸੜਕਾਂ ਦੇਖਣਯੋਗ ਹਨ। ਅੱਜ ਇੱਥੇ ਸਰਬਪੱਖੀ ਵਿਕਾਸ ਹੋਇਆ ਹੈ।

# ਘਟੀਆ ਸਮੱਗਰੀ ਨੂੰ ਲੈ ਕੇ ਖਹਿਬੜੇ ਕੌਂਸਲ ਪ੍ਰਧਾਨ ਤੇ ਮੁਹੱਲਾ ਵਾਸੀ

**ਮਾਨਸਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਦੀ ਵਨ-ਵੇਅ ਟਰੈਫ਼ਿਕ ਰੋਡ ਸਥਿਤ ਇੱਕ ਗਲੀ ਦੇ ਪੁਨਰ ਨਿਰਮਾਣ ਦੌਰਾਨ ਘਟੀਆ ਮਿਆਰ ਦਾ ਮੈਟੀਰੀਅਲ ਵਰਤੇ ਜਾਣ ਨੂੰ ਲੈ ਕੇ ਨਗਰ ਕੌਂਸਲ ਪ੍ਰਧਾਨ ਅਤੇ ਮੁਹੱਲਾ ਵਾਸੀ ਹੱਥੋਪਾਈ ਹੋ ਗਏ। ਦੋਵੇਂ ਧਿਰਾਂ ਇੱਕ-ਦੂਜੇ 'ਤੇ ਮਾਰਕੁੱਟ ਕਰਨ ਦਾ ਦੋਸ਼ ਲਾ ਰਹੀਆਂ ਹਨ। ਮਾਮਲਾ ਮਾਨਸਾ ਦੇ ਥਾਣਾ ਸਿਟੀ-2 ਪੁੱਜ ਗਿਆ। ਦੇਰ ਸ਼ਾਮ ਥਾਣਾ ਸਿਟੀ-2 ਮਾਨਸਾ ਦੀ ਪੁਲੀਸ ਵਲੋਂ ਦੋਵੇਂ ਧਿਰਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ। ਪੁਲੀਸ ਦਾ ਕਹਿਣਾ ਹੈ ਕਿ ਮਾਮਲੇ ਦੀ ਪੁੱਛਗਿੱਛ ਕਰਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਜਾਣਕਾਰੀ ਅਨੁਸਾਰ ਵਨ-ਵੇਅ-ਟਰੈਫ਼ਿਕ ਰੋਡ ਸਥਿਤ ਪਰਸ਼ੂਰਾਮ ਵਾਲੀ ਗਲੀ ਦਾ ਪੁਨਰ ਨਿਰਮਾਣ ਕੀਤਾ ਜਾ ਰਿਹਾ ਹੈ। ਸੋਮਵਾਰ ਨੂੰ ਮੁਹੱਲਾ ਨਿਵਾਸੀ ਸੇਵਾਮੁਕਤ ਅਧਿਆਪਕ ਤਰਸੇਮ ਚੰਦ ਨੇ ਇਸ ਸੜਕ ਦੇ ਨਿਰਮਾਣ ਲਈ ਵਰਤੇ ਜਾ ਰਹੇ ਮੈਟੀਰੀਅਲ 'ਤੇ ਇਤਰਾਜ਼ ਜਤਾਇਆ ਅਤੇ ਇਸ ਨੂੰ ਲੈ ਕੇ ਸਥਾਨਕ ਕਾਲੀ ਮਾਤਾ ਮੰਦਰ ਵਿਖੇ ਇਕੱਠ ਬੁਲਾਇਆ। ਲੋਕਾਂ ਦਾ ਰੋਸ ਵੱਧਦਾ ਵੇਖ ਨਗਰ ਕੌਂਸਲ ਮਾਨਸਾ ਦੇ ਪ੍ਰਧਾਨ ਵਿਜੈ ਸਿੰਗਲਾ ਵੀ ਉਥੇ ਪਹੁੰਚੇ। ਮੁਹੱਲਾ ਨਿਵਾਸੀਆਂ ਨੇ ਗਲੀ ਦੇ ਨਿਰਮਾਣ ਵਿੱਚ ਮਾੜਾ ਮੈਟੀਰੀਅਲ ਵਰਤੇ ਜਾਣ ਦੇ ਦੋਸ਼ ਲਾਏ, ਜਦੋਂ ਕਿ ਨਗਰ ਕੌਂਸਲ ਪ੍ਰਧਾਨ ਨੇ ਇਸ ਸਬੰਧੀ ਸਬੰਧਤ ਠੇਕੇਦਾਰ ਤੋਂ ਪੁੱਛਗਿੱਛ ਕਰਨ ਦੀ ਗੱਲ ਕਹੀ। ਦੱਸਿਆ ਜਾ ਰਿਹਾ ਹੈ ਕਿ ਇਸ ਦੌਰਾਨ ਦੋਵਾਂ ਧਿਰਾਂ ਵਿਚਕਾਰ ਝੜਪ ਹੋ ਗਈ।

ਸੇਵਾਮੁਕਤ ਅਧਿਆਪਕ ਅਤੇ ਉਘੇ ਸਮਾਜ ਸੇਵੀ ਤਰਸੇਮ ਚੰਦ ਅਤੇ ਮੁਹੱਲਾ ਨਿਵਾਸੀਆਂ ਨੇ ਦੱਸਿਆ ਕਿ ਇਸ ਗਲੀ ਦੇ ਨਿਰਮਾਣ ਵਿੱਚ ਮਾੜਾ ਮੈਟੀਰੀਅਲ ਵਰਤਿਆ ਜਾ ਰਿਹਾ ਹੈ, ਉਹ ਕਈ ਦਿਨਾਂ ਤੋਂ ਰੌਲਾ ਪਾ ਰਹੇ ਹਨ, ਪ੍ਰੰਤੂ ਉਨ੍ਹਾਂ ਦੀ ਕੋਈ ਪੁੱਛਗਿੱਛ ਨਹੀਂ ਹੋਈ। ਉਨ੍ਹਾਂ ਕਿਹਾ ਕਿ ਗਲੀ ਦੇ ਨਿਰਮਾਣ ਵਿੱਚ ਘਟੀਆ ਮੈਟੀਰੀਅਲ ਨਹੀਂ ਵਰਤਣ ਦਿੱਤਾ ਜਾਵੇਗਾ। ਇਸ ਤੋਂ ਬਾਅਦ ਦੋਵੇਂ ਧਿਰਾਂ ਦੀ ਹੱਥੋ-ਪਾਈ ਹੋ ਗਈ। ਤਰਸੇਮ ਚੰਦ ਨੇ ਕਿਹਾ ਕਿ ਨਗਰ ਕੌਂਸਲ ਪ੍ਰਧਾਨ ਨੇ ਉਨ੍ਹਾਂ ਦੇ ਗਲ 'ਚ ਹੱਥ ਪਾ ਕੇ ਥੱਪੜ ਮਾਰੇ ਅਤੇ ਉਨ੍ਹਾਂ ਦੀ ਕੋਈ ਵੀ ਗੱਲ ਨਹੀਂ ਸੁਣੀ। ਤਰਸੇਮ ਚੰਦ ਨੇ ਮੁਹੱਲਾ ਨਿਵਾਸੀਆਂ ਨੂੰ ਲੈਕੇ ਥਾਣਾ ਸਿਟੀ-2 ਮਾਨਸਾ ਵਿਖੇ ਲਿਖਤੀ ਸ਼ਿਕਾਇਤ ਕੀਤੀ। ਉਧਰ ਨਗਰ ਕੌਂਸਲ ਮਾਨਸਾ ਦੇ ਪ੍ਰਧਾਨ ਵਿਜੈ ਸਿੰਗਲਾ ਨੇ ਕਿਹਾ ਕਿ ਸ਼ਿਕਾਇਤ ਮਿਲਣ 'ਤੇ ਉਨ੍ਹਾਂ ਸਬੰਧਿਤ ਠੇਕੇਦਾਰ ਤੋਂ ਪੁੱਛ-ਪੜਤਾਲ ਕਰਨ ਦੀ ਗੱਲ ਕਹੀ ਪਰ ਤਰਸੇਮ ਚੰਦ ਨੇ ਗੁੱਸੇ ਵਿੱਚ ਆ ਕੇ ਉਨ੍ਹਾਂ ਨਾਲ ਹੱਥੋਪਾਈ ਕੀਤੀ ਅਤੇ ਸਰਕਾਰੀ ਕੰਮ ਵਿੱਚ ਵਿਘਨ ਪਾਇਆ।



ਮਾਨਸਾ ਵਿੱਚ ਗਲੀ 'ਚ ਵਰਤੀ ਘਟੀਆ ਸਮੱਗਰੀ ਵਿਖਾਉਂਦੇ ਹੋਏ ਲੋਕ।

ਇਸ ਸਬੰਧੀ ਥਾਣਾ ਸਿਟੀ-2 ਮਾਨਸਾ ਦੇ ਮੁਖੀ ਦਲਜੀਤ ਸਿੰਘ ਨੇ ਕਿਹਾ ਕਿ ਦੋਵਾਂ ਧਿਰਾਂ ਨੂੰ ਬੁਲਾ ਕੇ ਇਸ ਮਾਮਲੇ ਦੀ ਜਾਂਚ-ਪੜਤਾਲ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਦੋਵਾਂ ਧਿਰਾਂ ਵੱਲੋਂ ਪੁਲੀਸ ਕੋਲ ਲਿਖਤੀ ਸ਼ਿਕਾਇਤ ਦਿੱਤੀ ਹੈ, ਜਿਸ ਦੀ ਪੁਲੀਸ ਪਾਸੋਂ ਪੜਤਾਲ ਕਰਨ ਤੋਂ ਬਾਅਦ ਇਸ ਉਤੇ ਕਾਰਵਾਈ ਅਮਲ ਵਿੱਚ ਲਿਆਵੇਗੀ।

**ਸੀਨੀਅਰ ਡਿਪਟੀ ਮੇਅਰ ਨੇ ਸੜਕਾਂ ਦੀ ਵੀਡੀਓਗ੍ਰਾਫੀ ਕਰਵਾਈ**

ਇਥੇ ਸ਼ਹਿਰ ਅੰਦਰ ਗੈਰਮਿਆਰੀ ਸੜਕਾਂ ਬਣਨ ਦੀ ਲੋਕਾਂ ਦੀ ਸ਼ਿਕਾਇਤ ਉੱਤੇ ਸੀਨੀਅਰ ਡਿਪਟੀ ਮੇਅਰ ਨੇ ਨੋਟਿਸ ਲਿਆ। ਇਸ ਮੌਕੇ ਉਨ੍ਹਾਂ ਨਿਰਮਾਣ ਕਾਰਜਾਂ ਦੀ ਵੀਡੀਓਗ੍ਰਾਫ਼ੀ ਕਰਵਾਈ ਅਤੇ ਗੈਰਮਿਆਰੀ ਰੇਤਾ ਸੀਮਿੰਟ ਦਾ ਨਮੂਨਾ ਵੀ ਸਬੂਤ ਵਜੋਂ ਕਬਜ਼ੇ ਵਿਚ ਲਿਆ। ਇਥੇ ਜਵਾਹਰ ਨਗਰ, ਰਾਮਗੰਜ ਰੋਡ ਮੇਨ ਰੋਡ, ਪਰਵਾਨਾ ਨਗਰ ਆਦਿ ਇਲਾਕੇ ਦੀਆਂ ਸੜਕਾਂ ਵਿਚ ਗੈਰ ਮਿਆਰੀ ਮੈਟੀਰੀਅਲ ਦੀ ਚਰਚਾ ਹੈ। ਇਥੇ ਮਹਿਮੇਵਾਲਾ ਵਿਚ ਸੜਕ ਦੀ ਸਾਈਡ ਬਰਮ ਬਣਾਉਣ ਵਿੱਚ ਸੀਮਿੰਟ ਦੀ ਥਾਂ ਸਿਰਫ ਰੇਤ ਦੀ ਵਰਤੋਂ ਕਰਨ ਦੀ ਲੋਕਾਂ ਵੱਲੋਂ ਹਲਕਾ ਵਿਧਾਇਕ ਤੇ ਨਿਗਮ ਅਧਿਕਾਰੀਆਂ ਨੂੰ ਸ਼ਿਕਾਇਤ ਦਿੱਤੀ ਗਈ। ਸੜਕਾਂ ਵਿਚ ਗੈਰਮਿਆਰੀ ਮੈਟੀਰੀਅਲ ਦੀ ਵਰਤੋਂ ਦੀ ਜਾਣਕਾਰੀ ਮਿਲਦੇ ਸੀਨੀਅਰ ਡਿਪਟੀ ਮੇਅਰ ਪਰਵੀਨ ਕੁਮਾਰ ਸ਼ਰਮਾ ਮੌਕੇ ਉੱਤੇ ਪੁੱਜੇ। ਉਨ੍ਹਾਂ ਕਾਮਿਆਂ ਨੂੰ ਗੈਰਮਿਆਰੀ ਮਟੀਰੀਅਲ ਦੀ ਵਰਤੋਂ ਬਾਰੇ ਪੁੱਛਿਆ ਪਰ ਉਹ ਕੋਈ ਤਸੱਲੀਬਖ਼ਸ਼ ਜਵਾਬ ਨਾ ਦੇ ਕੇ।

ਉਨ੍ਹਾਂ ਉੱਥੇ ਵਰਤੇ ਜਾ ਰਹੇ ਨਿਰਮਾਣ ਸਮੱਗਰੀ ਦਾ ਨਮੂਨਾ ਇਕੱਠਾ ਕਰਕੇ ਥੈਲੇ ਵਿਚ ਪਾਉਣ ਤੋਂ ਇਲਾਵਾ ਵੀਡੀਓਗ੍ਰਾਫੀ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਮਾਮਲਾ ਉਨ੍ਹਾਂ ਨਗਰ ਨਿਗਮ ਦੇ ਕਾਰਜਕਾਰੀ ਕਮਿਸ਼ਨਰ ਕਮ ਐੱਸਡੀਐੱਮ ਸਾਰੰਗਪ੍ਰੀਤ ਸਿੰਘ ਔਜਲਾ ਦੇ ਧਿਆਨ ਵਿਚ ਵੀ ਲਿਆਂਦਾ ਹੈ। ਇਸ ਮੌਕੇ ਅੰਗਰੇਜ਼ ਸਿੰਘ, ਗੁਰਨਾਮ ਸਿੰਘ, ਆਮ ਆਦਮੀ ਪਾਰਟੀ ਦੇ ਆਗੂ ਹਿੰਮਤ ਸਿੰਘ ਤੇ ਹੋਰਾਂ ਨੇ ਦੱਸਿਆ ਕਿ ਉਨ੍ਹਾਂ ਇਸ ਨਿਗਮ ਦੇ ਜੇਈ, ਐਸਡੀਓ, ਸੰਯੁਕਤ ਕਮਿਸ਼ਨਰ ਤੱਕ ਪਹੁੰਚ ਕੀਤੀ, ਪਰ ਕਿਸੇ ਨੇ ਉਨ੍ਹਾਂ ਦੀ ਗੱਲ ਨਹੀਂ ਸੁਣੀ। ਲੋਕਾਂ ਨੇ ਦੱਸਿਆ ਕਿ ਉਨ੍ਹਾਂ ਸੜਕ ਨਿਰਮਾਣ ਵਿਚ ਵਰਤੇ ਜਾ ਰਹੇ ਗੈਰ ਮਿਆਰੀ ਮੈਟੀਰੀਅਲ ਦੀ ਸ਼ਿਕਾਇਤ ਹਲਕਾ ਵਿਧਾਇਕ ਡਾ. ਅਮਨਦੀਪ ਕੌਰ ਅਰੋੜਾ ਨੂੰ ਵੀ ਕੀਤੀ ਕਿ ਇੰਟਰਲਾਕਿੰਗ ਟਾਈਲਾਂ ਵਿਛਾਉਣ ਵਿੱਚ ਬੇਨਿਯਮੀਆਂ ਹੋ ਰਹੀਆਂ ਹਨ, ਸੀਮਿੰਟ ਦੀ ਵਰਤੋਂ ਕੀਤੇ ਬਿਨਾਂ ਟਾਈਲਾਂ ਲਗਾਈਆਂ ਜਾ ਰਹੀਆਂ ਹਨ। ਵਿਧਾਇਕ ਨੇ ਉਨ੍ਹਾਂ ਨੂੰ ਕਾਰਵਾਈ ਦਾ ਭਰੋਸਾ ਦਿੱਤਾ ਪਰ ਉਹ ਵਿਧਾਨ ਸਭਾ ਦੇ ਬਜਟ ਸੈਸ਼ਨ 'ਚ ਹੋਣ ਕਾਰਨ ਮੌਕੇ ਉਤੇ ਨਹੀਂ ਪੁੱਜੇ ਤਾਂ ਉਨ੍ਹਾਂ ਇਹ ਮਾਮਲਾ ਸੀਨੀਅਰ ਡਿਪਟੀ ਮੇਅਰ ਪਰਵੀਨ ਸ਼ਰਮਾ ਦੇ ਧਿਆਨ ਵਿਚ ਲਿਆਂਦਾ। ਵਿਧਾਇਕਾ ਡਾ. ਅਮਨਦੀਪ ਅਰੋੜਾ ਦਾ ਕਹਿਣਾ ਹੈ ਕਿ ਭ੍ਰਿਸ਼ਟਾਚਾਰ ਨੂੰ ਕਿਸੇ ਵੀ ਪੱਧਰ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ, ਉਹ ਇਸ ਮਾਮਲੇ ਦੀ ਜਾਂਚ ਕਰਵਾਉਣਗੇ।

# ਕਿਸਾਨ ਯੂਨੀਅਨ ਸ਼ਾਦੀਪੁਰ ਦੀਆਂ ਇਕਾਈਆਂ ਦੀ ਚੋਣ



ਕਿਸਾਨ ਯੂਨੀਅਨ ਸ਼ਾਦੀਪੁਰ ਵਿੱਚ ਸ਼ਾਮਲ ਹੋਏ ਕਿਸਾਨਾਂ ਨਾਲ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ। ਫ਼ੋਟੋ : ਪ੍ਰੈਸ ਕੀ ਤਾਕਤ

**ਦੇਵੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੀ ਮੀਟਿੰਗ ਅੱਜ ਪਿੰਡ ਜੁਲਾਹਖੇੜੀ ਵਿੱਚ ਗੁਰਲਾਲ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਯੂਨੀਅਨ ਦੇ ਕੌਮੀ ਪ੍ਰਧਾਨ ਬੂਟਾ ਸਿੰਘ ਸ਼ਾਦੀਪੁਰ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਜਥੇਬੰਦੀ ਦੀ ਪਿੰਡ ਇਕਾਈ ਬਣਾਉਣ ਵਾਸਤੇ ਵਿਚਾਰਾਂ ਹੋਈਆਂ। ਵਿਚਾਰ ਚਰਚਾ ਕਰਨ ਤੋਂ ਬਾਅਦ ਸਰਬਸੰਮਤੀ ਨਾਲ ਪਿੰਡਾਂ ਦੀਆਂ ਇਕਾਈਆਂ ਬਣਾਈਆਂ ਗਈਆਂ। ਅਮਨਦੀਪ ਸਿੰਘ ਸਿੱਧੂ ਨੂੰ ਪਿੰਡ ਜੁਲਾਹਖੇੜੀ ਦਾ ਪ੍ਰਧਾਨ ਤੇ ਅਤੇ ਕਿਸਾਨ ਸੁਰਿੰਦਰ ਸਿੰਘ ਨੂੰ ਖਜ਼ਾਨਚੀ ਲਾਇਆ ਗਿਆ। ਇਸ ਤੋਂ ਇਲਾਵਾ ਸੁਖਰਾਜ ਸਿੰਘ ਖਜ਼ਾਨਚੀ, ਰਿਸ਼ਪਾਲ ਸਿੰਘ, ਬਲਵਿੰਦਰ ਸਿੰਘ, ਲਾਭ ਸਿੰਘ, ਅਜੀਤ ਸਿੰਘ, ਜਸਮੇਲ ਸਿੰਘ, ਬਚਿੱਤਰ ਸਿੰਘ ਤੇ ਜਰਨੈਲ ਸਿੰਘ ਮੈਂਬਰ, ਸੁਖਦੇਵ ਸਿੰਘ ਜਨਰਲ ਸੈਕਟਰੀ ਤੇ ਧਰਮਪਾਲ ਸਿੰਘ ਮੈਂਬਰ ਚੁਣੇ ਗਏ। ਇਸ ਦੇ ਨਾਲ ਹੀ ਸੁਖਰਾਜ ਸਿੰਘ ਨੂੰ ਮਹਿਮੂਦਪੁਰ ਜ਼ੋਨ ਦਾ ਪ੍ਰਧਾਨ ਵੀ ਨਿਯੁਕਤ ਕੀਤਾ ਗਿਆ ਅਤੇ ਪਿੰਡਾਂ ਦੀਆਂ ਇਕਾਈਆਂ ਬਣਾਉਣ ਦੇ ਅਧਿਕਾਰ ਦਿੱਤੇ ਗਏ। ਸੁਖਦੇਵ ਸਿੰਘ ਨੂੰ ਜਨਰਲ ਸੈਕਟਰੀ ਜ਼ੋਨ ਲਾਇਆ ਗਿਆ।

ਮੀਟਿੰਗ ਦੌਰਾਨ ਸਾਰੀ ਇਕਾਈ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਥੇਬੰਦੀ ਨੂੰ ਮਜ਼ਬੂਤ ਕਰਨ ਲਈ ਵੱਧ ਤੋਂ ਵੱਧ ਕੰਮ ਕੀਤਾ ਜਾਵੇਗਾ। ਇਸੇ ਤਰ੍ਹਾਂ ਕੋਟਲਾ ਵਿੱਚ ਵੀ ਪਿੰਡ ਦੀ 21 ਮੈਂਬਰੀ ਕਮੇਟੀ ਬਣਾਈ ਗਈ। ਇਹ ਵੀ ਸਾਰੇ ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਨੂੰ ਛੱਡ ਕੇ ਸ਼ਾਦੀਪੁਰ ਯੂਨੀਅਨ ਵਿੱਚ ਸ਼ਾਮਿਲ ਹੋਏ। ਸਰਬਸੰਮਤੀ ਨਾਲ ਪਿੰਡ ਇਕਾਈ ਦੀ ਚੋਣ ਹੋਈ ਤੇ ਸਾਰਿਆਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਜਥੇਬੰਦੀ ਨੂੰ ਮਜ਼ਬੂਤ ਕਰਨ ਵਾਸਤੇ ਭਾਰਤੀ ਕਿਸਾਨ ਯੂਨੀਅਨ ਸ਼ਾਦੀਪੁਰ ਦੇ ਮੋਢੇ ਨਾਲ ਮੋਢਾ ਲਾ ਕੇ ਚੱਲਿਆ ਜਾਵੇਗਾ ਤੇ ਦਿਨ ਰਾਤ ਮਿਹਨਤ ਕਰਕੇ ਜਥੇਬੰਦੀ ਨੂੰ ਮਜ਼ਬੂਤ ਕੀਤਾ ਜਾਵੇਗਾ।

# ਚੋਰਾਂ ਦੀ ਨਿਸ਼ਾਨਦੇਹੀ 'ਤੇ ਚਾਰ ਹੋਰ ਮੋਟਰਸਾਈਕਲ ਬਰਾਮਦ

**ਪਾਤੜਾਂ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ੁਤਰਾਣਾ ਦੀ ਪੁਲੀਸ ਨੇ ਕੁਝ ਦਿਨ ਪਹਿਲਾਂ ਚੋਰੀ ਦੇ 13 ਮੋਟਰਸਾਈਕਲਾਂ ਸਮੇਤ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਸੀ ਜਿਨ੍ਹਾਂ ਦੀ ਨਿਸ਼ਾਨਦੇਹੀ 'ਤੇ ਪੁਲੀਸ ਨੇ ਚਾਰ ਮੋਟਰਸਾਈਕਲ ਹੋਰ ਬਰਾਮਦ ਕੀਤੇ ਹਨ। ਬਰਾਮਦ ਕੀਤੇ ਮੋਟਰਸਾਇਕਲਾਂ ਵਧ ਕੇ 17 ਤੇ ਮੁਲਜ਼ਮਾਂ ਦੀ ਗਿਣਤੀ ਪੰਜ ਹੋ ਗਈ ਹੈ।

ਥਾਣਾ ਪਾਤੜਾ ਵਿੱਚ 15 ਫਰਵਰੀ ਨੂੰ ਦਰਜ ਕੇਸ ਦੇ ਸਬੰਧ ਵਿੱਚ ਪੁਲੀਸ ਨੇ ਗ੍ਰਿਫਤਾਰ ਕੀਤੇ ਸੰਦੀਪ ਕੁਮਾਰ ਉਰਫ ਰੈਂਡੀ ਵਾਸੀ ਹੀਰਾ ਨਗਰ ਸੁਤਰਾਣਾ ਨੇ ਪੁੱਛ-ਗਿੱਛ ਦੌਰਾਨ ਕਬੂਲ ਕੀਤਾ ਕਿ ਉਸ ਨੇ ਲੜਾਈ ਦੀ ਵਾਰਦਾਤ ਵਿੱਚ ਵਰਤਿਆ ਮੋਟਰਸਾਇਕਲ ਸੋਨੂੰ ਵਾਸੀ ਹੀਰਾ ਨਗਰ ਸ਼ੁਤਰਾਣਾ ਨਾਲ ਮਿਲ ਕੇ ਚੋਰੀ ਕੀਤਾ ਸੀ।

ਪੁਲੀਸ ਨੇ ਸੋਨੂੰ ਰਾਮ ਨੂੰ ਕੇਸ ਵਿੱਚ ਨਾਮਜ਼ਦ ਕਰਕੇ ਚੋਰੀ ਕੀਤਾ ਮੋਟਰਸਾਈਕਲ ਸਪਲੈਂਡਰ ਬਰਾਮਦ ਕਰਵਾਇਆ। ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਨੂੰ ਖੁਫੀਆ ਇਤਲਾਹ ਮਿਲਣ 'ਤੇ ਕਸ਼ਮੀਰ ਕੌਰ, ਸੂਰਜ ਰਾਮ ਵਾਸੀਆਨ ਤੁਗੋਪੱਤੀ ਸ਼ੁਤਰਾਣਾ, ਬੰਟੀ, ਸੋਨੂੰ ਰਾਮ ਵਾਸੀਆਨ ਡੇਰਾ ਹੀਰਾ ਨਗਰ ਸ਼ੁਤਰਾਣਾ ਪਾਸੋਂ ਚੋਰੀ ਕੀਤੇ 6 ਮੋਟਰਸਾਈਕਲ ਬਰਾਮਦ ਕੀਤੇ ਗਏ। ਤਫਤੀਸ਼ ਦੌਰਾਨ ਸੋਨੂੰ ਰਾਮ ਦੀ ਨਿਸ਼ਾਨਦੇਹੀ 'ਤੇ 6 ਮੋਟਰਸਾਈਕਲ ਬਰਾਮਦ ਕੀਤੇ ਗਏ। ਸੂਰਜ ਵਾਸੀ ਤੁਗੋਪੱਤੀ ਸ਼ੁਤਰਾਣਾ ਤੇ ਸੋਨੂੰ ਰਾਮ ਵਾਸੀ ਡੇਰਾ ਹੀਰਾ ਨਗਰ ਸ਼ੁਤਰਾਣਾ ਤੋਂ ਚਾਰ ਹੋਰ ਮੋਟਰਸਾਈਕਲ ਬਰਾਮਦ ਕੀਤੇ ਹਨ। ਇਸ ਨਾਲ ਹੁਣ ਕੁੱਲ 17 ਮੋਟਰਸਾਈਕਲ ਬਰਾਮਦ ਕਰਵਾਏ ਜਾ ਚੁੱਕੇ ਹਨ।



ਪੁਲੀਸ ਦੀ ਹਿਰਾਸਤ ਵਿੱਚ ਮੁਲਜ਼ਮ ਤੇ ਬਰਾਮਦ ਹੋਏ ਮੋਟਰਸਾਈਕਲ

# ਸਾਬਕਾ ਮੁਲਾਜ਼ਮ ਵਿੰਗ ਦੇ ਸੂਬਾਈ ਪ੍ਰਧਾਨ ਸਵਰਨ ਸੈਂਪਲਾ ਦਾ ਸਨਮਾਨ

**ਪਟਿਆਲਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

'ਆਪ' ਵੱਲੋਂ ਹਾਲ ਹੀ 'ਚ ਸਵਰਨ ਸਿੰਘ ਸੈਂਪਲਾ ਨੂੰ ਸਾਬਕਾ ਮੁਲਾਜ਼ਮ ਵਿੰਗ ਦਾ ਸੂਬਾਈ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ ਜਿਨ੍ਹਾਂ ਦਾ ਇੱਥੇ ਸਾਬਕਾ ਮੁਲਾਜ਼ਮ ਵਿੰਗ ਦੇ ਸੂਬਾਈ ਮੀਤ ਪ੍ਰਧਾਨ ਬਚਿੱਤਰ ਸਿੰਘ ਤੇ ਹੋਰਾਂ ਦੀ ਅਗਵਾਈ ਹੇਠਾਂ ਸਨਮਾਨ ਕੀਤਾ ਗਿਆ। ਸਮਾਗਮ 'ਚ ਇੰਪਰੂਵਮੈਂਟ ਟਰੱਸਟ ਪਟਿਆਲਾ ਦੇ ਚੇਅਰਮੈਨ ਅਤੇ 'ਆਪ' ਦੇ ਜ਼ਿਲ੍ਹਾ ਪ੍ਰਧਾਨ ਮੇਘ ਚੰਦ ਸ਼ੇਰਮਾਜਰਾ ਨੇ ਸ਼ਿਰਕਤ ਕੀਤੀ। ਇਸ ਮੌਕੇ ਪਾਰਟੀ ਦੇ ਐੱਸਸੀ ਵਿੰਗ ਦੇ ਸੂਬਾਈ ਜੁਆਇੰਟ ਸੈਕਰੇਟਰੀ ਅਸ਼ੋਕ ਸਿਰਸਵਾਲ ਅਤੇ ਸ਼ਡਿਊਲਕਾਸਟ ਲੈਂਡ ਵੈਲਫੇਅਰ ਅਤੇ ਫਾਇਨੈਂਸ ਕਾਰਪੋਰੇਸ਼ਨ ਦੇ ਨਵਨਿਯੁਕਤ ਡਾਇਰੈਕਟਰ ਪ੍ਰੀਤਮ ਸਿੰਘ ਕੌਰਜੀਵਾਲਾ ਨੂੰ ਵੀ ਸਨਮਾਨਿਤ ਕੀਤਾ ਗਿਆ।



ਸਾਬਕਾ ਮੁਲਾਜ਼ਮ ਵਿੰਗ ਦੇ ਸੂਬਾਈ ਪ੍ਰਧਾਨ ਸਵਰਨ ਸੈਂਪਲਾ ਨੂੰ ਸਨਮਾਨਦੇ ਹੋਏ ਚੇਅਰਮੈਨ ਮੇਘਚੰਦ ਸ਼ੇਰਮਾਜਰਾ।

ਚੇਅਰਮੈਨ ਮੇਘਚੰਦ ਸ਼ੇਰਮਾਜਰਾ ਦਾ ਕਹਿਣਾ ਸੀ ਕਿ ਮੁਲਾਜ਼ਮ ਆਗੂਆਂ ਦਾ ਲੰਬਾ ਤਜਰਬਾ ਹੁੰਦਾ ਹੈ ਜਿਸ ਕਰਕੇ ਸਾਬਕਾ ਮੁਲਾਜ਼ਮ ਆਗੂਆਂ ਨੂੰ ਅਹੁਦੇਦਾਰ ਬਣਾਉਣ ਨਾਲ 'ਆਪ' ਨੂੰ ਵਧੇਰੇ ਫਾਇਦਾ ਹੋਵੇਗਾ।

ਇਸੇ ਤਰ੍ਹਾਂ ਲੰਬਾ ਸਮਾਂ ਪੰਜਾਬ ਦੀ ਮੁਲਾਜ਼ਮ ਲਹਿਰ 'ਚ ਮੋਹਰੀ ਸਫਾਂ 'ਚ ਸਰਗਰਮ ਰਹੇ ਸੂਬਾਈ ਮੀਤ ਪ੍ਰਧਾਨ ਬਚਿੱਤਰ ਸਿੰਘ ਨੇ ਵੀ ਇੱਕ ਮੁਲਾਜ਼ਮ ਆਗੂ ਵਜੋਂ ਆਪਣੇ ਤਜਰਬੇ ਸਾਂਝੇ ਕੀਤੇ।

ਇਸ ਮੌਕੇ ਨਰਿੰਦਰ ਗੋਇਲ, ਹਰਜੀਤ ਸਿੰਘ, ਅਮਰੀਕ ਸੋਹੀ, ਗੁਰਦੇਵ ਸਿੰਘ, ਮੱਖਣ ਸਿੰਘ, ਭੁਪਿੰਦਰ ਵੜੈਚ ਅਤੇ ਹਰਸ਼ਵਰਧਨ ਵਧਵਾ ਆਦਿ ਵੀ ਹਾਜ਼ਰ ਸਨ।

# ਪ੍ਰਿੰਸ ਤਨੇਜਾ ਨਿਊ ਪ੍ਰੈੱਸ ਕਲੱਬ ਦੇ ਪ੍ਰਧਾਨ ਬਣੇ

**ਰਾਜਪੁਰਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਿਊ ਪ੍ਰੈੱਸ ਕਲੱਬ ਰਾਜਪੁਰਾ ਦੀ ਬੈਠਕ ਕਲੱਬ ਦੇ ਪ੍ਰਧਾਨ ਗੁਰਸ਼ਰਨ ਵਿਰਕ ਦੀ ਅਗਵਾਈ ਹੇਠ ਹੋਈ ਜਿਸ ਵਿਚ ਸਰਬਸੰਮਤੀ ਨਾਲ ਪ੍ਰਿੰਸ ਤਨੇਜਾ ਨੂੰ ਕਲੱਬ ਦਾ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਉਨ੍ਹਾਂ ਨੂੰ ਆਪਣੀ ਕਾਰਜਕਾਰਨੀ ਚੁਣਨ ਦੇ ਅਧਿਕਾਰ ਦਿੱਤੇ ਗਏ। ਸ੍ਰੀ ਤਨੇਜਾ ਨੇ ਅਸ਼ੋਕ ਪ੍ਰੇਮੀ ਨੂੰ ਸਰਪ੍ਰਸਤ ਅਤੇ ਇਕਬਾਲ ਸਿੰਘ ਨੂੰ ਚੇਅਰਮੈਨ ਨਿਯੁਕਤ ਕੀਤਾ ਗਿਆ। ਇਸ ਮੌਕੇ ਸੁਦੇਸ਼ ਤਨੇਜਾ, ਜਗਦੀਸ਼ ਸ਼ਰਮਾ, ਸਰਬਜੀਤ ਸਿੰਘ ਸੈਣੀ,ਕੁਲਵੰਤ ਬੱਬੂ,ਸੁਖਦੇਵ ਸਿੰਘ, ਸੁਖਦੇਵ ਗਗਨ,ਹਰਸ਼ ਤਨੇਜਾ, ਆਤਮ ਪ੍ਰਕਾਸ਼, ਜਤਿੰਦਰ ਲੱਕੀ, ਗੁਰਪ੍ਰੀਤ ਧੀਮਾਨ ਸਮੇਤ ਹੋਰ ਪੱਤਰਕਾਰ ਮੌਜੂਦ ਸਨ।

ਅੱਜ ਰਾਜਪੁਰਾ ਦੇ ਇਕ ਨਿਜੀ ਹੋਟਲ ਵਿਚ ਨਿਊ ਪ੍ਰੈਸ ਕਲੱਬ ਦੇ ਮੈਂਬਰਾਂ ਵੱਲੋਂ ਸਾਲ 2024-2025 ਦੇ ਲਈ ਪ੍ਰਿੰਸ ਤਨੇਜਾ ਨੂੰ ਸਰਬਸੰਮਤੀ ਨਾਲ ਨਿਊ ਪ੍ਰੈਸ ਕਲੱਬ ਰਾਜਪੁਰਾ ਦਾ ਨਵਾਂ ਪ੍ਰਧਾਨ ਚੁਣਿਆ ਗਿਆ।

# ਹੱਡੀਂ ਹੰਢਾਇਆ ਹੈ ਗ਼ਜ਼ਲਾਂ ਵਿਚਲਾ ਦਰਦ

## ਕਰਮ ਸਿੰਘ ਜ਼ਖ਼ਮੀ

ਰੂਬਰੂ



• ਰਜਿੰਦਰ ਸਿੰਘ ਰਾਜਨ
98761-84954

ਕਰਮ ਸਿੰਘ ਜ਼ਖ਼ਮੀ ਪੰਜਾਬੀ ਗ਼ਜ਼ਲ ਦੇ ਖੇਤਰ ਵਿਚ ਕਿਸੇ ਜਾਣ-ਪਛਾਣ ਦੇ ਮੁਹਤਾਜ਼ ਨਹੀਂ। ਉਹ ਵਿਗਿਆਨਕ ਨਜ਼ਰੀਏ ਤੋਂ ਲਿਖਣ ਵਾਲੇ ਮਾਰਕਸਵਾਦੀ ਸੋਚ ਨੂੰ ਪ੍ਰਣਾਏ ਦਲੇਰ ਹਸਤਾਖ਼ਰ ਹਨ, ਜੋ ਹੁਣ ਤਕ ਛੇ ਗ਼ਜ਼ਲ-ਸੰਗ੍ਰਹਿ 'ਯਾਦਾਂ ਦੇ ਪੁੱਠਕੰਡੇ', 'ਤੁਪਕੇ ਵਿਚ ਸਮੁੰਦਰ', 'ਚੁੱਲੇ ਵਿਚ ਬਸੰਤਰ', 'ਕਦ ਬੋਲਾਂਗੇ', 'ਚਾਨਣ ਦੀ ਲਲਕਾਰ' ਅਤੇ 'ਅੱਖ ਤਿਣ' ਤੋਂ ਇਲਾਵਾ ਦੋ ਕਾਵਿ-ਸੰਗ੍ਰਹਿ 'ਠੰਢੇ ਬੁਰਜ ਦੀ ਆਵਾਜ਼' ਅਤੇ 'ਪੈੜ 'ਚ ਪੈਰ' ਮਾਂ ਬੋਲੀ ਪੰਜਾਬੀ ਦੀ ਝੋਲੀ ਵਿਚ ਪਾ ਚੁੱਕੇ ਹਨ। ਇਨ੍ਹਾਂ ਨੇ ਦੋ ਸਾਂਝੇ ਕਾਵਿ-ਸੰਗ੍ਰਹਿ 'ਲਗਰਾਂ ਬਣੀਆਂ ਰੁੱਖ' ਅਤੇ 'ਸੂਰਜਾਂ ਦਾ ਕਾਫ਼ਲਾ' ਦੀ ਸੰਪਾਦਨਾ ਵੀ ਕੀਤੀ ਹੈ ਅਤੇ ਇਨ੍ਹਾਂ ਦੀ ਗ਼ਜ਼ਲ ਸਿਰਜਣਾ ਬਾਰੇ ਪੰਜਾਬੀ ਗ਼ਜ਼ਲ ਦੇ ਬਾਬਾ ਬੋਹੜ ਸੁਲੱਖਣ ਸਰਹੱਦੀ ਵੱਲੋਂ 'ਕਰਮ ਸਿੰਘ ਜ਼ਖ਼ਮੀ ਦਾ ਗ਼ਜ਼ਲ ਸੰਸਾਰ' ਅਤੇ ਉੱਘੀ ਲੇਖਿਕਾ ਡਾ. ਮਨਦੀਪ ਕੌਰ ਢੀਂਡਸਾ ਵੱਲੋਂ 'ਕਰਮ ਸਿੰਘ ਜ਼ਖ਼ਮੀ ਦੀ ਗ਼ਜ਼ਲ ਸਿਰਜਣਾ' ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਅੱਜ ਮੈਂ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਲਈ ਸੰਘਰਸ਼ਸ਼ੀਲ ਇਸ ਸਥਾਪਿਤ ਕਲਮਕਾਰ ਨਾਲ ਰਚਾਏ ਸੰਵਾਦ ਦੇ ਕੁੱਝ ਅੰਸ਼ ਤੁਹਾਡੇ ਨਾਲ ਸਾਂਝੇ ਕਰ ਰਿਹਾ ਹਾਂ :

**• ਆਪਣੇ ਮੁੱਢਲੇ ਜੀਵਨ ਬਾਰੇ ਦੱਸੋ?**

ਮੇਰੇ ਜਨਮ ਤੋਂ ਤਕਰੀਬਨ ਇਕ ਦਹਾਕਾ ਪਹਿਲਾਂ ਮੇਰੇ ਪਿਤਾ ਕਰਨੈਲ ਸਿੰਘ ਤੇ ਮੇਰੇ ਮਾਤਾ ਮੁਖਤਿਆਰ ਕੌਰ ਮੇਰੇ ਦਾਦਕੇ ਪਿੰਡ ਫਰਵਾਹੀ ਤੋਂ ਬਰਨਾਲੇ ਆ ਗਏ ਸਨ। ਬਰਨਾਲੇ ਤੋਂ ਤਿੰਨ ਕੁ ਕਿਲੋਮੀਟਰ ਦੀ ਦੂਰੀ 'ਤੇ ਪੈਂਦੇ ਇਸ ਪਿੰਡ ਨੂੰ ਤੇਲੀਆਂ ਵਾਲੀ ਫਰਵਾਹੀ ਵੀ ਕਿਹਾ ਜਾਂਦਾ ਹੈ। ਬਰਨਾਲਾ ਦੀ ਰਾਹੀ ਬਸਤੀ ਵਿਖੇ ਦੋ ਅਕਤੂਬਰ ਉੱਨੀ ਸੌ ਤਰੇਹਟ ਨੂੰ ਮੇਰਾ ਜਨਮ ਹੋਇਆ। ਜਿਸ ਦੀ ਛੱਤ ਸਿਰਕੀ-ਬਾਲਿਆਂ ਦੀ ਸੀ, ਜੋ ਥੋੜ੍ਹਾ ਜਿਹਾ ਮੀਂਹ ਪੈਣ 'ਤੇ ਹੀ ਚਿਉਣ ਲੱਗ ਜਾਂਦੀ ਸੀ। ਬਰਸਾਤਾਂ 'ਚ ਸਾਰੀ-ਸਾਰੀ ਰਾਤ ਮੰਜੇ ਇੱਧਰ ਉੱਧਰ ਖਿੱਚਦਿਆਂ ਹੀ ਲੰਘ ਜਾਂਦੀ ਸੀ। ਛੱਤ 'ਚ ਚੂਹਿਆਂ ਨੇ ਆਪਣੀਆਂ ਖੁੱਡਾਂ ਬਣਾ ਲਈਆਂ ਸਨ। ਜਦੋਂ ਕੋਈ ਚੂਹਾ ਕਿਸੇ ਉੱਤੇ ਡਿੱਗ ਪੈਂਦਾ ਸੀ ਤਾਂ ਫਿਰ ਕਿੰਨਾ ਹੀ ਚਿਰ ਉਸ ਨੂੰ ਨੀਂਦ ਨਹੀਂ ਸੀ ਆਉਂਦੀ। ਇਕ ਬੇਹੱਦ ਗ਼ਰੀਬੀ ਕਰਕੇ ਮੇਰਾ ਬਚਪਨ ਤੰਗੀਆਂ-ਤੁਰਸ਼ੀਆਂ ਦੀ ਭੇਟ ਹੀ ਚੜ੍ਹਿਆ ਰਿਹਾ।

**• ਤੁਹਾਡੀ ਵਿੱਦਿਅਕ ਯੋਗਤਾ ਕੀ ਹੈ?**

ਬੇਸ਼ੱਕ ਸ਼ੁਰੂ-ਸ਼ੁਰੂ 'ਚ ਤਾਂ ਮੈਂ ਪੜ੍ਹਾਈ ਵਿਚ ਬੜਾ ਹੁਸ਼ਿਆਰ ਸੀ ਪਰ ਨੌਵੀਂ ਜਮਾਤ 'ਚ ਪੈਰ ਧਰਦਿਆਂ ਹੀ ਮੇਰੇ ਸਿਰ 'ਤੇ ਗੀਤਕਾਰੀ ਦਾ ਭੂਤ ਅਜਿਹਾ ਸਵਾਰ ਹੋਇਆ ਕਿ ਮੈਂ ਆਪਣੇ ਇਮਤਿਹਾਨ ਵੀ ਨਾ ਦੇ ਸਕਿਆ। ਫਿਰ ਨੈਸ਼ਨਲ ਇੰਸ਼ੋਰੈਂਸ ਕੰਪਨੀ ਵਿਚ ਭਰਤੀ ਹੋਣ ਤੋਂ ਬਾਅਦ ਮੈਂ ਪ੍ਰਾਈਵੇਟ ਤੌਰ 'ਤੇ ਦਸਵੀਂ ਜਮਾਤ ਦੇ ਪੇਪਰ ਦਿੱਤੇ। ਉਨ੍ਹਾਂ ਦਿਨਾਂ 'ਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਗਿਆਨੀ ਪਾਸ ਕਰਨ ਉਪਰੰਤ ਸਿੱਧੀ ਬੀ. ਏ. ਕਰਵਾਈ ਜਾਂਦੀ ਸੀ ਪਰ ਜਦੋਂ ਮੈਂ ਗਿਆਨੀ ਪਾਸ ਕਰ ਲਈ ਤਾਂ ਉਨ੍ਹਾਂ ਨੇ ਬਾਰ੍ਹਵੀਂ ਜਮਾਤ ਵੀ ਪਾਸ ਕਰਨੀ ਜ਼ਰੂਰੀ ਕਰ ਦਿੱਤੀ। ਇਸ ਕਰਕੇ ਫਿਰ ਮੈਂ ਆਪਣੀ ਬੀ. ਏ. ਦੀ ਪੜ੍ਹਾਈ ਵਿੱਚੇ ਹੀ ਛੱਡ ਗਿਆ।

**• ਧਾਰਮਿਕ ਪ੍ਰਸੰਗ ਲਿਖਦੇ-ਲਿਖਦੇ ਤੁਸੀਂ ਤਰਕਸ਼ੀਲ ਲਹਿਰ ਵੱਲ ਕਿਵੇਂ ਮੁੜੇ?**

ਮੇਰੇ ਨਾਨਕੇ ਪਿੰਡ ਅਲਾਲ ਤੋਂ ਦੋ ਕੁ ਕਿਲੋਮੀਟਰ ਦੀ ਵਿੱਥ 'ਤੇ ਇਤਿਹਾਸਕ ਪਿੰਡ ਮੂਲੋਵਾਲ ਹੈ, ਜਿੱਥੇ ਚੌਦਾਂ ਪੋਹ ਤੋਂ ਤਿੰਨ ਦਿਨ ਭਾਰੀ ਜੋੜ ਮੇਲਾ ਭਰਦਾ ਹੈ। ਇਨ੍ਹਾਂ ਦਿਨਾਂ 'ਚ ਮੇਰੇ ਨਾਨਕੇ ਪਿੰਡ ਲਗਪਗ ਹਰੇਕ ਘਰ ਵਿਚ ਕਈ-ਕਈ ਰਿਸ਼ਤੇਦਾਰ ਪਹੁੰਚੇ ਹੁੰਦੇ ਸਨ। ਮੈਂ ਵੀ ਹਰ ਸਾਲ ਆਪਣੀ ਮਾਂ ਨਾਲ ਨਾਨਕੇ ਚਲਾ ਜਾਂਦਾ ਅਤੇ ਸਾਰੀ- ਸਾਰੀ ਰਾਤ ਦੀਵਾਨ ਹਾਲ ਵਿਚ ਬੈਠ ਕੇ ਢਾਡੀਆਂ ਅਤੇ ਕਵੀਸ਼ਰਾਂ ਦੇ ਪ੍ਰਸੰਗ ਸੁਣਦਾ ਰਹਿੰਦਾ। ਇਸ ਤਰ੍ਹਾਂ ਸਿੱਖ ਇਤਿਹਾਸ ਦੇ ਰੰਗ ਵਿਚ ਰੰਗਿਆਂ ਮੈਨੂੰ ਪਤਾ ਵੀ ਨਾ ਲੱਗਿਆ ਕਿ ਕਦੋਂ ਮੈਂ ਲਿਖਣਾ ਵੀ ਸ਼ੁਰੂ ਕਰ ਦਿੱਤਾ। ਪਰ ਘਰ ਦੇ ਅੰਧਵਿਸ਼ਵਾਸੀ ਮਾਹੌਲ ਕਾਰਨ ਮੈਨੂੰ ਆਤਮਾ, ਪਰਮਾਤਮਾ ਜਾਂ ਧਰਮ ਵਰਗੇ ਨਾਵਾਂ ਤੋਂ ਨਫ਼ਰਤ ਜਿਹੀ ਹੋਣ ਲੱਗ ਪਈ। ਇਸ ਵਰਤਾਰੇ ਤੋਂ ਛੁਟਕਾਰਾ ਪਾਉਣ ਲਈ ਮੈਂ ਤਰਕਸ਼ੀਲ ਸਾਹਿਤ ਪੜ੍ਹਨਾ ਸ਼ੁਰੂ ਕਰ ਦਿੱਤਾ ਅਤੇ ਫਿਰ ਮੈਂ ਲੰਬਾ ਸਮਾਂ ਤਰਕਸ਼ੀਲ ਸੋਸਾਇਟੀ ਪੰਜਾਬ ਦੀਆਂ ਮੂਹਰਲੀਆਂ ਸਫ਼ਾਂ ਵਿਚ ਵੀ ਕੰਮ ਕੀਤਾ।

**• ਤੁਸੀਂ ਗ਼ਜ਼ਲ ਵਿਧਾ ਨੂੰ ਹੀ ਸਮਰਪਿਤ ਹੋ, ਇਸ ਦਾ ਕੀ ਕਾਰਨ ਹੈ?**

ਗ਼ਜ਼ਲ ਦਾ ਹਰੇਕ ਸ਼ਿਅਰ ਆਪਣੇ ਆਪ ਵਿਚ ਮੁਕੰਮਲ ਅਤੇ ਆਜ਼ਾਦ ਹੁੰਦਾ ਹੈ। ਜਿਸ ਕਰਕੇ ਇਸ ਵਿਚ ਬਹੁਤ ਸਾਰੇ ਮਸਲਿਆਂ ਨੂੰ ਛੋਹ ਲੈਣ ਵਿਚ ਵੀ ਕੋਈ ਕਠਿਨਾਈ ਮਹਿਸੂਸ ਨਹੀਂ ਹੁੰਦੀ। ਇਕ ਸ਼ਿਅਰ 'ਚ ਇਕ ਮਸਲਾ ਲਿਆ ਜਾ ਸਕਦੈ। ਦੂਜੇ 'ਚ ਕੋਈ ਹੋਰ ਤੇ ਤੀਜੇ 'ਚ ਕੋਈ ਹੋਰ। ਇਸ ਕਰਕੇ ਹੋਰਨਾਂ ਵਿਧਾਵਾਂ ਨਾਲੋਂ ਮੈਨੂੰ ਗ਼ਜ਼ਲ ਬਹੁਤ ਪਿਆਰੀ ਲੱਗਦੀ ਹੈ।

**• ਕੀ ਗ਼ਜ਼ਲ ਲਿਖਣੀ ਸਿੱਖਣ ਲਈ ਉਸਤਾਦ ਧਾਰਨਾ ਜ਼ਰੂਰੀ ਹੈ?**

ਦੇਖੋ! ਮੈਂ ਪਿੰਗਲ ਤੇ ਅਰੂਜ਼ ਦੇ ਨਿਯਮਾਂ ਦਾ ਪੱਕਾ ਸਮਰਥਕ ਹਾਂ। ਹੋਰਨਾਂ ਨੂੰ ਵੀ ਇਨ੍ਹਾਂ ਨਿਯਮਾਂ ਦਾ ਪਾਬੰਦ ਰਹਿਣ ਦੀ ਸਲਾਹ ਦਿੰਦਾ ਹਾਂ ਪਰ ਇਹ ਸਭ ਕੁਝ ਸਿੱਖਣ ਲਈ ਮੈਂ ਕਿਸੇ ਨੂੰ ਉਸਤਾਦ ਨਹੀਂ ਧਾਰਿਆ। ਕਿਉਂਕਿ ਅੱਜ ਕੱਲ੍ਹ ਬਹੁਤ ਸਾਰੇ ਪਿੰਗਲ ਤੇ ਅਰੂਜ਼ ਉਪਲੱਬਧ ਹਨ, ਜਿਨ੍ਹਾਂ ਤੋਂ ਸਹਿਜੇ ਹੀ ਮੁਹਾਰਤ ਹਾਸਲ ਕੀਤੀ ਜਾ ਸਕਦੀ ਹੈ। ਜੇ ਕਿਸੇ ਨੂੰ ਅਜਿਹਾ ਕਰਨ 'ਚ ਕਿਸੇ ਤਰ੍ਹਾਂ ਦੀ ਔਖ ਮਹਿਸੂਸ ਹੁੰਦੀ ਹੋਵੇ ਤਾਂ ਮੇਰਾ ਖ਼ਿਆਲ ਹੈ ਕਿ ਉਸਤਾਦ ਜ਼ਰੂਰ ਧਾਰਨਾ ਚਾਹੀਦਾ ਹੈ।

**• ਕਿਹਾ ਜਾਂਦਾ ਹੈ ਕਿ ਤੁਸੀਂ ਸੰਕੇਤਕ ਸ਼ਬਦਾਵਲੀ ਦੀ ਥਾਂ ਠਾਹ ਸੋਟਾ ਮਾਰ ਦਿੰਦੇ ਹੋ।**

ਬੇਸ਼ੱਕ ਗ਼ਜ਼ਲ ਦੀ ਵਿਆਖਿਆ ਕਰਦਿਆਂ, ਇਸ ਦੇ ਵਿਧਾਨ ਘਾੜਿਆਂ ਵੱਲੋਂ ਸਪੱਸ਼ਟ ਸ਼ਬਦਾਂ 'ਚ ਇਹ ਕਿਹਾ ਗਿਆ ਹੈ ਕਿ ਗ਼ਜ਼ਲ ਦੀ ਭਾਸ਼ਾ ਹਰ ਹਾਲਤ ਵਿਚ ਸੰਕੇਤਕ ਹੀ ਰਹਿਣੀ ਚਾਹੀਦੀ ਹੈ ਪਰ ਜਿਨ੍ਹਾਂ ਮਿਹਨਤਕਸ਼ ਕਿਰਤੀਆਂ ਅਤੇ ਕਿਸਾਨਾਂ ਵਾਸਤੇ ਮੈਂ ਲਿਖਦਾ ਹਾਂ, ਉਹ ਤਾਂ ਵਿਚਾਰੇ ਅਜਿਹੀ ਇਸ਼ਾਰਿਆਂ ਵਾਲੀ ਸ਼ਬਦਾਵਲੀ ਨੂੰ ਸਮਝਣ ਤੋਂ ਅਸਮਰੱਥ ਹਨ। ਇਸੇ ਕਰਕੇ ਮੈਂ ਜੋ ਵੀ ਕਹਿੰਦਾ ਹਾਂ, ਘਰਾਂ 'ਚ ਬੋਲੀ ਜਾਣ ਵਾਲੀ ਲੋਕ-ਬੋਲੀ ਵਿਚ ਸਾਫ਼ ਅਤੇ ਸਪੱਸ਼ਟ ਸ਼ਬਦਾਂ 'ਚ ਕਹਿੰਦਾ ਹਾਂ। ਮੇਰੀ ਗੱਲ ਨੂੰ ਸਮਝਣ ਲਈ ਕਿਸੇ ਕਿਸਮ ਦੀ ਵਿਚੋਲਗੀ ਦੀ ਲੋੜ ਨਹੀਂ ਪੈਂਦੀ।

**• ਤੁਹਾਡੀਆਂ ਗ਼ਜ਼ਲਾਂ ਮੈਨੂੰ ਹਾਲਾਤ ਦੀ ਦੇਣ ਮਹਿਸੂਸ ਹੁੰਦੀਆਂ ਹਨ। ਤੁਸੀਂ ਮੇਰੇ ਕਥਨ ਨਾਲ ਕਿੱਥੋਂ ਤਕ ਸਹਿਮਤ ਹੋ?**

ਮੈਂ ਤੁਹਾਡੇ ਇਸ ਵਿਚਾਰ ਨਾਲ ਪੂਰੀ ਤਰ੍ਹਾਂ ਹੀ ਸਹਿਮਤ ਹਾਂ। ਕਿਉਂਕਿ ਮੇਰੀਆਂ ਗ਼ਜ਼ਲਾਂ ਵਿਚਲਾ ਗ਼ਰੀਬਾਂ ਗੁਰਬਿਆਂ ਦਾ ਤੰਗੀਆਂ ਤੁਰਸ਼ੀਆਂ ਭਰੇ ਜੀਵਨ ਦਾ ਦਰਦ ਮੇਰੇ ਲਈ ਕੋਈ ਸੁਣੀ-ਸੁਣਾਈ ਗੱਲ ਨਹੀਂ ਬਲਕਿ ਮੈਂ ਤਾਂ ਇਹ ਸਭ ਕੁੱਝ ਆਪਣੇ ਪਿੰਡੇ 'ਤੇ ਹੰਢਾਇਆ ਹੋਇਆ ਹੈ। ਮੇਰੀਆਂ ਗ਼ਜ਼ਲਾਂ ਇਸੇ ਕਰਕੇ ਹੀ ਲੋਕ-ਮਨਾਂ ਨੂੰ ਟੁੰਬਦੀਆਂ ਹਨ ਕਿਉਂਕਿ ਇਹ ਸੁਲਘਦੀਆਂ ਆਂਦਰਾਂ ਦੇ ਸੇਕ 'ਚੋਂ ਨਿਕਲਦੀਆਂ ਹਨ, ਕਿਸੇ ਪੰਜ ਤਾਰਾ ਹੋਟਲ 'ਚ ਬਹਿ ਕੇ ਨਹੀਂ ਲਿਖੀਆਂ ਜਾਂਦੀਆਂ।

**• ਔਰਤਾਂ ਅਤੇ ਦਲਿਤਾਂ ਲਈ ਸਮਾਜਿਕ ਬਰਾਬਰੀ ਵਾਲੇ ਮਸਲੇ ਨੂੰ ਤੁਸੀਂ ਕਿਵੇਂ ਸਮਝਦੇ ਹੋ?**

ਆਰਥਿਕ ਤੌਰ 'ਤੇ ਤਰੱਕੀ ਕਰ ਲੈਣ ਦੇ ਬਾਵਜੂਦ ਔਰਤਾਂ ਅਤੇ ਦਲਿਤਾਂ ਨੂੰ ਸਮਾਜਿਕ ਬਰਾਬਰੀ ਵਾਲਾ ਮਾਹੌਲ ਨਹੀਂ ਮਿਲ ਸਕਿਆ। ਮੇਰਾ ਮੰਨਣਾ ਹੈ ਕਿ ਅਜੋਕੇ ਲੋਕ-ਵਿਰੋਧੀ ਅਖੌਤੀ ਲੋਕਤੰਤਰੀ ਰਾਜ-ਪ੍ਰਬੰਧ 'ਚ ਅਜਿਹਾ ਹੋਣਾ ਮੁਸ਼ਕਿਲ ਹੀ ਨਹੀਂ, ਬਲਕਿ ਅਸੰਭਵ ਵੀ ਹੈ। ਇਸ ਲਈ ਗੁਰੂ ਰਵਿਦਾਸ, ਗੁਰੂ ਨਾਨਕ ਅਤੇ ਕਾਰਲ ਮਾਰਕਸ ਦੇ ਸੁਪਨਿਆਂ ਦਾ ਲੁੱਟ-ਰਹਿਤ ਅਤੇ ਜਾਤ-ਰਹਿਤ ਪ੍ਰਬੰਧ ਉਸਾਰਨਾ ਬੇਹੱਦ ਜ਼ਰੂਰੀ ਹੈ।

**• ਪੰਜਾਬ ਵਿਚਲੀ ਖੱਬੇ-ਪੱਖੀ ਲਹਿਰ ਬਾਰੇ ਤੁਸੀਂ ਕੀ ਕਹਿਣਾ ਚਾਹੋਗੇ?**

ਮੇਰਾ ਵਿਚਾਰ ਹੈ ਕਿ ਸਾਡੇ ਕਮਿਊਨਿਸਟਾਂ ਨੇ ਕਦੇ ਵੀ ਲੋਕ-ਮਨਾਂ ਨੂੰ ਸਮਝਣ ਦੀ ਜ਼ਰੂਰਤ ਨਹੀਂ ਸਮਝੀ। ਇਨਾਂ ਵੱਲੋਂ ਧਾਰਮਿਕ ਸ਼ਖ਼ਸੀਅਤਾਂ ਦੀ ਕੀਤੀ ਗਈ ਅੰਨ੍ਹੀ ਵਿਰੋਧਤਾ ਨੇ ਵੀ ਇਨ੍ਹਾਂ ਨੂੰ ਲੋਕਾਂ ਨਾਲੋਂ ਅਲੱਗ-ਥਲੱਗ ਕਰਨ 'ਚ ਅਹਿਮ ਭੂਮਿਕਾ ਨਿਭਾਈ ਹੈ। ਰੂਸ ਜਾਂ ਚੀਨ ਮਾਰਕਾ ਇਨਕਲਾਬ ਦੇ ਸੰਘਰਸ਼ ਨੂੰ ਹੂ-ਬ-ਹੂ ਲਾਗੂ ਕਰਨ ਦੇ ਚੱਕਰ ਵਿਚ ਇਨ੍ਹਾਂ ਵੱਲੋਂ ਇੱਥੋਂ ਦੇ ਅਸਲੀ ਲੋਕ-ਨਾਇਕਾਂ ਨੂੰ ਮਾਨਤਾ ਦੇਣ ਤੋਂ ਹੀ ਇਨਕਾਰ ਕੀਤਾ ਜਾਂਦਾ ਰਿਹਾ ਹੈ।



ਮੈਂ ਸੰਕੇਤਕ ਭਾਸ਼ਾ 'ਚ ਨਹੀਂ, ਜੋ ਵੀ ਕਹਿੰਦਾ ਹਾਂ, ਘਰਾਂ 'ਚ ਬੋਲੀ ਜਾਣ ਵਾਲੀ ਲੋਕ-ਬੋਲੀ ਵਿਚ ਸਾਫ਼ ਅਤੇ ਸਪੱਸ਼ਟ ਸ਼ਬਦਾਂ 'ਚ ਕਹਿੰਦਾ ਹਾਂ...

**• ਕੀ ਲੇਖਕਾਂ ਨੂੰ ਲਿਖਣ ਦੇ ਨਾਲ- ਨਾਲ ਸਰੀਰਕ ਰੂਪ 'ਚ ਵੀ ਲੋਕ ਸੰਘਰਸ਼ਾਂ 'ਚ ਹਿੱਸਾ ਲੈਣਾ ਚਾਹੀਦਾ ਹੈ?**

ਬਿਲਕੁਲ ਜ਼ਰੂਰੀ ਹੈ। ਲੋਕ-ਸੰਘਰਸ਼ਾਂ ਦਾ ਹੋਕਾ ਦੇਣ ਵਾਲਾ ਲੇਖਕ ਖ਼ੁਦ ਵੀ ਲੋਕਾਂ ਨਾਲ ਇਕਸੁਰ ਹੋਣਾ ਚਾਹੀਦਾ ਹੈ ਪਰ ਦੁਖਾਂਤ ਇਹ ਹੈ ਕਿ ਸਾਡੀਆਂ ਸੰਘਰਸ਼ੀ ਧਿਰਾਂ ਬੁਰੀ ਤਰ੍ਹਾਂ ਫੁੱਟ ਤੇ ਹਉਮੈ ਦਾ ਸ਼ਿਕਾਰ ਹੋ ਚੁੱਕੀਆਂ ਹਨ। ਇਸ ਹਾਲਤ 'ਚ ਲੇਖਕ ਚਾਹੁੰਦਾ ਹੋਇਆ ਵੀ ਕੁੱਝ ਨਾ ਕਰ ਸਕਣ ਲਈ ਮਜਬੂਰ ਹੋ ਜਾਂਦਾ ਹੈ।

**• ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਪ੍ਰਸਾਰ ਲਈ ਕੀਤੇ ਜਾ ਰਹੇ ਯਤਨਾਂ ਨੂੰ ਤੁਸੀਂ ਕਿਵੇਂ ਦੇਖਦੇ ਹੋ?**

ਮੇਰੇ ਖ਼ਿਆਲ 'ਚ ਸਾਹਿਤਕ ਖੇਤਰ 'ਚ ਵੀ ਡੇਰੇਦਾਰੀਆਂ ਸਥਾਪਿਤ ਹੋ ਚੁੱਕੀਆਂ ਹਨ। ਅਖ਼ਬਾਰਾਂ ਵਿਚ ਫੋਟੋਆਂ ਛਪਵਾਉਣ ਲਈ ਮੰਗ-ਪੱਤਰ ਦੇਣ ਦੀ ਡਰਾਮੇਬਾਜ਼ੀ ਤਾਂ ਬਹੁਤ ਜ਼ਿਆਦਾ ਹੋ ਰਹੀ ਹੈ ਪਰ ਬਹੁਤ ਹੀ ਥੋੜ੍ਹੇ ਲੋਕ ਹਨ ਜੋ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ-ਪ੍ਰਸਾਰ ਲਈ ਸਹੀ ਅਰਥਾਂ 'ਚ ਸੁਹਿਰਦ ਹਨ।

**• ਪੰਜਾਬੀ ਗੀਤਕਾਰੀ ਵਿਚ ਆਏ ਨਿਘਾਰ ਲਈ ਤੁਸੀਂ ਕਿਸ ਨੂੰ ਜ਼ਿੰਮੇਵਾਰ ਸਮਝਦੇ ਹੋ?**

ਇਹ ਸਭ ਕੁਝ ਸਾਡੇ ਭ੍ਰਿਸ਼ਟ ਰਾਜ-ਪ੍ਰਬੰਧ ਦੀ ਹੀ ਦੇਣ ਹੈ ਕਿਉਂਕਿ ਹਕੂਮਤਾਂ ਇਹੋ ਹੀ ਚਾਹੁੰਦੀਆਂ ਹਨ ਕਿ ਸਾਡੀ ਨੌਜਵਾਨ ਪੀੜ੍ਹੀ ਨਸ਼ਿਆਂ ਤੇ ਅਸ਼ਲੀਲਤਾ ਦੀ ਦਲਦਲ ਵਿਚ ਫਸੀ ਰਹੇ ਤਾਂ ਕਿ ਉਹ ਆਪਣੇ ਹੱਕਾਂ ਖ਼ਾਤਰ ਸੰਘਰਸ਼ ਦਾ ਰਾਹ ਅਖ਼ਤਿਆਰ ਕਰਨ ਦੀ ਹਾਲਤ 'ਚ ਹੀ ਨਾ ਰਹੇ।

**• ਕੀ ਤੁਸੀਂ ਆਪਣੀਆਂ ਸਾਹਿਤਕ ਸਰਗਰਮੀਆਂ ਅਤੇ ਮਿਲੇ ਮਾਣ-ਸਨਮਾਨ ਸਬੰਧੀ ਸੰਤੁਸ਼ਟ ਹੋ?**

ਮੈਨੂੰ ਲੱਗਦਾ ਹੈ ਕਿ ਜੋ ਮੈਂ ਕਹਿਣਾ ਚਾਹੁੰਦਾ ਸੀ, ਉਹ ਮੈਥੋਂ ਅਜੇ ਕਿਹਾ ਹੀ ਨਹੀਂ ਗਿਆ। ਸ਼ਾਇਦ ਇਸੇ ਕਰਕੇ ਹੀ ਮੈਂ ਆਪਣੀ ਸਰਕਾਰੀ ਨੌਕਰੀ ਤੋਂ ਪੰਜ ਸਾਲ ਪਹਿਲਾਂ ਹੀ ਸਵੈ-ਇੱਛਤ ਸੇਵਾ-ਮੁਕਤ ਹੋ ਕੇ ਪੂਰੀ ਤਰ੍ਹਾਂ ਸਾਹਿਤਕ ਸਿਰਜਣਾ ਨੂੰ ਸਮਰਪਿਤ ਹੋ ਚੁੱਕਿਆ ਹਾਂ। ਮੇਰਾ ਨਿਰੰਤਰ ਲਿਖਣਾ ਜਾਰੀ ਹੈ। ਕੋਈ ਵੀ ਗ਼ਜ਼ਲ ਲਿਖਣ ਤੋਂ ਬਾਅਦ ਮੈਂ ਇੰਨਾ ਕੁ ਤਾਂ ਜ਼ਰੂਰ ਮਹਿਸੂਸ ਕਰਦਾ ਹਾਂ ਕਿ ਮੈਂ ਸੱਚ ਨੂੰ ਸੱਚ ਅਤੇ ਝੂਠ ਨੂੰ ਝੂਠ ਕਹਿਣ ਦੀ ਕੋਸ਼ਿਸ਼ ਕਰ ਰਿਹਾ ਹਾਂ ਪਰ ਮੇਰੇ ਅੰਦਰਲਾ ਬਹੁਤ ਕੁੱਝ ਮੈਨੂੰ ਹੋਰ ਲਿਖਣ ਲਈ ਬੇਚੈਨ ਕਰਦਾ ਰਹਿੰਦਾ ਹੈ। ਮੇਰੇ ਲਈ ਸੰਤੁਸ਼ਟੀ ਵਾਲੀ ਗੱਲ ਹੈ ਕਿ ਬਹੁਤ ਸਾਰੀਆਂ ਸਾਹਿਤ ਸਭਾਵਾਂ ਤੇ ਸੰਸਥਾਵਾਂ ਵੱਲੋਂ ਮੇਰੀ ਯੋਗਤਾ ਤੋਂ ਵੱਧ ਮਾਣ-ਸਨਮਾਨ ਵੀ ਮਿਲਿਆ ਹੈ। ਸਰਕਾਰੀ ਤਮਗਿਆਂ ਦੀ ਮੈਂ ਕਦੇ ਲਾਲਸਾ ਨਹੀਂ। ਮੈਂ ਮਹਿਸੂਸ ਕਰਦਾ ਹਾਂ ਕਿ ਸਰਕਾਰੀ ਸਨਮਾਨਾਂ ਦੀ ਚਕਾਚੌਂਧ ਨੇ ਸਾਹਿਤਕਾਰਾਂ ਨੂੰ ਤੋਤੇ ਬਣਾ ਕੇ ਰੱਖ ਦਿੱਤਾ ਹੈ। ਮੇਰਾ ਮਤਲਬ ਇਹ ਨਹੀਂ ਕਿ ਸਨਮਾਨ ਲੈਣੇ ਹੀ ਨਹੀਂ ਚਾਹੀਦੇ ਪਰ ਸਨਮਾਨਾਂ ਖ਼ਾਤਰ ਕੀਤੇ ਜਾਣ ਵਾਲੇ ਜੁਗਾੜਾਂ ਦੇ ਮੈਂ ਸਖ਼ਤ ਖ਼ਿਲਾਫ਼ ਹਾਂ ਕਿਉਂਕਿ ਜੁਗਾੜੀ ਬੰਦੇ ਅਸਲੀ ਹੱਕਦਾਰਾਂ ਦਾ ਹੱਕ ਮਾਰਦੇ ਹਨ।

**• ਸਾਹਿਤਕਾਰਾਂ ਦੀ ਅਜੋਕੀ ਸਥਿਤੀ ਬਾਰੇ ਕਿਵੇਂ ਮਹਿਸੂਸ ਕਰਦੇ ਹੋ?**

ਅੱਜ ਦਾ ਸਾਹਿਤਕਾਰ ਬੜੇ ਭਿਆਨਕ ਹਾਲਾਤ 'ਚੋਂ ਗੁਜ਼ਰ ਰਿਹਾ ਹੈ। ਸਰਕਾਰੀ ਸਰਪ੍ਰਸਤੀ ਹੇਠ ਫਾਸ਼ੀਵਾਦੀ ਤਾਕਤਾਂ ਧਾਰਮਿਕ ਘੱਟ ਗਿਣਤੀਆਂ, ਦਲਿਤਾਂ ਅਤੇ ਕਮਿਊਨਿਸਟਾਂ ਲਈ ਖ਼ਤਰਾ ਬਣੀਆਂ ਹੋਈਆਂ ਹਨ। ਲੋਕਾਂ ਤੋਂ ਖਾਣ-ਪੀਣ ਅਤੇ ਪਹਿਨਣ ਦਾ ਬੁਨਿਆਦੀ ਹੱਕ ਵੀ ਖੋਹਿਆ ਜਾ ਰਿਹਾ ਹੈ। ਗੁੰਡਾਗਰਦੀ ਦੇ ਖ਼ਿਲਾਫ਼ ਕਲਮ ਚੁੱਕਣ ਵਾਲੇ ਬਹੁਤ ਸਾਰੇ ਲੇਖਕਾਂ ਨੂੰ ਵੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਹੈ ਪਰ ਤਸੱਲੀ ਵਾਲੀ ਗੱਲ ਹੈ ਕਿ ਹੱਕ, ਸੱਚ ਅਤੇ ਇਨਸਾਫ਼ ਲਈ ਜੂਝਣ ਵਾਲੇ ਕਲਮਕਾਰ ਅਜੇ ਵੀ ਵੱਡੀ ਗਿਣਤੀ ਵਿਚ ਮੌਜੂਦ ਹਨ।

**• ਨਵੇਂ ਗ਼ਜ਼ਲਕਾਰਾਂ ਲਈ ਤੁਹਾਡਾ ਕੀ ਸੁਨੇਹਾ ਹੈ?**

ਨਵੇਂ ਗ਼ਜ਼ਲਕਾਰਾਂ ਨੂੰ ਮੇਰੀ ਬੇਨਤੀ ਹੈ ਕਿ ਜੇ ਉਨ੍ਹਾਂ ਨੇ ਆਪਣੀਆਂ ਲਿਖਤਾਂ ਨੂੰ ਜਿਉਂਦਾ ਰੱਖਣਾ ਹੈ ਤਾਂ ਇਹ ਬੇਹੱਦ ਜ਼ਰੂਰੀ ਹੈ ਕਿ ਲਿਖਤਾਂ ਨੂੰ ਕੇਵਲ ਮਨਪ੍ਰਚਾਵੇ ਦਾ ਸਾਧਨ ਬਣਾ ਕੇ ਹੀ ਨਹੀਂ ਸਰਨਾ, ਬਲਕਿ ਲੋਕਾਂ ਦੀ ਬੋਲੀ ਵਿਚ ਲੋਕਾਂ ਦੇ ਦੁੱਖਾਂ-ਦਰਦਾਂ ਦੀ ਗੱਲ ਵੀ ਕਰਨੀ ਹੀ ਪੈਣੀ ਹੈ। •

---

• ਹਰਪ੍ਰੀਤ ਮੀਤ ਜੰਡਾਲੀ ਕਲਾਂ
97810-44921

ਕੁਦਰਤ ਚਾਰੇ ਪਾਸੇ ਰੰਗ ਬਿਖੇਰ ਕੇ ਆਪ ਖੇਡਦੀ ਹੈ। ਕਿਸੇ ਫੁੱਲ 'ਤੇ ਤ੍ਰੇਲ ਪੈਣੀ ਵੀ ਤਾਂ ਉਸਦੀ ਰਚਨਾ ਹੈ ਤੇ ਫੇਰ ਉਸ ਤ੍ਰੇਲ ਨੂੰ ਸ਼ਬਨਮ ਕਹਿਣਾ ਕਿਸੇ ਸ਼ਾਇਰ ਦੇ ਹਿੱਸੇ ਆ ਜਾਂਦਾ ਹੈ। ਸਮੁੰਦਰ ਦੇ ਵਹਿਣ 'ਤੇ ਮਨੁੱਖੀ ਮਨ ਦੇ ਵਲਵਲੇ ਬਹੁਤ ਸ਼ਕਤੀਸਾਲੀ ਹੁੰਦੇ ਹਨ...

# ਰੰਗਾਂ ਦੇ ਖੇਡ ਤਮਾਸ਼ੇ



ਗੁਰਬਾਣੀ ਵਿਚ ਲਿਖਿਆ ਹੈ ਕਿ ਕੁਦਰਤ ਬਹੁਰੰਗੀ ਹੈ। ਕੁਦਰਤ ਨੇ ਬ੍ਰਹਿਮੰਡ ਦੀ ਰਚਨਾ ਬਹੁਤ ਹੀ ਕਮਾਲ ਦੀ ਕੀਤੀ ਹੈ। ਧਰਤੀ 'ਤੇ ਵਸਣ ਵਾਲਾ ਮਨੁੱਖ ਜਿਸ ਕੋਲ ਸੰਵੇਦਨਸ਼ੀਲ ਮਨ ਹੈ, ਉਹ ਕੁਦਰਤ ਦੇ ਫੈਲੇ ਰੰਗਾਂ ਨੂੰ ਬਹੁਤ ਨੀਝ ਲਗਾ ਕੇ ਵੇਖਦਾ ਹੈ। ਗੁਰੂ ਸਾਹਿਬ ਵੀ ਆਖਦੇ ਹਨ 'ਬਲਿਹਾਰੀ ਕੁਦਰਤ ਵੱਸਿਆ।' ਇਸ ਕੁਦਰਤ ਦੀ ਸਭ ਤੋਂ ਹੈਰਾਨ ਕਰਨ ਵਾਲੀ ਕਲਾ ਦਾ ਨਾਂ ਹੈ ਰੰਗ। ਇਹ ਜ਼ਿੰਦਗੀ ਦੇ ਆਲੇ ਦੁਆਲੇ ਘੁੰਮਦੇ ਹਨ। ਜੇ ਕਾਲੇ ਰੰਗ ਦੀ ਗੱਲ ਕਰੀਏ ਤਾਂ ਇਹ ਹਨੇਰ ਦਾ ਸੂਚਕ ਹੈ ਤੇ ਪਰ ਸਫ਼ੈਦ ਰੰਗ ਜ਼ਿੰਦਗੀ ਦਾ ਸੂਚਕ ਹੈ ਤੇ ਪਤਾ ਚੱਲਦਾ ਹੈ ਕਿ ਜ਼ਿੰਦਗੀ ਧੜਕ ਰਹੀ ਹੈ।

ਕੁਦਰਤ ਚਾਰੇ ਪਾਸੇ ਰੰਗ ਬਿਖੇਰ ਕੇ ਆਪ ਖੇਡਦੀ ਹੈ। ਕਿਸੇ ਫੁੱਲ 'ਤੇ ਤ੍ਰੇਲ ਪੈਣੀ ਵੀ ਤਾਂ ਉਸਦੀ ਰਚਨਾ ਹੈ ਤੇ ਫੇਰ ਉਸ ਤ੍ਰੇਲ ਨੂੰ ਸ਼ਬਨਮ ਕਹਿਣਾ ਕਿਸੇ ਸ਼ਾਇਰ ਦੇ ਹਿੱਸੇ ਆ ਜਾਂਦਾ ਹੈ। ਸਮੁੰਦਰ ਦੇ ਵਹਿਣ 'ਤੇ ਮਨੁੱਖੀ ਮਨ ਦੇ ਵਲਵਲੇ ਬਹੁਤ ਸ਼ਕਤੀਸਾਲੀ ਹੁੰਦੇ ਹਨ। ਕੁਦਰਤ ਨੇ ਪਾਣੀ ਨੂੰ ਨੀਲਾ ਰੰਗ ਵੀ ਦਿੱਤਾ ਹੈ, ਇਹੀ ਨੀਲਾ ਰੰਗ ਅਸਮਾਨ ਦਾ ਵੀ ਹੈ। ਪਰ ਕੁਦਰਤ ਇਸ ਪਾਣੀ ਦੇ ਰੰਗ ਨੂੰ ਰੰਗਹੀਣ ਵੀ ਕਰ ਦਿੰਦੀ ਹੈ। ਵਿਗਿਆਨ ਦੇ ਨਿਯਮ ਆਪਣੇ ਹਨ। ਕੁਦਰਤ ਨਾ ਮੁੱਕਣ ਵਾਲੀ ਕਿਤਾਬ ਹੈ। ਇਸ ਦੇ ਹਰ ਪੰਨੇ 'ਤੇ ਹਰ ਤਰ੍ਹਾਂ ਦੇ ਰੰਗ ਹਨ। ਇਨ੍ਹਾਂ ਰੰਗਾਂ ਨੂੰ ਨਾਂ ਦੇਣਾ ਬੰਦੇ ਦੇ ਵੱਸ ਦੀ ਗੱਲ ਨਹੀਂ ਹੈ।

ਦੂਸਰੇ ਪਾਸੇ ਬੰਦੇ ਨੂੰ ਵੀ ਥਾਪੜਾ ਦੇਣਾ ਬਣਦਾ ਹੈ ਜਿਹੜਾ ਹਰ ਰੰਗ ਦੀ ਜਾਣਕਾਰੀ ਮਨੁੱਖਾਂ ਨੂੰ ਦਿੰਦਾ ਹੈ। ਵੈਸੇ ਜੇ ਅਸੀਂ ਸੋਚੀਏ ਤਾਂ ਸਵਾਲ ਬਹੁਤ ਪੈਦਾ ਹੁੰਦੇ ਹਨ ਜਿਵੇਂ ਕੁਦਰਤ ਨੇ ਹਰਾ ਰੰਗ ਪੌਦਿਆਂ ਨੂੰ ਕਿਉਂ ਦਿੱਤਾ? ਸਾਵਣ ਦੇ ਮਹੀਨੇ ਵਿਚ ਇਹ ਹਰਿਆਲੀ ਬੱਦਲਾਂ ਦੇ ਖੜਾਕ ਨਾਲ ਨੱਚਣ ਲੱਗਦੀ ਹੈ। ਇਹ ਨਜ਼ਾਰਾ ਦੇਖਣਾ ਹਰ ਬੰਦੇ ਦੇ ਹਿੱਸੇ ਨਹੀਂ ਆਉਂਦਾ। ਜਦੋਂ ਕਿ ਕੁਦਰਤ ਪੱਤਝੜ ਤੋਂ ਬਾਅਦ ਪੱਤਿਆਂ ਦੇ ਰੂਪ 'ਚ ਆਪਣਾ ਹਰਾ ਰੰਗ ਸਾਕਾਰ ਕਰਦੀ ਹੈ। ਇਸ ਹਰੇ ਰੰਗ ਵਿੱਚੋਂ ਪਤਾ ਨਹੀਂ ਕਿੰਨੇ ਰੰਗ ਉਤਪੰਨ ਹੋ ਜਾਂਦੇ ਹਨ। ਇਹ ਵੀ ਤਾਂ ਇਕ ਤਮਾਸ਼ਾ ਹੀ ਹੈ। ਹੁਣ ਦੂਜਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜੇ ਕੁਦਰਤ ਸਭ ਪੇੜ ਪੌਦਿਆਂ ਨੂੰ ਕੋਈ ਪੀਲਾ ਰੰਗ ਦੇ ਦੇਵੇ ਜਾਂ ਫਿਰ ਨੀਲਾ ਰੰਗ ਦੇ ਦੇਵੇ ਤਾਂ ਕੀ ਹੋਵੇਗਾ? ਉਸ ਬਾਰੇ ਕਲਪਨਾ ਕਰਕੇ ਦੇਖੋ। ਪਰ ਕੁਦਰਤ ਨੇ ਇਸ ਨੂੰ ਹਰਾ ਰੰਗ ਹੀ ਦਿੱਤਾ ਹੈ। ਆਪ ਹੀ ਉਸ ਨੇ ਰੰਗ ਬਰੰਗੇ ਪੰਛੀ ਪੈਦਾ ਕੀਤੇ ਹਨ। ਜੇ ਕਾਂ ਕਾਲਾ ਹੈ ਤਾਂ ਮੋਰ ਨੂੰ ਕਈ ਰੰਗਾਂ ਦਾ ਮਾਲਕ ਬਣਾਇਆ ਹੈ। ਬੱਤਖ ਦੁੱਧ ਵਰਗੀ ਸਫ਼ੈਦ ਤੇ ਕਈ ਪੰਛੀਆਂ ਨੂੰ ਪੀਲੇ ਰੰਗ ਪ੍ਰਦਾਨ ਕੀਤੇ ਹਨ। ਇਹ ਸਭ ਕੁਦਰਤ ਤੇ ਖੇਡ ਤਮਾਸ਼ੇ ਦਾ ਇਕ ਹਿੱਸਾ ਹਨ।

ਹਰ ਬੰਦੇ ਨੂੰ ਅਲੱਗ-ਅਲੱਗ ਰੰਗ ਪਸੰਦ ਹਨ। ਮੀਂਹ ਪੈਣ ਤੋਂ ਬਾਅਦ ਵੀ ਸਤਰੰਗੀ ਪੀਂਘ ਅਸਮਾਨ ਨੂੰ ਕ੍ਰਿਸ਼ਮਈ ਬਣਾ ਦਿੰਦੀ ਹੈ। ਬਸੰਤ ਰੁੱਤ ਵਿਚ ਪੀਲਾ ਰੰਗ ਸਰਬੋਤਮ ਹੁੰਦਾ ਹੈ। ਖੇਤਾਂ ਵਿਚ ਸਰੋਂ ਦੇ ਪੀਲੇ-ਪੀਲੇ ਫੁੱਲਾਂ ਵੱਲ ਵੇਖ ਕੇ ਇੰਝ ਲੱਗਦਾ ਹੈ ਜਿਵੇਂ ਕੁਦਰਤ ਪੀਲੇ ਰੰਗ ਵਿਚ ਸੋਨਾ ਮਿਲਾ ਕੇ ਧਰਤੀ 'ਤੇ ਵਿਛਾ ਰਹੀ ਹੋਵੇ। ਕੁਦਰਤ ਨੇ ਲੋਹੇ ਨੂੰ ਧੂੜ ਵਰਗੀ ਰੰਗਤ ਦਿੱਤੀ ਹੈ ਤੇ ਫਿਰ ਸੋਨੇ ਨੂੰ ਪੀਲਕ ਬਖਸ਼ੀ ਹੈ। ਉੱਥੇ ਚਾਂਦੀ ਨੂੰ ਚਮਕ ਦੇ ਕੇ ਆਪਣੀ ਹਾਜ਼ਰੀ ਲਗਵਾਈ ਹੈ।

ਕਣਕ ਨੂੰ ਪੱਕਣ 'ਤੇ ਸੋਨੇ ਵਰਗਾ ਰੰਗ ਵੀ ਕੁਦਰਤ ਦੀ ਅੰਗੜਾਈ ਹੈ। ਨਦੀਆਂ, ਨਹਿਰਾਂ, ਸਮੁੰਦਰ ਸਭ ਨੂੰ ਰੰਗ ਦਿੱਤੇ ਹਨ। ਧਰਤੀ ਦੀਆਂ ਵੱਖ-ਵੱਖ ਰੰਗਾਂ ਦੀਆਂ ਪਰਤਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਕੁਦਰਤ ਹਰ ਪਾਸੇ ਵਿਰਾਜਮਾਨ ਹੈ।

ਕਿਸੇ ਨੂੰ ਨੀਲਾ ਰੰਗ ਪਸੰਦ ਹੈ ਤੇ ਕਿਸੇ ਨੂੰ ਇਸ ਰੰਗ ਤੋਂ ਨਫ਼ਰਤ ਹੈ। ਕੇਸਰੀ ਰੰਗ ਕੁਰਬਾਨੀ ਦਾ ਪ੍ਰਤੀਕ ਬਣ ਕੇ ਉਭਰਿਆ ਹੈ ਤਾਂ ਸਫ਼ੈਦ ਰੰਗ ਸ਼ਾਂਤੀ ਨੂੰ ਹਲੂਣਾ ਦਿੰਦਾ ਹੈ। ਇਹ ਗੱਲ ਸਾਨੂੰ ਕੋਈ ਦੱਸ ਕੇ ਨਹੀਂ ਗਿਆ। ਸਗੋਂ ਮਨੁੱਖ ਦੇ ਮਨ ਨੇ ਆਪ ਬੁੱਝਿਆ ਹੈ। ਹਰ ਰੰਗ ਸਾਨੂੰ ਦੱਸਦਾ ਹੈ ਕਿ ਜ਼ਿੰਦਗੀ ਚੱਲ ਰਹੀ ਹੈ ਤੇ ਤਰੱਕੀਆਂ ਕਰੋ। ਉੱਥੇ ਸਫ਼ੈਦ ਅਤੇ ਹਰਾ ਰੰਗ ਪੀਰਾਂ ਫ਼ਕੀਰਾਂ ਦੀ ਪਹਿਲੀ ਪਸੰਦ ਹੁੰਦੇ ਹਨ। ਧਰਤੀ 'ਤੇ ਉੱਗਣ ਵਾਲੀ ਸਾਰੀ ਬਨਸਪਤੀ ਵੀ ਰੰਗ ਬਰੰਗੀ ਹੈ। ਜੇ ਲਾਲ ਰੰਗ ਸੁਹਾਗਣ ਦੀ ਨਿਸ਼ਾਨੀ ਹੈ ਤਾਂ ਸਫ਼ੈਦ ਰੰਗ ਵਿਧਵਾ ਦਾ ਪ੍ਰਤੀਕ ਹੋ ਨਿਬੜਦਾ ਹੈ। ਰੰਗਾਂ ਨੇ ਮਨੁੱਖ ਦੁਆਲੇ ਝੁਰਮਟ ਪਾ ਰੱਖਿਆ ਹੈ। ਵੱਖ-ਵੱਖ ਦੇਸ਼ਾਂ ਦੇ ਝੰਡਿਆਂ ਦੇ ਰੰਗ ਉੱਥੋਂ ਦੇ ਰਾਜਨੀਤਕ ਲੋਕਾਂ ਦੀ ਮਨੋਦਸ਼ਾ ਭਲੀਭਾਂਤ ਬਿਆਨ ਕਰਦੇ ਹਨ।

ਮਨੋਵਿਗਿਆਨੀ ਕਹਿੰਦੇ ਹਨ ਕਿ ਜੇ ਕਿਸੇ ਬੰਦੇ ਨੂੰ ਲਾਲ ਰੰਗ ਵਿਚ ਪੰਦਰਾਂ ਦਿਨ ਲਗਾਤਾਰ ਰੱਖਿਆ ਜਾਵੇ ਤਾਂ ਬੰਦੇ ਦਾ ਪਾਗ਼ਲ ਹੋਣਾ ਨਿਸ਼ਚਤ ਹੋ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਨੇ ਆਵਾਜਾਈ ਨੂੰ ਕੰਟਰੋਲ ਕਰਨ ਲਈ ਵੀ ਮਨੁੱਖ ਮਾਨਸਿਕਤਾ ਦੇ ਅਨੁਸਾਰ ਲਾਲ ਰੰਗ ਰੁਕੇ ਰਹਿਣਾ ਪੀਲਾ ਰੰਗ ਸਾਵਧਾਨ ਹੋ ਕੇ ਰੁਕੋ ਤੇ ਹਰਾ ਰੰਗ ਚੱਲਣ ਲਈ ਪੈਦਾ ਕੀਤਾ ਹੈ। ਗੱਡੀ 'ਤੇ ਲੱਗੀ ਲਾਲ ਬੱਤੀ ਅਮੀਰੀ ਤੇ ਟੌਹਰ ਲਈ ਸਿਰਜੀ ਗਈ ਘੰਟੀ ਹੈ। ਅੱਗ ਦਾ ਰੰਗ ਤੂਫ਼ਾਨ ਪੈਦਾ ਕਰਦਾ ਹੈ। ਉਵੇਂ ਹੀ ਬਰਫ਼ ਦਾ ਰੰਗ ਬੰਦੇ ਨੂੰ ਠੰਢਕ ਮਹਿਸੂਸ ਕਰਵਾਉਂਦਾ ਹੈ। ਸਾਡੀਆਂ ਨਾੜਾਂ ਵਿਚ ਚੱਲਣ ਵਾਲਾ ਖ਼ੂਨ ਵੀ ਲਾਲ ਰੰਗ ਦਾ ਹੈ। ਧਰਤੀ 'ਤੇ ਬਹੁਗਿਣਤੀ ਪਸ਼ੂ ਤੇ ਪੰਛੀਆਂ ਵਿਚ ਵੀ ਲਾਲ ਰੰਗ ਹੀ ਘਰ ਕਰੀ ਬੈਠਾ ਹੈ।

ਕੱਪੜਿਆਂ ਨੂੰ ਅਨੇਕਾਂ ਤਰ੍ਹਾਂ ਦੇ ਰੰਗ ਦਿੱਤੇ ਜਾਂਦੇ ਹਨ। ਹਰ ਬੰਦਾ ਆਪਣੀ ਮਰਜ਼ੀ ਅਨੁਸਾਰ ਰੰਗ ਪਾਉਂਦਾ ਹੈ। ਇਹ ਰੰਗ ਸਾਡੇ ਖ਼ੁਸ਼ੀਆਂ ਖੇੜੇ ਹਨ। ਇਕ ਬਿਮਾਰ ਬੰਦੇ ਨੂੰ ਰੰਗਾਂ ਨਾਲ ਕੋਈ ਮੋਹ ਨਹੀਂ ਹੁੰਦਾ। ਇਕ ਤੰਦਰੁਸ਼ਤ ਇਨਸਾਨ ਹਰ ਰੰਗ ਨਾਲ ਯਾਰੀ ਪਾਉਣਾ ਲੋਚਦਾ ਹੈ। ਇਸ ਕਰਕੇ ਹੀ ਤਾਂ ਹੁਸਨ ਜਵਾਨੀ ਤੇ ਮਾਪਿਆਂ ਨੂੰ ਰੰਗਾਂ ਵਿਚ ਤੋਲਿਆ ਜਾਂਦਾ ਹੈ। ਕਿਤੇ ਹਰਿਆਲੀ ਨੱਚਦੀ ਹੈ ਤੇ ਕਿਤੇ ਰੇਤੇ ਦਾ ਰੰਗ ਧੂੜ ਬਣਿਆ ਵਿਖਾਈ ਦਿੰਦਾ ਹੈ। ਰੰਗਾਂ ਦੇ ਇਹ ਭੇਦ ਮਨੁੱਖ ਕਦੇ ਵੀ ਨਹੀਂ ਸਮਝ ਸਕਦਾ। ਇਹ ਕੁਦਰਤ ਰੰਗਾਂ ਦੀ ਖੇਡ ਖੇਡਦੀ ਹੈ। ਕਿਹੜਾ ਰੰਗ ਕਿਹੜੇ ਸਮੇਂ ਘਟਾਅ ਪੈਦਾ ਕਰਦੇ ਇਹ ਕਿਸੇ ਨੂੰ ਨਹੀਂ ਪਤਾ। ਕੁਦਰਤ ਦੇ ਇਹ ਰੰਗ ਕਦੇ ਵੀ ਨਹੀਂ ਮਰ ਸਕਦੇ। •

---

• ਕਮਲਪ੍ਰੀਤ ਸਿੰਘ
88376-74052

ਸਮਾਜ 'ਚ ਹਰ ਵਿਅਕਤੀ ਦੀਆਂ ਮਾਨਸਿਕ, ਆਰਥਿਕ ਤੇ ਹੋਰ ਕਈ ਯੋਗਤਾਵਾਂ ਮਿੱਥ ਲਈਆਂ ਜਾਂਦੀਆਂ ਹਨ, ਜਿਸ ਨੂੰ ਉਸਦੀ ਔਕਾਤ ਦੱਸਿਆ ਜਾਣ ਲੱਗ ਜਾਂਦਾ ਹੈ। ਈਰਖਾ ਅਤੇ ਸਾੜਾ ਇਸੇ ਦਰਜਾਬੰਦੀ ਦੀ ਮਿੱਟੀ 'ਚ ਉੱਗੇ ਹੋਏ ਬੂਟੇ ਹੁੰਦੇ ਹਨ...

# ਔਕਾਤ ਦੇ ਮਾਅਨੇ ਤੇ ਪੈਮਾਨੇ



ਮਨੁੱਖ ਵਿਚਲੇ ਕੁਝ ਗੁਣ ਅਤੇ ਔਗੁਣ ਉਸ ਨੂੰ ਕੁਦਰਤੀ ਤੌਰ 'ਤੇ ਮਿਲਦੇ ਹਨ ਅਤੇ ਬਾਕੀ ਉਸ ਅੰਦਰ ਸਮਾਜਿਕ ਕਦਰਾਂ ਕੀਮਤਾਂ, ਪਰਿਵਾਰਕ ਮਾਹੌਲ ਆਦਿ ਤੋਂ ਉੱਭਰਦੇ ਹਨ। ਪਰ ਕੁਝ ਕੁ ਮਨੁੱਖੀ ਵਿਸ਼ੇਸ਼ਤਾਵਾਂ ਕਦੇ ਗੁਣ ਕਦੇ ਔਗੁਣ ਦੋਵਾਂ ਦਾ ਰੂਪ ਧਾਰ ਸਕਦੀਆਂ ਹਨ। ਅਜਿਹੀ ਹੀ ਇਕ ਮਨੁੱਖੀ ਵਿਸ਼ੇਸ਼ਤਾ ਹੈ - ਤੁਲਨਾਤਮਕ ਪ੍ਰਵਿਰਤੀ। ਸਾਡੇ ਸਮਾਜਿਕ ਢਾਂਚੇ ਵਿਚਲੇ ਅਨੇਕਾਂ ਕਿਸਮ ਦੇ ਵਰਗੀਕਰਣ ਇਸ ਪ੍ਰਵਿਰਤੀ ਦਾ ਹੀ ਪ੍ਰਮਾਣ ਹਨ। ਤੁਲਨਾ ਜਦੋਂ ਆਪਣੇ ਤੋਂ ਉੱਚ ਪੱਧਰੀ ਸ਼ਖ਼ਸੀਅਤ ਨਾਲ ਆਪਣਾ ਮਿਆਰ ਉੱਚਾ ਚੁੱਕਣ ਲਈ ਕੀਤੀ ਜਾਵੇ ਤਾਂ ਇਹ ਗੁਣ ਅਖਵਾਉਂਦੀ ਹੈ। ਪਰ ਜਦੋਂ ਆਪਣੇ ਤੋਂ ਕਮਜ਼ੋਰ ਅਤੇ ਲਾਚਾਰ ਨਾਲ ਆਪਣੀ ਹਉਮੈ ਪ੍ਰਫੁੱਲਤ ਕਰਨ ਲਈ ਕੀਤੀ ਜਾਵੇ ਤਾਂ ਇਹ ਔਗੁਣ ਹੋ ਨਿੱਬੜਦੀ ਹੈ।

ਸਮਾਜ ਵਿਚ ਹਰੇਕ ਵਿਅਕਤੀ ਦੀਆਂ ਮਾਨਸਿਕ, ਆਰਥਿਕ ਅਤੇ ਹੋਰ ਕਈ ਤਰ੍ਹਾਂ ਦੀਆਂ ਯੋਗਤਾਵਾਂ ਮਿੱਥ ਲਈਆਂ ਜਾਂਦੀਆਂ ਹਨ, ਜਿਸ ਨੂੰ ਉਸਦੀ ਔਕਾਤ ਦੱਸਿਆ ਜਾਣ ਲੱਗ ਜਾਂਦਾ ਹੈ। ਈਰਖਾ ਅਤੇ ਸਾੜਾ ਇਸੇ ਦਰਜਾਬੰਦੀ ਦੀ ਮਿੱਟੀ ਵਿਚ ਉੱਗੇ ਹੋਏ ਬੂਟੇ ਹੁੰਦੇ ਹਨ। 'ਉਹਦੀ ਕੀ ਔਕਾਤ ਐ' ਇਹ ਵਾਕ ਕਿਸੇ ਦੇ ਹੰਕਾਰ ਨੂੰ ਚਾਰ ਚੰਨ ਲਾਉਣ ਲਈ ਕਾਫ਼ੀ ਹੁੰਦਾ ਹੈ। ਕਿਸੇ ਸੋਚ ਦੀ ਚੌੜਾਈ ਇਸ ਗੱਲ ਤੋਂ ਮਾਪੀ ਜਾ ਸਕਦੀ ਹੈ ਕਿ ਦੂਜਿਆਂ ਦੀ ਔਕਾਤ ਮਾਪਣ ਲੱਗਿਆਂ ਉਹ ਪੈਮਾਨਾ ਕੀ ਰੱਖਦੀ ਹੈ। ਸੌੜੀਆਂ ਸੋਚਾਂ ਹਮੇਸ਼ਾ ਲਿਬਾਸ ਨੂੰ ਲਹਿਜ਼ੇ ਨਾਲੋਂ ਜ਼ਿਆਦਾ ਤਰਜ਼ੀਹ ਦਿੰਦੀਆਂ ਹਨ।

ਔਕਾਤ ਮਾਪਣ ਦੇ ਅਨੇਕਾਂ ਪੱਖ ਹੋ ਸਕਦੇ ਹਨ। ਮਿਸਾਲ ਵਜੋਂ ਇਕ ਕਵਿਤਾ ਮੁਕਾਬਲੇ ਵਿਚ ਜੇਤੂ ਚੁਣੇ ਜਾਣ ਵਾਲੇ ਕਵੀ ਨੇ ਤੈਸ਼ ਵਿਚ ਆ ਕੇ ਮੰਚ ਉੱਤੇ ਆਪਣੇ ਜੇਤੂ ਭਾਸ਼ਣ ਦੌਰਾਨ ਹੀ ਮੁਕਾਬਲੇ ਵਿਚ ਹਿੱਸਾ ਲੈਣ ਵਾਲੇ ਦੂਜੇ ਕਵੀਆਂ 'ਚੋਂ ਦੋ-ਚਾਰ ਦੀਆਂ ਰਚਨਾਵਾਂ ਵਿਚ ਨਘੋਚਾਂ ਕੱਢ ਦਿੱਤੀਆਂ। ਸਮਾਗਮ ਸਮਾਪਤ ਹੋਣ ਤੇ ਉਨ੍ਹਾਂ ਵਿੱਚੋਂ ਇਕ ਕਵੀ ਉਸ ਕੋਲ ਆਇਆ ਤੇ ਬੜੀ ਨਿਮਰਤਾ ਨਾਲ ਇਕ ਚਿੱਠੀ ਦੇ ਕੇ 'ਘਰ ਜਾ ਕੇ ਪੜ੍ਹ ਲੈਣਾ' ਕਹਿ ਕੇ ਚਲਾ ਗਿਆ। ਜੇਤੂ ਕਵੀ ਨੇ ਜਦ ਘਰ ਜਾ ਕੇ ਉਹ ਚਿੱਠੀ ਪੜ੍ਹੀ ਤਾਂ ਉਸ ਵਿਚ ਉਸਦੀ ਕਾਵਿ ਪ੍ਰਤਿਭਾ ਦੀ ਰੱਜ ਕੇ ਪ੍ਰਸ਼ੰਸਾ ਲਿਖਣ ਉਪਰੰਤ ਲਿਖਿਆ ਸੀ,'ਤੁਸੀਂ ਅੱਜ ਮੰਚ ਉੱਤੇ ਆਪਣੇ ਜੇਤੂ ਭਾਸ਼ਣ ਦੌਰਾਨ ਇਕ ਵਾਕ ਜਿਸ ਵਿਲਾਇਤੀ ਭਾਸ਼ਾ ਦਾ ਬੋਲਿਆ ਸੀ, ਇਤਫਾਕਨ ਉਸੇ ਭਾਸ਼ਾ ਵਿਚ ਖ਼ਾਸ ਦਿਲਚਸਪੀ ਹੋਣ ਕਾਰਨ ਮੈਂ ਇਹ ਵਾਚ ਗਿਆ ਸਾਂ ਕਿ ਤੁਸੀਂ ਜਾਣੇ-ਅਣਜਾਣੇ ਉਸ ਵਿਚਲੇ ਦੋ ਸ਼ਬਦ ਗ਼ਲਤ ਬੋਲ ਗਏ ਸਨ, ਜੋ ਮੈਂ ਅਰਥਾਂ ਸਮੇਤ ਹੇਠ ਲਿਖ ਰਿਹਾ ਹਾਂ। ਚਾਹੁੰਦਾ ਤਾਂ ਤੁਹਾਨੂੰ ਉਦੋਂ ਹੀ ਟੋਕ ਦਿੰਦਾ, ਪਰ ਮੈਂ ਇਹ ਠੀਕ ਨਹੀਂ ਸਮਝਿਆ ਕਿਉਂਕਿ ਉਸ ਸਮੇਂ ਤੁਸੀਂ ਸਾਡੇ ਸਾਰੇ ਕਵੀਆਂ ਦੀ ਨੁਮਾਇੰਦਗੀ ਕਰ ਰਹੇ ਸੀ।' ਪੜ੍ਹ ਕੇ ਜੇਤੂ ਕਵੀ ਦੇ ਹੋਸ਼ ਉੱਡ ਗਏ। ਉਸਨੂੰ ਸਮਝ ਨਹੀਂ ਸੀ ਆ ਰਹੀ ਕਿ ਅੱਜ ਮੁਕਾਬਲੇ ਵਿਚ ਆਪਣੇ ਤੋਂ ਹਾਰੇ ਇਸ ਕਵੀ ਦੀ ਔਕਾਤ ਮਾਪਣ ਲਈ ਉਹ ਹੁਣ ਕਿਹੜੇ ਪੈਮਾਨੇ ਦੀ ਵਰਤੋਂ ਕਰੇ। ਕੀ ਔਕਾਤ ਕਿਆਸਣ ਲਈ ਵਿਵਹਾਰਿਕ ਪੱਖ ਕੋਈ ਵਿਕਲਪ ਨਹੀਂ ਹੋ ਸਕਦਾ?

ਦਰਅਸਲ, ਦੂਜਿਆਂ ਬਾਰੇ ਆਪਣੀ ਰਾਇ ਘੜ ਲੈਣ ਵਿਚ ਮਨੁੱਖ ਦਾ ਕੋਈ ਸਾਨੀ ਨਹੀਂ। ਆਪਣੀ ਵਸਾਤ ਭੁੱਲ ਕੇ ਕਿਸੇ ਦੀ ਔਕਾਤ ਚੇਤੇ ਕਰਨ ਲੱਗਿਆਂ ਉਹ ਰਤਾ ਦੇਰ ਨਹੀਂ ਲਾਉਂਦਾ। ਇਸ ਤੋਂ ਵੀ ਮੰਦਭਾਗਾ ਵਰਤਾਰਾ ਤਾਂ ਇਹ ਹੁੰਦਾ ਹੈ ਕਿ ਅਗਲੇ ਬਾਰੇ ਬਣੀ ਆਪਣੀ ਰਾਇ ਨੂੰ ਮੱਲੋ-ਜ਼ੋਰੀ ਉਸ 'ਤੇ ਥੋਪਣ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ। ਅਜਿਹੇ ਵਿਚ ਜੇ ਕੋਈ ਆਜ਼ਾਦ ਖਿਆਲ ਕਿਸੇ ਦੇ ਜ਼ਿਹਨ ਦਾ ਬੂਹਾ ਖੜਕਾ ਵੀ ਦੇਵੇ ਤਾਂ ਉਸ ਨੂੰ ਬੰਦ ਰੱਖਣ ਲਈ ਜਲਾਲਤ ਅਤੇ ਨਸੀਹਤ ਦਿਆਂ ਜਿੰਦਰਿਆਂ ਦਾ ਸਹਾਰਾ ਲਿਆ ਜਾਂਦਾ ਹੈ। ਉਸ ਵੱਲੋਂ ਆਪਣੀ ਔਕਾਤ ਭੁੱਲ ਜਾਣ ਦੀ ਦੁਹਾਈ ਦਿੱਤੀ ਜਾਂਦੀ ਹੈ। ਜ਼ਮੀਨ 'ਤੇ ਰਹਿੰਦਿਆਂ ਅਸਮਾਨ ਵਿਚ ਉੱਡਣ ਦੇ ਖ਼ੁਆਬ ਦੇਖਣਾ ਔਕਾਤ ਭੁੱਲਣਾ ਨਹੀਂ ਅਖਵਾਉਂਦਾ। ਖ਼ਾਸ ਕਰ ਜਦੋਂ ਹੁਨਰ ਦਿਆਂ ਖੰਭਾਂ ਨੂੰ ਸ਼ਿੱਦਤ ਨਾਲ ਖੋਲ੍ਹਣ ਦੀਆਂ ਕੋਸ਼ਿਸ਼ਾਂ ਜਾਰੀ ਹੋਣ। ਜਹਾਜ਼ ਦੀ ਕਾਢ ਇਸੇ ਤਰ੍ਹਾਂ ਦੀ ਸ਼ਿੱਦਤ ਦੀ ਮਿਸਾਲ ਹੈ। ਪਰ ਬਿਨਾਂ ਖੰਭ ਖੋਲ੍ਹਿਆਂ ਉੱਡਣ ਦਾ ਯਤਨ ਔਕਾਤ ਭੁੱਲਣ ਦੀ ਨਿਸ਼ਾਨੀ ਹੁੰਦਾ ਹੈ।

ਹੱਦਬੰਦੀ ਦਾ ਵੀ ਆਪਣਾ ਮਹੱਤਵ ਹੁੰਦਾ ਹੈ। ਪਾਣੀ ਨੂੰ ਸਮੁੰਦਰ ਕਿਨਾਰੇ ਬਣਾਕੇ ਰੱਖਦੇ ਹਨ, ਨਹੀਂ ਉਹ ਖ਼ੁਦ ਨੂੰ ਹੜ੍ਹ ਸਾਬਤ ਕਰ ਦਿੰਦਾ ਹੈ। ਇਕ ਹੱਦ ਤੋਂ ਵੱਧ ਕੇ ਸਵੈ-ਵਿਸ਼ਵਾਸ ਵੀ ਹੰਕਾਰ ਬਣ ਜਾਂਦਾ ਹੈ। ਜੋ ਆਪਾਂ ਇਕੱਲਿਆਂ ਬੈਠ ਕੇ ਆਪਣੇ ਆਪ ਨੂੰ ਦੱਸਦੇ ਹਾਂ ਉਹ ਆਪਣੀ ਸਹੀ ਔਕਾਤ ਹੁੰਦੀ ਹੈ। ਇਹ ਖ਼ੁਦ ਨੂੰ ਦੱਸਣੀ ਬਹੁਤ ਜ਼ਰੂਰੀ ਹੁੰਦੀ ਹੈ। ਕਿਉਂਕਿ ਬਿਹਤਰੀਨ ਨੂੰ ਹੋਰ ਬਿਹਤਰ ਨਹੀਂ ਬਣਾਇਆ ਜਾ ਸਕਦਾ, ਸਿਰਫ਼ ਬਿਹਤਰ ਤੋਂ ਬਿਹਤਰੀਨਤਾ ਵੱਲ ਵਧਿਆ ਜਾ ਸਕਦਾ ਹੈ।

ਜ਼ਿੰਦਗੀ ਇਕ ਬਹੁਰੰਗੀ ਸ਼ੈਅ ਹੈ, ਜਿਸ ਵਿਚਲੇ ਹਰੇਕ ਹਾਲਾਤ ਦਾ ਆਪਣਾ ਰੰਗ ਹੁੰਦਾ ਹੈ। ਸਾਡੇ ਅਜੋਕੇ ਫ਼ੈਸਲੇ ਹੀ ਸਾਡੇ ਅਗੇਤੇ ਹਾਲਾਤ ਸਿਰਜਦੇ ਹਨ। ਹੋਣੀ ਨੂੰ ਕਿਸਮਤ ਉਦੋਂ ਤਕ ਲਿਖਦੀ ਹੈ ਜਦੋਂ ਤਕ ਉਸ ਨੂੰ ਲਿਖਣ ਦਿੱਤਾ ਜਾਂਦਾ ਹੈ। ਕਾਮਯਾਬੀ ਦੀ ਕਹਾਣੀ ਲਿਖਣ ਲਈ ਮਿਹਨਤ ਦੀ ਕਲਮ ਚੁੱਕਣੀ ਹੀ ਪੈਂਦੀ ਹੈ। ਤਰਾਸ਼ਿਆ ਹੋਇਆ ਹੋਣ ਕਰਕੇ ਹੀ ਹੀਰਾ ਕੀਮਤੀ ਹੁੰਦਾ ਹੈ। ਜ਼ਿੰਦਗੀ ਦੇ ਥੋੜ੍ਹੇ ਰੰਗ ਦੇਖਣ ਵਾਲੇ ਵਿਅਕਤੀ ਕਮਜ਼ੋਰ ਅਤੇ ਊਣੇ ਹੁੰਦੇ ਹਨ। ਸ਼ਖ਼ਸੀਅਤਾਂ ਸਦਾ ਜ਼ਿੰਦਗੀ ਦਿਆਂ ਤਜਰਬਿਆਂ ਤੋਂ ਉੱਭਰਦੀਆਂ ਹਨ। ਅਜਿਹੀਆਂ ਸ਼ਖ਼ਸੀਅਤਾਂ ਲਈ ਔਕਾਤ ਦੇ ਮਾਅਨੇ ਅਤੇ ਪੈਮਾਨੇ ਵੱਖਰੇ ਹੀ ਹੁੰਦੇ ਹਨ। •

---

## ਪੁਸਤਕ ਚਰਚਾ

ਸ਼ਾਇਰਾ ਦੀ ਇਸ ਪੁਸਤਕ ਵਿਚ ਛੋਟੀਆਂ ਵੱਡੀਆਂ 101 ਕਾਵਿ ਰਚਨਾਵਾਂ ਹਨ। ਕਵਿਤਾਵਾਂ ਦੇ ਵੰਨ ਸੁਵੰਨੇ ਵਿਸ਼ੇ ਜ਼ਿੰਦਗੀ ਦੇ ਯਥਾਰਥ ਨਾਲ ਜੁੜੇ ਹੋਏ ਹਨ। ਬਘੇਲ ਸਿੰਘ ਧਾਲੀਵਾਲ (ਝਲੂਰ) ਬਰਨਾਲਾ ਨੇ ਸ਼ਾਇਰਾ ਨੂੰ ਘਟ ਬੋਲਣ ਤੇ ਵੱਧ ਲਿਖਣ ਵਾਲੀ ਮੰਨਿਆ ਹੈ। ਇਹ ਕਵਿਤਾਵਾਂ ਰੂਹ ਦੇ ਤਰਾਨੇ ਛੇੜਦੀਆਂ ਹਨ। ਕਵਿਤਾ 'ਚੰਨ ਮਾਤਾ ਗੁਜਰੀ ਦਾ' ਵਿਚ ਦਸਵੇਂ ਗੁਰੂ ਜੀ ਦੇ ਮਹਾਨ ਕੌਤਕ ਖ਼ਾਲਸੇ ਦੀ ਸਿਰਜਣਾ ਦਾ ਇਤਿਹਾਸ ਹੈ। ਸ਼ਾਨ ਖ਼ਾਲਸੇ ਦੀ ਕਵਿਤਾ ਦੇ ਬੋਲ ਹਨ---

ਪਿਆ ਕੇ ਅੰਮ੍ਰਿਤ ਖੰਡੇ ਦਾ
ਗੁਰ ਨੇ ਸਾਜੀ ਕੌਮ ਨਿਰਾਲੀ

'ਬਾਬਾ ਨਾਨਕ' ਵਿਚ ਸੱਜਣ ਠਗ ਤੇ ਭਾਈ ਲਾਲੋ ਦਾ ਜ਼ਿਕਰ ਹੈ । 'ਮਾਂ ਬੋਲੀ' ਕਵਿਤਾ ਵਿਚ ਪਰਦੇਸੀਂ ਜਾਣ ਵਾਲਿਆਂ ਨੂੰ ਉਲਾਂਭਾ ਹੈ ਕਿ ਉਹ ਮਾਂ ਬੋਲੀ ਭੁੱਲ ਗਏ ਹਨ। -ਮਾਂ ਬੋਲੀ ਦਾ ਮਜ਼ਾਕ ਉਡਾਉਂਦੇ/ ਆਪਣੀ ਮਾਂ ਨੂੰ ਦਾਅ 'ਤੇ ਲਾ ਕੇ। ਮਾਂ ਬੋਲੀ ਦੀ ਚਿੰਤਾ ਵੇਖੋ -ਮਾਂ ਬੋਲੀ ਜੇ ਭੁੱਲ ਜਾਉਗੇ / ਮਿੱਟੀ ਦੇ ਵਿਚ ਰੁਲ ਜਾਉਗੇ । ਨਾਲ ਹੀ ਸ਼ਾਇਰਾ ਨੇ ਬਾਬਾ ਨਾਨਕ ਦੀ ਬਾਣੀ ਤੇ ਸੂਫੀ ਸ਼ਇਰਾਂ ਨਾਲ ਜੁੜਨ ਦੀ ਤਾਗੀਦ ਕੀਤੀ ਹੈ । ਕਵਿਤਾਵਾਂ ਚੌਗਿਰਦਾ, ਰੁੱਤ ਬਸੰਤੀ, ਸਾਉਣ ਮਹੀਨਾ, ਬੋਹੜ, ਸਾਉਣ, ਨਿਰੋਲ ਕੁਦਰਤ ਨਾਲ ਜੁੜੀਆਂ ਰਚਨਾਵਾਂ ਹਨ। ਔਰਤ ਦੀ ਜ਼ਿੰਦਗੀ ਦੇ ਕੁਝ ਪੱਖ ਕਵਿਤਾਵਾਂ-ਕਠਪੁਤਲੀ, ਜੱਗ ਜਨਣੀ, ਮਾਂ, ਧੀ ਦੀ ਪੁਕਾਰ, ਅਬਲਾ ਨਾਰੀ, ਮਾਂ ਸ਼ਬਦ, ਬੇਗਾਨੀ ਜਾਈ ਵਿਚ ਪੇਸ਼ ਕੀਤੇ ਹਨ। ਮਾਂ ਧੀ ਦੇ ਰਿਸ਼ਤੇ ਦੀ ਪਾਕੀਜ਼ਗੀ ਦੀ ਗੱਲ ਹੈ। ਕਵਿਤਾ ਸ਼ਿਵ 'ਚ ਕਵਿਤਰੀ ਨੇ ਬਿਰਹਾ ਦੇ ਸੁਲਤਾਨ ਕਵੀ ਸ਼ਿਵ ਕੁਮਾਰ ਬਟਾਲਵੀ ਨੂੰ ਸ਼ਿੱਦਤ ਨਾਲ ਯਾਦ ਕੀਤਾ ਹੈ । ਪੁਸਤਕ ਵਿਚ 75-101 ਤਕ ਦੀਆਂ ਕਵਿਤਾਵਾਂ ਲਘੂ ਰਚਨਾਵਾਂ ਹਨ। ਪਰ ਇਨ੍ਹਾਂ ਵਿਚ ਖਿਆਲਾਂ ਦੀ ਸੁਰ ਉੱਚੀ ਹੈ। ਮਨੁੱਖੀ ਮਾਨਸਿਕਤਾ ਦੀ ਤਰਜਮਾਨੀ ਕਰਦੀਆਂ ਹਨ । ਹਿਜਰ ਦੇ ਮਾਰੇ ਲੋਕਾਂ ਨਾਲ ਸ਼ਾਇਰਾ ਦੀ ਮੁਹੱਬਤ ਹੈ। ਘੁੰਗਰੂ ਵਿਚ ਹੀਰ ਰਾਂਝੇ ਦੇ ਪ੍ਰਸੰਗ ਵਿਚ ਇਸ਼ਕ ਹਕੀਕੀ ਦਾ ਖਿਆਲ ਹੈ। ਲਘੂ ਕਵਿਤਾਵਾਂ ਦੇ ਵਿਸ਼ੇ ਰਹੱਸਵਾਦੀ ਤੇ ਗਹਿਰਾਈ ਵਾਲੇ ਹਨ। ਲਘੂ ਕਵਿਤਾਵਾਂ ਸ਼ਾਇਰਾ ਦੀ ਕਾਵਿਕ ਅਮੀਰੀ ਦਾ ਪ੍ਰਮਾਣ ਹਨ। ਟਾਈਟਲ ਪੰਨੇ ਤੇ ਨਿਰਮਲ ਕੌਰ ਕੋਟਲਾ ਦੇ ਭਾਵਪੂਰਤ ਸ਼ਬਦ ਹਨ ।




ਕਹਾਣੀਕਾਰਾ ਪ੍ਰੀਤਮਾ ਦੋਮੇਲ ਦੀ ਇਸ ਪੁਸਤਕ 'ਚ ਇਕ ਦਰਜਨ ਕਹਾਣੀਆਂ ਹਨ। ਕਹਾਣੀਆਂ ਦੇ ਵਿਸ਼ੇ ਸਮਾਜਿਕ ਹਨ। ਇਨ੍ਹਾਂ ਵਿਚ ਔਰਤ ਦੇ ਵੱਖ-ਵੱਖ ਚਿੱਤਰ ਹਨ। 'ਰੂਹ ਦੀ ਮੁਸਕਾਨ' ਦੀ ਔਰਤ ਪ੍ਰਾਈਵੇਟ ਸਕੂਲ ਮੁਖੀ ਹੈ। ਉਸ ਦੀ ਥਾਂ ਮੈਨੇਜਮੈਂਟ ਕਮੇਟੀ ਕਿਸੇ ਹੋਰ ਨੂੰ ਰੱਖਣ ਲਈ ਮੁੱਖ ਅਧਿਆਪਕਾ 'ਤੇ ਗ਼ਲਤ ਕਿਸਮ ਦੇ ਦੋਸ਼ ਲਾਉਂਦੀ ਹੈ। ਉਹ ਉਦਾਸ ਹੈ। 'ਮੈਂ' ਪਾਤਰ ਵੀ ਉਸੇ ਸਕੂਲ ਵਿਚ ਹੈ। ਉਹ ਉਸ ਨੂੰ ਹੌਸਲਾ ਦਿੰਦੀ ਹੈ ਤੇ ਮੈਨੇਜਮੈਂਟ ਨਾਲ ਲੜਨ ਲਈ ਤਿਆਰ ਕਰਦੀ ਹੈ। ਪ੍ਰੈਸ ਵਿਚ ਆਪਣੀ ਆਵਾਜ਼ ਉਠਾਉਂਦੀ ਹੈ। ਇਸ ਕਦਮ ਨਾਲ ਸਸਪੈਂਡ ਹੋਈ ਔਰਤ ਨੂੰ ਮਾਨਸਿਕ ਤਸੱਲੀ ਮਿਲਦੀ ਹੈ ਤੇ ਉਸ ਦੇ ਚਿਹਰੇ 'ਤੇ ਮੁਸਕਾਨ ਆ ਜਾਂਦੀ ਹੈ।

ਕਹਾਣੀ 'ਅੱਧੋ ਅੱਧ' ਦੀ ਗ਼ਰੀਬ ਔਰਤ ਲੋਕਾਂ ਦੇ ਘਰਾਂ ਵਿਚ ਕੰਮ ਕਰਕੇ ਪੈਸੇ ਕਮਾਉਂਦੀ ਹੈ। ਉਸ ਦਾ ਪਤੀ ਕਿਸੇ ਹੋਰ ਔਰਤ ਨਾਲ ਨਜਾਇਜ਼ ਸਬੰਧ ਬਣਾਉਂਦਾ ਹੈ। ਜਿਸ ਦਾ ਪਤਾ ਫਿਲਮੀ ਅੰਦਾਜ਼ ਵਿਚ ਪਤਨੀ ਨੂੰ ਲਗ ਜਾਂਦਾ ਹੈ। ਪਤੀ ਦੀ ਨਜ਼ਰ ਖ਼ਰਾਬ ਹੋ ਜਾਂਦੀ ਹੈ। ਜਿਸ ਔਰਤ ਨਾਲ ਪਤੀ ਦੇ ਸਬੰਧ ਹਨ । ਉਸ ਨੂੰ ਆਪਣੀ ਅੱਧੀ ਕਮਾਈ (30 ਰੁਪਏ) ਇਹ ਕਹਿ ਕੇ ਦਿੰਦੀ ਹੈ ਕਿ ਇਹ ਰੁਪਏ ਉਸ ਦੇ ਪਤੀ ਨੇ ਭੇਜੇ ਹਨ। ਬਿਲਕੁਲ ਨਾਨਕ ਸਿੰਘ ਦੇ ਨਾਵਲ ਪਵਿੱਤਰ ਪਾਪੀ ਵਾਲਾ ਦ੍ਰਿਸ਼ ਹੈ। ਕਹਾਣੀ 'ਹੈਡਮਿਸਟਰੈਸ' ਵਿਚ ਸਾਰੀ ਸਥਿਤੀ ਹਾਸ ਰਸ ਵਾਲੀ ਹੈ। ਇਸ ਵਿਚ ਔਰਤ ਪਾਤਰ ਸਕੂਲ ਦੀ ਕੁਰਸੀ ਲੈਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਦੀ ਹੈ। ਸਿਰਲੇਖ ਵਾਲੀ ਕਹਾਣੀ ਵਿਚ ਮਰਦ ਆਪਣੀ ਪਤਨੀ 'ਤੇ ਸ਼ੱਕ ਕਰਦਾ ਹੈ। ਨੌਬਤ ਕਤਲ ਕਰਾਉਣ ਤਕ ਆ ਜਾਂਦੀ ਹੈ। ਪਰ ਉਸ ਦਾ ਕਤਲ ਹੁੰਦਾ ਨਹੀਂ। 'ਦੁਬਿਧਾ' ਕਹਾਣੀ ਵੀ ਦੋ ਭੈਣਾਂ ਦੀ ਹੈ। ਇਕ ਸ਼ਾਦੀ ਸ਼ੁਦਾ ਤੇ ਦੂਸਰੀ ਕੁਆਰੀ ਹੈ। ਭੈਣਾਂ ਵਿਚ ਪਰਿਵਾਰਕ ਸੰਕਟ ਹੈ। 'ਭੁਲੇਖਾ' ਵਿਚ ਮਤਰੇਈ ਮਾਂ ਦਾ ਗ਼ਲਤ ਵਤੀਰਾ ਹੈ। 'ਹੁਣ ਵੀ' ਫਿਲਮੀ ਤਰਜ਼ ਦੀ ਵਧੀਆ ਕਹਾਣੀ ਹੈ। ਸੰਗ੍ਰਹਿ ਦੀਆਂ ਕਥਾ ਰਸ ਭਰਪੂਰ ਕਹਾਣੀਆਂ ਵਿਚ ਰੋਚਿਕਤਾ ਹੈ।




• ਪ੍ਰਿੰ. ਗੁਰਮੀਤ ਸਿੰਘ ਫ਼ਾਜ਼ਿਲਕਾ

ਦੇਵਿੰਦਰ ਦੀਦਾਰ ਕਹਾਣੀਆਂ ਅਤੇ ਨਿਬੰਧ ਲਿਖਣ ਵਿਚ ਰੁਚਿਤ ਹੈ। ਆਪਣੀਆਂ ਪਹਿਲੀਆਂ ਚਾਰ ਨਿਬੰਧ ਪੁਸਤਕਾਂ ਰਾਹੀ ਉਸ ਨੇ ਆਪਣੇ ਆਲੋਚਕਾਂ ਅਤੇ ਪਾਠਕਾਂ ਵਿਚ ਚੰਗੀ ਭੱਲ ਬਣਾ ਲਈ ਹੈ। ਲੇਖਕ ਨੇ ਨਿਬੰਧਾਂ ਦੀ ਨਵੀਂ ਪੁਸਤਕ 'ਪੋਹ ਦੀ ਚਾਨਣੀ' ਹੁਣੇ ਹੁਣੇ ਛਪ ਕੇ ਆਈ ਹੈ। ਉਸ ਨੇ ਇਸ ਨੂੰ ਇਕ ਪ੍ਰਤੀਕ ਵਜੋਂ ਵਰਤਿਆ ਹੈ। 'ਪੋਹ ਦੀ ਚਾਨਣੀ' ਭਾਵੇਂ ਆਪਣੇ ਪੂਰੇ ਜਲੌਅ ਵਿਚ ਚਮਕ ਰਹੀ ਹੋਵੇ ਪਰ ਪੋਹ ਦੀ ਠੰਢ, ਧੁੰਦ ਅਤੇ ਕੋਹਰੇ ਕਾਰਨ ਉਸ ਦਾ ਆਨੰਦ ਨਹੀ ਮਾਣਿਆ ਜਾ ਸਕਦਾ। ਇਸ ਤਰ੍ਹਾਂ ਹੁਣ ਦਾ ਜ਼ਮਾਨਾ ਵਿਕਾਸ ਦਾ ਜ਼ਮਾਨਾ ਹੈ।

ਮਨੁੱਖ ਨੇ ਵਿਗਿਆਨ ਅਤੇ ਤਕਨਾਲੋਜੀ ਰਾਹੀ ਅਨੇਕਾਂ ਵਸਤੂਆਂ ਅਤੇ ਸੁੱਖ ਸਮ੍ਰਿੱਧੀ ਦਾ ਪਸਾਰਾ ਤਾਂ ਭਾਵੇਂ ਕਰ ਲਿਆ ਹੈ ਪਰ ਕੀ ਅੱਜ ਦਾ ਮਨੁੱਖ ਸੌਖਾ ਹੋ ਰਿਹਾ ਹੈ? ਅੱਜ ਦੇ ਮਨੁੱਖ ਕੋਲ ਨਾ ਆਚਰਣ ਰਿਹਾ ਹੈ, ਨਾ ਚਰਿੱਤਰ ਤੇ ਨਾ ਹੀ ਮਨ ਦੀ ਸ਼ਾਂਤੀ। ਬੇਰੁਜ਼ਗਾਰੀ, ਭ੍ਰਿਸਟਾਚਾਰ, ਬੇਈਮਾਨੀ ਤੇ ਪੈਸੇ ਦੀ ਅੰਨ੍ਹੀ ਦੌੜ ਉਸ ਦੀ ਹੋਣੀ ਬਣਦੀ ਜਾ ਰਹੀ ਹੈ। ਕਦੀ ਸੋਨੇ ਦੀ ਚਿੜੀ ਕਹਾਉਣ ਵਾਲਾ ਇਹ ਦੇਸ਼ ਵਿਹਲੜਾਂ, ਨਸ਼ਈਆਂ ਤੇ ਮਤਲਬੀ ਲੋਕਾਂ ਦਾ ਦੇਸ਼ ਬਣਦਾ ਜਾ ਰਿਹਾ ਹੈ। ਅਸੀਂ ਆਪਣਾ ਕਿਰਦਾਰ ਭੁੱਲਦੇ ਜਾ ਰਹੇ ਹਾਂ। ਭੀੜ 'ਚ ਰਹਿ ਕੇ ਵੀ ਇਕੱਲੇ ਹੁੰਦੇ ਜਾ ਰਹੇ ਹਾਂ। ਲੇਖਕ ਦੀਆਂ ਇਹ ਲਿਖਤਾਂ ਫ਼ਿਕਰਮੰਦੀ ਵਾਲੀਆਂ ਹਨ। ਉਹ ਆਪਣੇ ਇਨ੍ਹਾਂ ਨਿਬੰਧਾਂ ਵਿਚ ਮਨੁੱਖ ਦੀਆਂ ਅਸਤ ਹੋ ਰਹੀਆਂ ਸ਼ਕਤੀਆਂ ਵੱਲ ਸੰਕੇਤ ਕਰਦਾ ਹੋਇਆ, ਸਿਹਤਮੰਦ ਤੇ ਤਾਕਤਵਰ ਕਦਰਾਂ ਕੀਮਤਾਂ ਵਾਲੇ ਸਮਾਜ ਅਤੇ ਮਨੁੱਖ ਦੀ ਸਿਰਜਣਾ ਵੱਲ ਰੁਚਿਤ ਹੈ। ਉਹ ਸਮਾਜ ਵਿਚ ਪਨਪ ਰਹੀਆਂ ਵਿਸੰਗਤੀਆਂ ਨੂੰ ਰੇਖਾਂਕਤ ਕਰ ਕੇ ਉਨ੍ਹਾਂ 'ਤੇ ਵਿਅੰਗਮਈ ਵਾਰ ਕਰਦਾ ਹੈ। ਜੇ ਮਨੁੱਖ ਮਨੁੱਖ ਨਾ ਰਹਿ ਕੇ ਪਸ਼ੂ ਜਾਂ ਜਾਨਵਰ ਬਣਦਾ ਜਾ ਰਿਹਾ ਹੋਵੇ ਤਾਂ ਸੁਹਿਰਦ ਲੇਖਕ ਦੀ ਚਿੰਤਾ ਵਾਜਬ ਭਾਸਦੀ ਹੈ। ਆਪਣੀ ਸਰਲ ਤੇ ਸੌਖੀ ਭਾਸ਼ਾ ਰਾਹੀ ਉਹ ਨਿਬੰਧਾਂ ਦੀ ਅਜਿਹੀ ਤਾਸੀਰ ਸਿਰਜਦਾ ਹੈ ਜੋ ਮਨੁੱਖ ਦੀ ਬਿਹਤਰੀ ਅਤੇ ਭਲਾਈ ਲਈ ਰਾਮ ਬਾਣ ਸਿੱਧ ਹੋ ਸਕਦੀ ਹੈ।




'ਪਿਟੀ ਵੈਜਨ' ਡਾ. ਹਰਪ੍ਰੀਤ ਸਿੰਘ ਉਰਫ਼ ਫ਼ਰੀਦ ਅਟਵਾਲ ਦੁਆਰਾ ਰਚਿਤ ਉਸ ਦੀ ਪਲੇਠੀ ਰਚਨਾ ਹੈ। ਇਹ ਨਾਵਲ ਯਥਾਰਥ ਅਤੇ ਕਲਪਨਾ ਦਾ ਸੁਮੇਲ ਹੈ। ਅੱਜ ਦੇ ਨੈੱਟ ਅਤੇ ਗੂਗਲ ਦੀ ਸੂਚਨਾ ਤਰਤੀਬ ਰਾਹੀ ਕੋਈ ਸਾਹਿਤਕ ਸਿਰਜਣਾ ਕਿਵੇਂ ਕੀਤੀ ਜਾ ਸਕਦੀ ਹੈ, ਉਹ ਇਸ ਨਾਵਲ ਦੀ ਬਣਤਰ ਤੋਂ ਭਲੀ ਭਾਂਤ ਸਮਝਿਆ ਜਾ ਸਕਦਾ ਹੈ। ਲੇਖਕ ਨੇ ਨੈੱਟ ਅਤੇ ਗੂਗਲ ਤੋਂ ਚੀਨ ਦੇ ਯੂਲਿਨ ਖੇਤਰ ਦੀਆਂ ਨੈਨਕਿਊ ਅਤੇ ਡੌਂਕਾਊ ਕੁੱਤਾ ਮਾਰਕੀਟਾਂ ਬਾਰੇ ਪੜ੍ਹਿਆ, ਗੂਗਲ ਤੋਂ ਹੀ ਉਸ ਬਾਰੇ ਭਰਪੂਰ ਜਾਣਕਾਰੀ ਹਾਸਿਲ ਕੀਤੀ ਤੇ ਉਸ ਯਥਾਰਥ ਨੂੰ ਆਪਣੀ ਚਮਤਕਾਰੀ ਕਲਪਨਾ ਵਿਚ ਢਾਲ ਕੇ ਨਾਵਲ 'ਪਿਟੀ ਵੈਜਨ' ਦੀ ਉਸਾਰੀ ਕਰ ਲਈ।

ਕੁੱਤਿਆਂ ਨੂੰ ਜਿਨ੍ਹਾਂ ਦੀ ਗਿਣਤੀ ਦਸ ਤੋਂ ਪੰਦਰਾਂ ਹਜ਼ਾਰ ਤੀਕ ਹੁੰਦੀ ਹੈ, ਬਹੁਤ ਨਿਰਦਈ ਢੰਗ ਨਾਲ ਜਿਬ੍ਹਾ ਕਰ ਕੇ, ਉਨ੍ਹਾਂ ਦੇ ਮਾਸ ਦੀ ਵਿਕਰੀ ਕੀਤੀ ਜਾਂਦੀ ਹੈ। ਕਈ ਕੁੱਤਾ-ਪ੍ਰੇਮੀ ਸੰਗਠਨ ਇਸ ਦਾ ਵਿਰੋਧ ਕਰਦੇ ਹਨ। ਪੁਲਿਸ ਵਿੰਗੇ ਟੇਢੇ ਢੰਗ ਨਾਲ ਕਸਾਈਆਂ ਦੀ ਸਹਾਇਤਾ ਕਰਦੀ ਹੈ। ਨਿਊਜ਼ ਚੈਨਲਾਂ ਦੇ ਪੱਤਰਕਾਰ ਇਸ ਸੰਘਰਸ਼ ਬਾਰੇ ਸੂਚਨਾ ਇਕੱਠੀ ਕਰ ਕੇ ਦੁਨੀਆ ਦੀ ਸੰਚਾਰ ਸੰਸਥਾ ਤੀਕ ਪਹੁੰਚਾਉਂਦੇ ਹਨ। ਇਸੇ ਸੰਘਰਸ਼ ਨੂੰ ਗਲਪੀ ਰੂਪ ਪ੍ਰਦਾਨ ਕਰਨ ਲਈ ਲੇਖਕ ਕੁਝ ਪਾਤਰਾਂ ਦੀ ਘਾੜਤ ਘੜਦਾ ਹੈ ਤੇ ਕਸਾਈਆਂ ਅਤੇ ਕੁੱਤਾ ਪ੍ਰੇਮੀਆਂ ਦੇ ਆਖਰੀ ਸੰਘਰਸ਼ ਨੂੰ ਕਹਾਣੀ ਵਿਚ ਢਾਲਦਾ ਹੈ। ਕਹਾਣੀ 'ਲੀਚੀ ਅਤੇ ਡਾਗ ਮੀਟ ਫੈਸਟੀਵਲ' ਦੁਆਲੇ ਘੁੰਮਦੀ ਹੈ।

ਛੋਟੀ ਉਮਰ ਦੀ ਕੁੜੀ ਪਿਟੀ ਵੈਜਨ ਇਸ ਨਾਵਲ ਦੀ ਨਾਇਕਾ ਹੈ ਜੋ ਕੁੱਤਿਆਂ ਨੂੰ ਮਾਰ ਕੇ ਵੇਚਣ ਵਾਲਿਆਂ ਦਾ ਵਿਰੋਧ ਕਰਦੀ ਹੈ ਤੇ ਇਸੇ ਲੜਾਈ ਵਿਚ ਮੌਤ ਦੇ ਮੂੰਹ ਜਾ ਪੈਂਦੀ ਹੈ। ਲੇਖਕ ਮਿ. ਜਿਆਨ, ਡਾਕਟਰ ਲੈਂਗ, ਮਿਲਵੇਈ, ਜੀ ਰਊ, ਮਿ, ਪਾਲਮਰ, ਸੀਟੋ, ਮਿਸ ਐਡਲੀ, ਮਿਸ ਯੈਂਸ ਜਿਹੇ ਪਾਤਰਾਂ ਦੀ ਕਲਪਨਾ ਕਰਦਾ ਹੈ ਜੋ ਨਾਵਲ ਦੀ ਕਥਾ ਨੂੰ ਗਤੀ ਦਿੰਦੇ ਹਨ। ਭਾਵੇਂ ਕੁੱਤਾ ਪ੍ਰੇਮੀ ਦੇ ਪਿਟੀ ਵੈਜਨ ਦਾ ਅੰਦੋਲਨ ਸਫ਼ਲ ਨਹੀ ਹੋਇਆ ਪਰ ਉਨ੍ਹਾਂ ਵੱਲੋਂ ਵਿੱਢਿਆ ਸੰਘਰਸ਼ ਜਾਰੀ ਰਹਿੰਦਾ ਹੈ ਤੇ ਮਨੁੱਖਤਾ ਤੇ ਹਮਦਰਦੀ ਦੀ ਜਿੱਤ ਦੀ ਆਸ ਵੀ ਬੱਝਦੀ ਹੈ।




• ਕੇ. ਐੱਲ. ਗਰਗ

## ਫਲਿੱਪਕਾਰਟ ਨੇ ਭਾਰਤ ਵਿੱਚ ਡਿਜੀਟਲ ਅਰਥਵਿਵਸਥਾ ਦੇ ਵਿਜ਼ਨ ਨੂੰ ਗਤੀ ਦੇਣ ਲਈ ਲਾਂਚ ਕੀਤਾ ਆਪਣਾ ਯੂਪੀਆਈ ਹੈਂਡਲ

ਅੰਮ੍ਰਿਤਸਰ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਭਾਰਤ ਦੇ ਘਰੇਲੂ ਈ-ਕਾਮਰਸ ਮਾਰਕਿਟਪਲੇਸ ਫਲਿੱਪਕਾਰਟ ਨੇ ਆਪਣਾ ਯੂਪੀਆਈ ਹੈਂਡਲ ਲਾਂਚ ਕਰਨ ਦਾ ਐਲਾਨ ਕੀਤਾ ਹੈ। ਇਸ ਨਾਲ ਫਲਿੱਪਕਾਰਟ ਦੇ 50 ਕਰੋੜ ਤੋਂ ਵੱਧ ਖਪਤਕਾਰਾਂ ਦੇ ਨਾਲ-ਨਾਲ ਹੋਰ ਨਵੇਂ ਉਪਭੋਗਤਾਵਾਂ ਨੂੰ ਵੀ ਡਿਜੀਟਲ ਭੁਗਤਾਨ ਦੀ ਸਹੂਲਤ ਮਿਲੇਗੀ। ਗਾਹਕਾਂ ਦੇ ਅਨੁਭਵ ਨੂੰ ਖਾਸ ਬਣਾਉਣ ਲਈ ਯੂਪੀਆਈ ਲਾਂਚ ਕਰਨ ਤੋਂ ਬਾਅਦ, ਸੁਪਰਕੌਇਨਜ਼, ਕੈਸ਼ਬੈਕ, ਮਾਈਲਸਟੋਨ ਬੈਨੀਫਿਟਸ ਅਤੇ ਬ੍ਰਾਂਡ ਵਾਊਚਰ ਵਰਗੇ ਲਾਇਲਟੀ ਫ਼ੀਚਰ ਵੀ ਪੇਸ਼ ਕੀਤੇ ਜਾਣਗੇ। ਇੰਡੀਆ ਦਾ ਮੋਸਟ ਰਿਵਾਰਡਿੰਗ ਯੂਪੀਆਈ ਦੀ ਟੈਗਲਾਈਨ ਦੇ ਨਾਲ, ਇਹ ਨਵੀਨਤਾਕਾਰੀ ਅਤੇ ਸੁਰੱਖਿਅਤ ਹੱਲ ਪੂਰੇ ਭਾਰਤ ਦੇ ਉਪਭੋਗਤਾਵਾਂ ਦੇ ਭੁਗਤਾਨ ਅਨੁਭਵ ਨੂੰ ਬਿਹਤਰ ਬਣਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ।ਐਕਸਿਸ ਬੈਂਕ ਦੁਆਰਾ ਸਮਰਥਿਤ ਫਲਿੱਪਕਾਰਟ ਯੂਪੀਆਈ ਸ਼ੁਰੂ ਵਿੱਚ ਐਂਡਰਾਇਡ ਉਪਭੋਗਤਾਵਾਂ ਲਈ ਉਪਲਬਧ ਹੋਵੇਗਾ। ਉਪਭੋਗਤਾ @fkaxis ਹੈਂਡਲ ਦੇ ਨਾਲ ਆਪਣਾ ਯੂਪੀਆਈ ਰਜਿਸਟਰ ਕਰ ਸਕਣਗੇ। ਇਸਦੀ ਮਦਦ ਨਾਲ ਫਲਿੱਪਕਾਰਟ ਐਪ ਦੀ ਵਰਤੋਂ ਕਰਦੇ ਹੋਏ ਫੰਡ ਟ੍ਰਾਂਸਫਰ ਕਰਨਾ ਅਤੇ ਚੈੱਕਆਉਟ ਭੁਗਤਾਨ ਕਰਨਾ ਸੰਭਵ ਹੋਵੇਗਾ। ਯੂਪੀਆਈ ਅੱਜ ਦੇ ਯੁੱਗ ਵਿੱਚ ਭੁਗਤਾਨ ਲਈ ਪ੍ਰਾਇਮਰੀ ਵਿਕਲਪ ਬਣ ਕੇ ਉਭਰ ਰਿਹਾ ਹੈ। ਅਜਿਹੇ ਵਿੱਚ ਫਲਿੱਪਕਾਰਟ ਯੂਪੀਆਈ ਦੇ ਲਾਂਚ ਨਾਲ ਲੋਕਾਂ ਨੂੰ ਸਹੂਲਤ ਮਿਲੇਗੀ ਅਤੇ ਉਹ ਜ਼ੀਰੋ-ਕਾਸਟ ਸਲਿਊਸ਼ਨ ਦਾ ਲਾਭ ਲੈ ਸਕਣਗੇ। ਇਹ ਭੁਗਤਾਨ ਦੇ ਸਰਲ ਵਿਕਲਪਾਂ ਤੱਕ ਪਹੁੰਚ ਵਧੇਗੀ। ਫਲਿੱਪਕਾਰਟ ਦੇ ਫਿਨਟੈਕ ਅਤੇ ਪੇਮੈਂਟ ਗਰੁੱਪ ਦੇ ਸੀਨੀਅਰ ਵਾਈਸ ਪ੍ਰੈਜ਼ੀਡੈਂਟ ਧੀਰਜ ਅਨੇਜਾ ਨੇ ਕਿਹਾ ਕਿ ਡਾਇਨਾਮਿਕ ਡਿਜੀਟਲ ਲੈਂਡਸਕੇਪ ਨੂੰ ਦੇਖਦੇ ਹੋਏ ਯੂਪੀਆਈ ਦੀ ਲਾਂਚਿੰਗ ਇੱਕ ਮਹੱਤਵਪੂਰਨ ਕਦਮ ਹੈ। ਇਹ ਯੂਪੀਆਈ ਦੀ ਸੁਵਿਧਾ ਅਤੇ ਕਿਫ਼ਾਇਤੀ ਵਿਸ਼ਵਾਸ ਨੂੰ ਫਲਿੱਪਕਾਰਟ ਦੀ ਭਰੋਸੇਯੋਗਤਾ ਦੇ ਨਾਲ ਜੋੜਦਾ ਹੈ ਤੇ ਗਾਹਕਾਂ ਨੂੰ ਲਾਭ ਪ੍ਰਦਾਨ ਕਰਦਾ ਹੈ।

## ਦਵਾਈਆਂ ਅਤੇ ਟੈਸਟ ਹੋਣਗੇ ਫਰੀ -ਸਿਵਲ ਸਰਜਨ ਔਲਖ



ਮਾਛੀਵਾੜਾ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਦਿੱਲੀ ਦੀ ਆਮ ਆਦਮੀ ਪਾਰਟੀ ਸਰਕਾਰ ਦੀ ਤਰਜ਼ ਤੇ ਪੰਜਾਬ ਵਿੱਚ ਮੁਹੱਲਾ ਕਲੀਨਿਕ ਬਣਾਏ ਜਾ ਰਹੇ ਹਨ ਇਸ ਕੜੀ ਅਧੀਨ ਅੱਜ ਮਾਛੀਵਾੜਾ ਸਾਹਿਬ ਵਿਖੇ ਭਗਵਾਨ ਸ੍ਰੀ ਵਾਲਮੀਕ ਮੁਹੱਲਾ ਨਜ਼ਦੀਕ ਆਮ ਆਦਮੀ ਕਲੀਨਿਕ ਦਾ ਉਦਘਾਟਨ ਸਿਵਲ ਸਰਜਨ ਲੁਧਿਆਣਾ ਡਾਕਟਰ ਜਸਵੀਰ ਸਿੰਘ ਔਲਖ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਵੱਡੇ ਉਪਰਾਲੇ ਨਾਲ ਆਮ ਜਨਤਾ ਨੂੰ ਇਹਨਾਂ ਮੁਹੱਲਾ ਕਲੀਨਿਕਾਂ ਤੋਂ ਅਨੇਕਾਂ ਤਰ੍ਹਾਂ ਦੀਆਂ ਦਵਾਈਆਂ ਫਰੀ ਮਿਲਣਗੀਆਂ ਅਤੇ ਟੈਸਟ ਵੀ ਫਰੀ ਕੀਤੇ ਜਾਣਗੇ।

ਐੱਸ.ਐੱਮ.ਓ. ਮਾਛੀਵਾੜਾ ਡਾਕਟਰ ਜਸਦੇਵ ਸਿੰਘ ਨੇ ਦੱਸਿਆ ਕਿ ਮਾਛੀਵਾੜਾ ਬਲਾਕ ਨੂੰ ਦੋ ਮੁਹੱਲਾ ਕਲੀਨਿਕ ਸਰਕਾਰ ਵੱਲੋਂ ਦਿੱਤੇ ਗਏ ਹਨ ਇੱਕ ਮਾਛੀਵਾੜਾ ਸਾਹਿਬ ਵਿਖੇ ਭਗਵਾਨ ਸ੍ਰੀ ਵਾਲਮੀਕ ਮੁਹੱਲੇ ਦੇ ਨਜ਼ਦੀਕ ਅਤੇ ਦੂਸਰਾ ਬੇਟ ਖੇਤਰ ਵਿੱਚ ਪਿੰਡ ਨੂਰਪੁਰ ਵਿਖੇ ਮੁਹੱਲਾ ਕਲੀਨਿਕ ਬਣਾਇਆ ਗਿਆ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਵਿਸ਼ੇਸ਼ ਉਪਰਾਲੇ ਸਦਕਾ ਆਮ ਜਨਤਾ ਨੂੰ ਸਿਹਤ ਸੰਬੰਧੀ ਸੁਵਿਧਾਵਾਂ ਆਸਾਨੀ ਨਾਲ ਮਿਲਣਗੀਆਂ ਅਤੇ ਇਹਨਾਂ ਕਲੀਨਿਕਾਂ ਉੱਤੇ ਟੈਸਟ ਅਤੇ ਦਵਾਈਆਂ ਫਰੀ ਮਿਲਣਗੀਆਂ।

ਇਸ ਮੌਕੇ 'ਆਪ' ਆਗੂ ਮੋਹਿਤ ਕੁੰਦਰਾ, ਸੁਖਵਿੰਦਰ ਸਿੰਘ ਗਿੱਲ, ਪ੍ਰਵੀਨ ਮੱਕੜ, ਜਸਵੀਰ ਸਿੰਘ ਗਿੱਲ, ਸੈਨੇਟਰੀ ਇੰਸਪੈਕਟਰ ਸੁਖਦੇਵ ਸਿੰਘ ਬਿੱਟੂ, ਜਗਮੀਤ ਸਿੰਘ ਮੱਕੜ, ਲਵਦੀਪ ਸਿੰਘ ਲਵੀ, ਗੁਰਪ੍ਰੀਤ ਸਿੰਘ ਗੋਲਾ, ਮੋਨੂ, ਬਲਵਿੰਦਰ ਸਿੰਘ, ਦਲੀਪ ਸਿੰਘ ਮੱਲ੍ਹੀ, ਜਗਤਾਰ ਸਿੰਘ ਜੱਸੋਵਾਲ, ਦਰਸ਼ਨ ਸਿੰਘ, ਰਣਜੀਤ ਕੁਮਾਰ, ਡਾਕਟਰ ਪ੍ਰਿਤਪਾਲ ਮੈਡੀਕਲ ਅਫਸਰ ਮੁਹੱਲਾ ਕਲੀਨਿਕ ਮਾਛੀਵਾੜਾ, ਮੈਡਮ ਸੁਮਨ ਅਤੇ ਹਰਪ੍ਰੀਤ ਵੀ ਮੌਜੂਦ ਸਨ।

## ਹਲਕਾ ਸੁਨਾਮ ਵਿੱਚ ਸਰਵੋਤਮ ਸਿਹਤ ਸੇਵਾਵਾਂ ਉਪਲਬਧ ਕਰਵਾਉਣ ਲਈ ਵਚਨਬੱਧ ਹਾਂ- ਅਮਨ ਅਰੋੜਾ




ਸੁਨਾਮ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਚੀਮਾ ਅਤੇ ਸ਼ੇਰੋਂ ਵਿਖੇ ਨਵੇਂ ਆਮ ਆਦਮੀ ਕਲੀਨਿਕਾਂ ਨੂੰ, ਲੋਕਾਂ ਨੂੰ ਸਮਰਪਿਤ ਕਰਦਿਆਂ ਦੋਹਰਾਇਆ ਗਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਮਿਆਰੀ ਸਿਹਤ ਸੁਵਿਧਾਵਾਂ ਉਹਨਾਂ ਦੇ ਘਰਾਂ ਦੇ ਨਜਦੀਕ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਕਿ ਇਨ੍ਹਾਂ ਦੋ ਕਲੀਨਿਕਾਂ ਦੇ ਆਰੰਭ ਹੋਣ ਨਾਲ ਵਿਧਾਨ ਸਭਾ ਹਲਕਾ ਸੁਨਾਮ ਵਿੱਚ ਅਜਿਹੇ ਆਮ ਆਦਮੀ ਕਲੀਨਿਕਾਂ ਦੀ ਗਿਣਤੀ 7 ਹੋ ਗਈ ਹੈ ਅਤੇ ਇਹ ਸਾਡੇ ਸਾਰਿਆਂ ਲਈ ਇਹ ਖੁਸ਼ੀ ਦੀ ਗੱਲ ਹੈ ਕਿ ਪੰਜਾਬ ਸਰਕਾਰ ਨੇ ਸਿਹਤ ਸੁਵਿਧਾਵਾਂ ਪੱਖੋਂ ਸੂਬੇ ਨੂੰ ਨਾ ਕੇਵਲ ਦੇਸ਼ ਬਲਕਿ ਵਿਦੇਸ਼ਾਂ ਵਿੱਚ ਬਿਹਤਰੀਨ ਪੱਧਰ ਦੀਆਂ ਸਿਹਤ ਸੁਵਿਧਾਵਾਂ ਦੇ ਹਾਣ ਦਾ ਬਣਾਉਣ ਲਈ ਇਹਨਾਂ ਦੋ ਸਾਲਾਂ ਵਿੱਚ ਸ਼ਾਨਦਾਰ ਉਪਰਾਲੇ ਕੀਤੇ ਹਨ। ਉਹਨਾਂ ਕਿਹਾ ਕਿ ਇਹ ਆਮ ਆਦਮੀ ਕਲੀਨਿਕ ਲੋਕਾਂ ਲਈ ਵਰਦਾਨ ਸਾਬਤ ਹੋ ਰਹੇ ਹਨ ਅਤੇ ਸਿਰਫ ਜਿਲਾ ਸੰਗਰੂਰ ਵਿੱਚ ਹੀ ਜੇਕਰ ਲੋੜਵੰਦ ਵਿਅਕਤੀਆਂ ਦੁਆਰਾ ਇਹਨਾਂ ਦਾ ਲਾਭ ਉਠਾਏ ਜਾਣ ਦਾ ਵੇਰਵਾ ਦੇਖਿਆ ਜਾਏ ਤਾਂ ਹੁਣ ਤੱਕ 4 ਲੱਖ 80 ਹਜ਼ਾਰ 887 ਲੋੜਵੰਦ ਵਿਅਕਤੀ ਸਿਹਤ ਸੇਵਾਵਾਂ ਹਾਸਲ ਕਰ ਚੁੱਕੇ ਹਨ।

ਉਹਨਾਂ ਇਹ ਵੀ ਦੱਸਿਆ ਕਿ 55 ਹਜ਼ਾਰ ਤੋਂ ਵੱਧ ਲੋੜਵੰਦ ਵਿਅਕਤੀ ਇਹਨਾਂ ਕਲੀਨਿਕਾਂ ਦੇ ਰਾਹੀਂ ਮੁਫਤ ਟੈਸਟ ਕਰਵਾ ਚੁੱਕੇ ਹਨ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਵਿੱਚ ਹੁਣ 46 ਆਮ ਆਦਮੀ ਕਲੀਨਿਕ ਕਾਰਜਸ਼ੀਲ ਹੋ ਗਏ ਹਨ ਜਿਥੇ ਤਜਰਬੇਕਾਰ ਮੈਡੀਕਲ ਸਟਾਫ ਸੇਵਾਵਾਂ ਨਿਭਾ ਰਿਹਾ ਹੈ। ਉਹਨਾਂ ਕਿਹਾ ਕਿ ਇਹਨਾਂ ਕਲੀਨਿਕਾਂ ਉੱਤੇ ਇਲਾਜ ਕਰਵਾਉਣ ਵਾਲੇ ਲੋੜਵੰਦਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਜਿਸ ਦੇ ਚਲਦਿਆਂ ਇਹਨਾਂ ਕਲੀਨਿਕਾਂ ਦੀ ਗਿਣਤੀ ਵੀ ਸਰਕਾਰ ਵੱਲੋਂ ਲਗਾਤਾਰ ਵਧਾਈ ਜਾ ਰਹੀ ਹੈ। ਅਮਨ ਅਰੋੜਾ ਨੇ ਕਿਹਾ ਕਿ ਹੁਣ ਵੱਡੇ ਹਸਪਤਾਲਾਂ ਵਿੱਚ ਲੋਕਾਂ ਨੂੰ ਇਲਾਜ ਸੁਵਿਧਾਵਾਂ ਲੈਣ ਲਈ ਓਪੀਡੀ ਦੀਆਂ ਲੰਬੀਆਂ ਕਤਾਰਾਂ ਵਿੱਚ ਖੜਨਾ ਨਹੀਂ ਪੈਂਦਾ ਅਤੇ ਘਰਾਂ ਦੇ ਨਜਦੀਕ ਹੀ ਖੋਲੇ ਗਏ ਇਹ ਕਲੀਨਿਕ ਸਿਹਤਮੰਦ ਸਮਾਜ ਦੀ ਸਿਰਜਣਾ ਦੇ ਮਿੱਥੇ ਟੀਚੇ ਨੂੰ ਪੂਰਾ ਕਰਨ ਵਿੱਚ ਅਹਿਮ ਯੋਗਦਾਨ ਪਾ ਰਹੇ ਹਨ।

ਇਸ ਮੌਕੇ ਉਹਨਾਂ ਦੇ ਨਾਲ ਐਸਡੀਐਮ ਸੁਨਾਮ ਪ੍ਰਮੋਦ ਸਿੰਗਲਾ, ਗੁਰਦੀਪ ਸਿੰਘ ਤਕੀਪੁਰ, ਕੁਲਦੀਪ ਸਿੰਘ ਬਲਾਕ ਪ੍ਰਧਾਨ ਸ਼ੇਰੋ, ਚਿਤਵੰਤ ਸਿੰਘ ਕਾਲਾ, ਮੁਖਤਿਆਰ ਸਿੰਘ ਸਿੱਧੂ, ਮਨਪ੍ਰੀਤ ਮਨੀ, ਸਤਿਗੁਰ ਸਿੰਘ, ਨਿਰਭੈ ਸਿੰਘ ਬਲਾਕ ਪ੍ਰਧਾਨ, ਦਰਸ਼ਨ ਸਿੰਘ ਗੀਤੀਮਾਨ ਚੇਅਰਮੈਨ ਮਾਰਕੀਟ ਕਮੇਟੀ ਚੀਮਾ, ਬੀਰਬਲ ਸਿੰਘ, ਕੁਲਦੀਪ ਸਿੰਘ ਸਿੱਧੂ, ਲਖਵਿੰਦਰ ਬੰਸਲ, ਰੂਪ ਸਿੰਘ, ਜਗਸੀਰ ਸਿੰਘ, ਦਰਸ਼ਨ ਸਿੰਘ, ਬਹਾਦਰ ਸਿੰਘ ਤੇ ਮੇਜਰ ਸਿੰਘ ਸਮੇਤ ਸਟਾਫ ਹਾਜ਼ਰ ਸੀ।

## ਰੌਕਰਿਜ ਪਬਲਿਕ ਸਕੂਲ ਦਾ 5ਵਾਂ ਸਲਾਨਾ ਸਮਾਗਮ ਸ਼ਾਨੋ ਸ਼ੌਕਤ ਨਾਲ ਸੰਪਨ



ਮਹਿਮਾ ਸਰਜਾ , 7 ਮਾਰਚ
ਆਸ਼ੂ ਖੰਨਾ
-ਕੌਮੀ ਪੱਤ੍ਰਿਕਾ ਬਿਊਰੋ-

ਰੌਕਰਿਜ਼ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਮਹਿਮਾ ਸਰਕਾਰੀ ਦਾ ਪੰਜਵਾਂ ਸਲਾਨਾ ਇਨਾਮ ਵੰਡ ਸਮਾਰੋਹ ਅਤੇ ਸੱਭਿਆਚਾਰਕ ਸਮਾਗਮ ਯਾਦਗਾਰੀ ਪੈੜਾਂ ਛੱਡਦਾ ਸਮਾਪਤ ਹੋ ਗਿਆ। ਜਾਣਕਾਰੀ ਦਿੰਦਿਆਂ ਸਕੂਲ ਮੁਖੀ ਸਰਦਾਰ ਬਲਤੇਜ ਸਿੰਘ ਬਰਾੜ ਨੇ ਦੱਸਿਆ ਕਿ ਸਮਾਗਮ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਸ. ਮੱਖਣ ਸਿੰਘ ਖਾਲਸਾ ਚੇਅਰਮੈਨ ਸਾਹਿਬਜ਼ਾਦਾ ਅਜੀਤ ਸਿੰਘ ਕਾਨਵੈਂਟ ਸਕੂਲ ਗਹਿਰੀ ਬਾਰਾ ਸਿੰਘਾ ਅਤੇ ਸ.ਹਰਬੰਸ ਸਿੰਘ ਮਾਨ ਚੇਅਰਮੈਨ ਸ਼ਹੀਦ ਬਾਬਾ ਜੋਰਾਵਰ ਸਿੰਘ ਪਬਲਿਕ ਸਕੂਲ ਜੋਧਪੁਰ ਪਾਖਰ ਨੇ ਹਾਜਰੀ ਲਗਵਾਈ । ਸਮਾਗਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਅਤੇ ਜੀ ਆਇਆ ਨੂੰ ਗੀਤ ਨਾਲ ਕੀਤੀ ਗਈ। ਸਮਾਗਮ ਦੀਆਂ ਵੱਖ ਵੱਖ ਵੰਨਗੀਆਂ ਵਿੱਚ ਸਕਿੱਟ, ਨਾਟਕ ,ਕੋਰਿਓਗ੍ਰਾਫੀ ਗਿੱਧਾ ਅਤੇ ਭੰਗੜਾ ਦੀਆਂ ਪੇਸ਼ਕਾਰੀਆਂ ਕੀਤੀਆਂ ਗਈਆਂ।ਜਿਸ ਵਿੱਚ ਜੇਲਾਂ ਪਾਕਿਸਤਾਨ ਦੀਆਂ ਕੋਰੀਓਗ੍ਰਾਫੀ ਅਤੇ ਧੀਆਂ ਕੋਰਿਓਗ੍ਰਾਫੀ ਨੇ ਆਏ ਹੋਏ ਮਹਿਮਾਨਾਂ ਨੂੰ ਕੀਲ ਕੇ ਰੱਖ ਦਿੱਤਾ। ਸੱਤਵੀਂ ਜਮਾਤ ਦੀਆਂ ਵਿਦਿਆਰਥਣਾਂ ਵੱਲੋਂ ਕੀਤੇ ਗਏ ਸਕਿੱਟ ਸੋਸ਼ਲ ਮੀਡੀਆ ਦਾ ਬੱਚਿਆਂ ਤੇ ਪੈ ਰਹੇ ਬੁਰੇ ਪ੍ਰਭਾਵਾਂ ਦਾ ਆਏ ਹੋਏ ਮਹਿਮਾਨਾ ਵੱਲੋਂ ਬਹੁਤ ਪ੍ਰਸ਼ੰਸ਼ਾ ਕੀਤੀ ਗਈ । ਇਸ ਦੌਰਾਨ ਸਕੂਲ ਮੁਖੀ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ ਅਤੇ ਸਕੂਲ ਦੀ ਸਲਾਨਾ ਪ੍ਰਗਤੀ ਰਿਪੋਰਟ ਪੜ੍ਹੀ। ਜਿਸ ਵਿੱਚ ਸਕੂਲ ਵੱਲੋਂ ਹਰੇਕ ਖੇਤਰ ਵਿੱਚ ਮਾਰੀਆਂ ਮੱਲਾਂ ਦਾ ਜ਼ਿਕਰ ਕੀਤਾ ਗਿਆ। ਸਟੇਜ ਸੈਕਟਰੀ ਦੀ ਭੂਮਿਕਾ ਸਕੂਲ ਦੀਆਂ ਛੇਵੀਂ ਜਮਾਤ ਦੀਆਂ ਵਿਦਿਆਰਥਣਾਂ ਯੁਵਰਾਜ ਕੌਰ ਤੇ

ਸ਼ੁਭਰੀਤ ਕੌਰ ਅਤੇ ਸੰਦੀਪ ਕੌਰ ਮੈਡਮ ਨੇ ਨਿਭਾਈ। ਸਰਦਾਰ ਲਖਵੀਰ ਸਿੰਘ ਸੇਖੋਂ ਅਤੇ ਸੁਖਜਿੰਦਰ ਸਿੰਘ ਬਾਘਾ ਦਾ ਪ੍ਰੋਗਰਾਮ ਨੂੰ ਨੇਪਰੇ ਚਾੜਨ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਆਖਿਰ ਵਿੱਚ ਸਕੂਲ ਦੇ ਚੋਬਰਾਂ ਨੇ ਭੰਗੜੇ ਅਤੇ ਵਿਦਿਆਰਥਣਾਂ ਨੇ ਗਿੱਧੇ ਰਾਹੀਂ ਆਪਣੀ ਪ੍ਰਤਿਭਾ ਦਾ ਲੋਹਾ ਮੰਨਵਾਇਆ । ਇਸ ਪ੍ਰੋਗਰਾਮ ਨੂੰ ਲੈ ਕੇ ਇਲਾਕੇ ਦੇ ਲੋਕਾਂ ਵਿੱਚ ਏਨਾ ਉਤਸ਼ਾਹ ਸੀ ਕਿ ਪ੍ਰਬੰਧਕਾਂ ਨੂੰ ਆਪਣੇ ਕੀਤੇ ਪ੍ਰਬੰਧ ਵੀ ਛੋਟੇ ਜਾਪੇ। ਰੋਕਰਿਜ ਪਬਲਿਕ ਸਕੂਲ ਦੇ ਵੇਹੜੇ ਵਿੱਚ ਮੁੱਖ ਮਹਿਮਾਨ ਦੇ ਤੌਰ ਪਿੰਡ ਮਹਿਮਾ ਸਰਕਾਰੀ ਦੇ ਸਰਪੰਚ ਸੁਖਰਾਜ ਸਿੰਘ ਰਾਜੀ, ਹਰਪਾਲ ਸਿੰਘ ਪੰਚ, ਨੰਬਰਦਾਰ, ਜਗਦੇਵ ਸਿੰਘ ਪੰਚ ਕੋਠੇ ਨਾਥੀਆਨਾ ਨੇ ਵੀ ਹੋਣਹਾਰ ਬੱਚਿਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ। ਰੌਕਰਿਜ ਸਕੂਲ ਦੇ ਸਰਪ੍ਰਸਤ ਜਗਜੀਤ ਸਿੰਘ ਬਰਾੜ ਅਤੇ ਮਾਤਾ ਹਰਬੰਸ ਕੌਰ ਨੇ ਸਾਰੇ ਆਏ ਹੋਏ ਮੁੱਖ ਮਹਿਮਾਨਾ ਅਤੇ ਬੱਚਿਆਂ ਦੇ ਮਾਤਾ ਪਿਤਾ ਦਾ ਤਹਿ ਦਿਲੋਂ ਧੰਨਵਾਦ ਕੀਤਾ। ਬਲਤੇਜ ਸਿੰਘ ਬਰਾੜ ਦੀ ਮਿਹਨਤ ਸਦਕਾ ਰੋਕਰਿਜ ਸਕੂਲ ਹਰ ਰੋਜ਼ ਉਂਚਾਈ ਦੀਆਂ ਬੁਲੰਦੀਆਂ ਨੂੰ ਛੂ ਰਿਹਾ ਹੈ।

## ਸੰਸਦ ਮੈਂਬਰ ਸੁਸ਼ੀਲ ਰਿੰਕੂ ਨੇ 93 ਲੱਖ ਰੁਪਏ ਦੇ 26 ਪਾਣੀ ਦੇ ਟੈਂਕਰ ਸੌਂਪੇ



ਜਲੰਧਰ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਸੰਸਦ ਮੈਂਬਰ ਸੁਸ਼ੀਲ ਕੁਮਾਰ ਰਿੰਕੂ ਨੇ ਸ਼ੁੱਕਰਵਾਰ ਨੂੰ ਜ਼ਿਲ੍ਹੇ ਵਿੱਚ ਜਲ ਸਪਲਾਈ ਨੂੰ ਹੋਰ ਮਜ਼ਬੂਤ ਕਰਨ ਲਈ ਜ਼ਿਲ੍ਹੇ ਦੀਆਂ ਨਗਰ ਪਾਲਿਕਾਵਾਂ ਨੂੰ 26 ਪਾਣੀ ਦੇ ਟੈਂਕਰ ਸੌਂਪੇ। 3000 ਤੋਂ 5000 ਲੀਟਰ ਤੱਕ ਪਾਣੀ ਸਟੋਰ ਕਰਨ ਦੀ ਸਮਰੱਥਾ ਵਾਲੇ ਇਨ੍ਹਾਂ ਪਾਣੀ ਦੇ ਟੈਂਕਰਾਂ ਦੀ ਵਰਤੋਂ ਨਗਰ ਪਾਲਿਕਾ ਵੱਲੋਂ ਜ਼ਿਲ੍ਹੇ ਦੇ ਦੂਰ-ਦੁਰਾਡੇ ਦੇ ਇਲਾਕਿਆਂ ਨੂੰ ਪੀਣ ਵਾਲਾ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ ਕੀਤੀ ਜਾਵੇਗੀ।

ਇਸ ਮੌਕੇ ਸ੍ਰੀ ਰਿੰਕੂ ਨੇ ਕਿਹਾ ਕਿ ਸਟੇਨਲੈਸ ਸਟੀਲ ਦੇ ਬਣੇ ਇਨ੍ਹਾਂ 26 ਟੈਂਕਰਾਂ ਦੀ ਲਾਗਤ 93 ਲੱਖ ਰੁਪਏ ਹੈ ਅਤੇ ਇਹ 7 ਸ਼ਹਿਰੀ ਖੇਤਰਾਂ ਅਤੇ 12 ਨਗਰ ਕੌਂਸਲਾਂ ਨਾਲ ਸਬੰਧਤ ਖੇਤਰ ਦੇ ਵਾਸੀਆਂ ਦੀ ਪੀਣ ਵਾਲੇ ਸਾਫ਼ ਪਾਣੀ ਦੀ ਮੰਗ ਨੂੰ ਪੂਰਾ ਕਰਨਗੇ। ਸੰਸਦ ਮੈਂਬਰ ਨੇ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਸੂਬੇ ਵਿੱਚ ਵਿਕਾਸ ਕਾਰਜਾਂ ਦੀ ਲੜੀ ਸ਼ੁਰੂ ਕੀਤੀ ਹੈ। ਉਨ੍ਹਾਂ ਕਿਹਾ ਕਿ ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਹੈ ਅਤੇ ਚੱਲ ਰਹੇ ਪ੍ਰੋਜੈਕਟਾਂ ਨੂੰ ਸਮਾਂਬੱਧ ਢੰਗ ਨਾਲ ਮੁਕੰਮਲ ਕੀਤਾ ਜਾ ਰਿਹਾ ਹੈ।

ਸ੍ਰੀ ਰਿੰਕੂ ਨੇ ਅੱਗੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ 2022 ਵਿੱਚ ਆਮ ਆਦਮੀ ਪਾਰਟੀ ਨੂੰ ਸੂਬੇ ਦੀ ਜ਼ਿੰਮੇਵਾਰੀ ਸੌਂਪੀ ਸੀ ਅਤੇ ਉਹ ਇਹ ਕਹਿੰਦੇ ਹੋਏ ਮਾਣ ਮਹਿਸੂਸ ਕਰ ਰਹੇ ਹਨ ਕਿ ਸਰਕਾਰ ਨੇ ਸੂਬੇ ਦੇ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਿਆ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਕਾਰਜਾਂ ਦੀ ਲੜੀ ਜਾਰੀ ਰਹੇਗੀ।

## ਅਮਨ ਅਰੋੜਾ ਵੱਲੋਂ ਉਭਾਵਾਲ ਦੇ ਸਰਕਾਰੀ ਸਕੂਲਾਂ ਵਿਖੇ 21.60 ਲੱਖ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਤੇ ਸ਼ੁਰੂਆਤ



ਸੁਨਾਮ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਕੈਬਨਿਟ ਮੰਤਰੀ ਅਮਨ ਅਰੋੜਾ ਵੱਲੋਂ ਉਭਾਵਾਲ ਦੇ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਅੱਜ 21.60 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟ ਵਿਦਿਆਰਥੀਆਂ ਨੂੰ ਸਮਰਪਿਤ ਕਰਦਿਆਂ ਪੰਜਾਬ ਸਰਕਾਰ ਦੀ ਤਰਫੋਂ ਸੂਬੇ ਵਿੱਚ ਸਿੱਖਿਆ ਦੇ ਮਿਆਰ ਨੂੰ ਹੋਰ ਮਜ਼ਬੂਤ ਕਰਨ ਦੀ ਵਚਨਬੱਧਤਾ ਦੁਹਰਾਈ ਗਈ। ਕੈਬਨਿਟ ਮੰਤਰੀ ਨੇ ਸਰਕਾਰੀ ਸੀਨੀਅਰ ਸੈਕੰਡਰੀ ਅਤੇ ਪ੍ਰਾਇਮਰੀ ਸਕੂਲ ਮੇਨ ਵਿਖੇ 16.60 ਲੱਖ ਰੁਪਏ ਦੀ ਲਾਗਤ ਨਾਲ ਬਣੀ ਚਾਰਦੀਵਾਰੀ ਦਾ ਉਦਘਾਟਨ ਕਰਨ ਉਪਰੰਤ ਕਿਹਾ ਕਿ ਵਿਦਿਆਰਥੀ ਕਿਸੇ ਵੀ ਦੇਸ਼ ਅਤੇ ਸਮਾਜ ਦਾ ਭਵਿੱਖ ਹੁੰਦੇ ਹਨ ਅਤੇ ਇਨ੍ਹਾਂ ਦੇ ਜੀਵਨ ਨੂੰ ਉਚਾਈਆਂ ਛੂਹਣ ਦੇ ਸਮਰੱਥ ਬਣਾਉਣ ਲਈ ਪੰਜਾਬ ਸਰਕਾਰ ਪੂਰੀ ਤਨਦੇਹੀ ਨਾਲ ਜੁਟੀ ਹੋਈ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਸਿਖਿਆ ਦੇ ਖੇਤਰ ਵਿੱਚ ਧਿਆਨ ਕੇਂਦਰਿਤ ਕਰਦੇ ਹੋਏ ਵਿਦਿਆਰਥੀਆਂ ਦੇ ਹੁਨਰ ਵਿਕਾਸ ਲਈ ਸਾਰਥਕ ਕਦਮ ਚੁੱਕ ਰਹੀ ਹੈ ਅਤੇ ਮਾਪਿਆਂ ਤੇ ਅਧਿਆਪਕਾਂ ਦਾ ਵੀ ਇਹ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਅੰਦਰ ਛੁਪੇ ਹੁਨਰ ਨੂੰ ਤਰਾਸ਼ਣ ਵਿਚ ਸਰਗਰਮ ਯੋਗਦਾਨ ਪਾਉਣ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਦਿੱਲੀ ਸਰਕਾਰ ਨੇ ਸਕੂਲੀ ਸਿੱਖਿਆ ਵਿੱਚ ਵੱਡੇ ਸੁਧਾਰਾਂ ਨੂੰ ਲਾਗੂ ਕੀਤਾ ਅਤੇ ਪਿਛਲੇ ਦੋ ਸਾਲਾਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੀ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਕਰ ਰਹੀ ਹੈ। ਇਸ ਮੌਕੇ ਅਮਨ ਅਰੋੜਾ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਬ੍ਰਾਂਚ ਵਿਚ 5 ਲੱਖ ਰੁਪਏ ਦੀ ਲਾਗਤ ਵਾਲੇ ਇੰਟਰਲਾਕ ਟਾਈਲਾਂ ਲਗਾਉਣ ਦੇ ਪ੍ਰੋਜੈਕਟ ਦੀ ਸ਼ੁਰੂਆਤ ਕੀਤੀ। ਉਨ੍ਹਾਂ ਇਸ ਦੌਰਾਨ ਸਕੂਲੀ ਵਿਦਿਆਰਥੀਆਂ ਦੀ ਹੋਈ ਪ੍ਰਤੀਯੋਗਤਾ ਵਿੱਚੋਂ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ।

ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਮੇਵਾ ਸਿੰਘ ਸਿੱਧੂ, ਅਵਤਾਰ ਸਿੰਘ ਉਭਾਵਾਲ, ਰਣਬੀਰ ਸਿੰਘ ਰਾਣਾ, ਮੋਤਾ ਸਿੰਘ, ਜਗਨਨਾਥ, ਸੁਖਵਿੰਦਰ ਸਿੰਘ, ਧਨਦੇਵ ਸਿੰਘ, ਸਰਬਜੀਤ ਸਿੰਘ, ਗੁਰਦੀਪ ਸਿੰਘ ਤਕੀਪੁਰ ਅਤੇ ਸਕੂਲ ਸਟਾਫ ਵੀ ਹਾਜ਼ਰ ਸੀ।

## ਜਲਾਲਾਬਾਦ ਤੇ ਅਰਨੀਵਾਲਾ ਸ਼ੇਖ ਸੁਭਾਨ ਵਿੱਚ ਸਕੂਲ ਆਫ ਐਮੀਨੈਂਸ ਦਾ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕੀਤਾ ਉਦਘਾਟਨ



ਜਲਾਲਾਬਾਦ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨੇ ਅੱਜ ਸੂਬੇ ਦੇ 13 ਸਕੂਲ ਆਫ ਐਮੀਨੈਸ ਲੋਕ ਸਮਰਪਿਤ ਕੀਤੇ ਹਨ। ਇਸੇ ਲੜੀ ਤਹਿਤ ਵਿੱਚ ਜਲਾਲਾਬਾਦ ਦੇ ਸਰਕਾਰੀ ਸਕੂਲ ਨੂੰ ਵੀ ਸਕੂਲ ਆਫ ਐਮੀਨੈਂਸ ਵਜੋਂ ਅੱਜ ਲੋਕ ਸਮਰਪਿਤ ਕੀਤਾ ਗਿਆ । ਇਹ ਸ਼ੁਭ ਕਾਰਜ ਇਥੇ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਕੀਤਾ। ਇਸ ਮੌਕੇ ਬੋਲਦਿਆਂ ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਪੰਜਾਬ ਸਿੱਖਿਆ ਦੇ ਖੇਤਰ ਵਿੱਚ ਦੇਸ਼ ਦਾ ਮੋਹਰੀ ਸੂਬਾ ਬਨਣ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਸਿੱਖਿਆ ਕਿਸੇ ਵੀ ਸੂਬੇ ਦੀ ਮਨੁੱਖੀ ਸ਼ਕਤੀ ਦੇ ਵਿਕਾਸ ਦਾ ਆਧਾਰ ਹੁੰਦੀ ਹੈ ਅਤੇ ਪੰਜਾਬ ਸਰਕਾਰ ਇਸੇ ਅਧਾਰ ਨੂੰ ਮਜਬੂਤ ਕਰਨ ਵਿੱਚ ਲੱਗੀ ਹੋਈ ਹੈ। ਉਨਾਂ ਨੇ ਕਿਹਾ ਕਿ ਸਕੂਲ ਆਫ ਐਮੀਨੈਂਸ ਬਣਨ ਨਾਲ ਸਾਡੇ ਬੱਚਿਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਮਿਲੇਗੀ। ਉਨ੍ਹਾਂ ਨੇ ਕਿਹਾ ਕਿ ਇਨ੍ਹਾਂ ਸਕੂਲਾਂ ਵਿੱਚ ਬੱਚਿਆਂ ਨੂੰ ਰਵਾਇਤੀ ਸਿੱਖਿਆ ਦੇ ਨਾਲ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਵੀ ਨਾਲੋਂ ਨਾਲ ਤਿਆਰੀ ਕਰਵਾਈ ਜਾਵੇਗੀ ਤਾਂ ਜੋ ਸਾਡੇ ਬੱਚੇ ਦੇਸ਼ ਭਰ ਵਿੱਚ ਉੱਚ ਅਹੁਦਿਆਂ ਤੇ ਨੌਕਰੀਆਂ ਪ੍ਰਾਪਤ ਕਰ ਸਕਣ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਇਹ ਮਾਣ ਵਾਲੀ ਗੱਲ ਹੈ ਕਿ ਹਲਕਾ ਜਲਾਲਾਬਾਦ ਵਿੱਚ ਦੋ ਸਕੂਲ ਆਫ ਐਮੀਨੈਸ ਬਣੇ ਹਨ ਜਿਸ ਵਿੱਚ ਇਕ ਜਲਾਲਾਬਾਦ ਵਿਖੇ ਅਤੇ ਇੱਕ ਮੰਡੀ ਅਰਨੀਵਾਲਾ ਵਿਖੇ ਹੈ।

ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਇਸ ਲਈ ਸੂਬੇ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦਾ ਵੀ ਧੰਨਵਾਦ ਕੀਤਾ ਜਿਨਾਂ ਨੇ ਉਨ੍ਹਾਂ ਦੇ ਹਲਕੇ ਵਿੱਚ ਦੋ ਸਕੂਲ ਆਫ ਐਮੀਨਸ ਸਥਾਪਿਤ ਕੀਤੇ ਹਨ। ਵਿਧਾਇਕ ਜਗਦੀਪ ਕੰਬੋਜ ਗੋਲਡੀ ਨੇ ਆਖਿਆ ਕਿ ਇਹ ਸਕੂਲ ਆਫ ਐਮੀਨੈਂਸ ਸਾਡੀ ਆਉਣ ਵਾਲੀ ਪੀੜੀ ਲਈ ਚਾਨਣ ਮੁਨਾਰੇ ਸਾਬਤ ਹੋਣਗੇ ਅਤੇ ਇੱਥੋਂ ਪੜ੍ਹਾਈ ਕਰਕੇ ਸਾਡੇ ਬੱਚੇ ਉੱਚ ਅਹੁਦਿਆਂ ਤੇ ਪਹੁੰਚਣਗੇ। ਉਨ੍ਹਾਂ ਨੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਸੁਧਾਰਾਂ ਤੇ ਵਿਸ਼ੇਸ਼ ਤਵੱਜੋ ਦੇ ਰਹੀ ਹੈ ਅਤੇ ਲਗਾਤਾਰ ਸਰਕਾਰ ਵੱਲੋਂ ਉਪਰਾਲੇ ਕੀਤੇ ਜਾ ਰਹੇ ਹਨ ਕਿ ਸਿੱਖਿਆ ਖੇਤਰ ਵਿੱਚ ਵੱਡੇ ਸੁਧਾਰ ਅਤੇ ਤਬਦੀਲੀਆਂ ਕੀਤੀਆਂ ਜਾਣ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਫ਼ਾਜ਼ਿਲਕਾ ਐਲੀਮੈਂਟਰੀ ਸੁਨੀਤਾ ਰਾਣੀ, ਨੋਡਲ ਇੰਚਰਾਜ ਸੀਮਾ ਖੇੜਾ, ਮਾਰਕਿਟ ਕਮੇਟੀ ਚੇਅਰਮੈਨ ਦੇਵ ਰਾਜ ਸ਼ਰਮਾ, ਆਪ ਆਗੂ ਅੰਕੁਸ਼ ਮੁਟਨੇਜਾ, ਆਪ ਆਗੂ ਡਾ. ਮਲਕੀਤ ਸਿੰਘ ਥਿੰਦ,ਨਗਰ ਕੌਂਸਲ ਵਾਇਸ ਪ੍ਰਧਾਨ ਰਸ਼ਪਾਲ ਸਿੰਘ ਢੋਲਾ, ਆਪ ਆਗੂ ਸਾਬਕਾ ਇੰਨਸਪੈਕਟਰ ਪੰਜਾਬ ਸਿੰਘ , ਵਪਾਰ ਮੰਡਲ ਪ੍ਰਧਾਨ ਬੱਬੂ ਡੋਡਾ ਤੋਂ ਇਲਾਵਾ ਸਥਾਨਕ ਪਤਵੰਤੇ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ॥

## ਓਰੀਐਂਟ ਗਰੁੱਪ ਆਫ਼ ਸਕੂਲ ਨੇ ਆਸਟ੍ਰੇਲੀਆ ਸਰਕਾਰ ਦੇ ਅਧੀਨ ਪੱਛਮੀ ਆਸਟ੍ਰੇਲੀਅਨ ਸਰਟੀਫਿਕੇਟ ਆਫ਼ ਐਜੂਕੇਸ਼ਨ ਵਿਭਾਗ ਨਾਲ ਕੀਤਾ ਸਮਝੌਤਾ



ਮਾਛੀਵਾੜਾ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਓਰੀਐਂਟ ਗਰੁੱਪ ਆਫ਼ ਸਕੂਲ ਨੇ ਆਸਟ੍ਰੇਲੀਆ ਸਰਕਾਰ ਦੇ ਅਧੀਨ ਪੱਛਮੀ ਆਸਟ੍ਰੇਲੀਅਨ ਸਰਟੀਫਿਕੇਟ ਆਫ਼ ਐਜੂਕੇਸ਼ਨ ਵਿਭਾਗ ਨਾਲ ਸਮਝੌਤਾ ਕੀਤਾ ਹੈ। ਅਗਲੇ ਅਕਾਦਮਿਕ ਸੈਸ਼ਨ ਤੋਂ ਵਿਦਿਆਰਥੀ ਪੰਜਾਬ ਵਿੱਚ ਅੰਤਰਰਾਸ਼ਟਰੀ ਪਾਠਕ੍ਰਮ ਪੜ੍ਹ ਸਕਦੇ ਹਨ।

ਆਸਟ੍ਰੇਲੀਆ ਸਰਕਾਰ ਦੇ ਦੋ ਡੈਲੀਗੇਟਾਂ ਜਿਨ੍ਹਾਂ ਦਾ ਨਾਂ ਐਂਜਲਿਕ ਸਮਿਥ ਅਤੇ ਪੈਟਰਾ ਟ੍ਰਿੰਕੇ ਹਨ, ਨੇ ਸਕੂਲ ਦਾ ਦੌਰਾ ਕੀਤਾ ਅਤੇ ਓਰੀਐਂਟ ਗਰੁੱਪ ਆਫ਼ ਸਕੂਲਜ਼ ਦੇ ਚੇਅਰਮੈਨ ਸ੍ਰੀ ਵਿਕਰਮ ਸ਼ਰਮਾ ਨਾਲ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ। ਦੋਵਾਂ ਅਧਿਕਾਰੀਆਂ ਨੇ ਸਕੂਲੀ ਵਿਦਿਆਰਥੀਆਂ ਨੂੰ ਵਿਸ਼ਵ ਪੱਧਰ 'ਤੇ ਸਿੱਖਿਆ ਪ੍ਰਦਾਨ ਕਰਨ ਦੇ ਦ੍ਰਿਸ਼ਟੀਕੋਣ ਨਾਲ ਸਕੂਲਾਂ ਨੂੰ ਸਫਲਤਾਪੂਰਵਕ ਚਲਾਉਣ ਲਈ ਸਕੂਲ ਪ੍ਰਬੰਧਨ ਦੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸਕੂਲ ਚੇਅਰਮੈਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਆਸਟ੍ਰੇਲੀਆ ਸਰਕਾਰ ਦੇ ਸਿੱਖਿਆ ਵਿਭਾਗ ਨਾਲ ਇਹ ਭਾਈਵਾਲੀ ਵਿਦਿਆਰਥੀਆਂ ਲਈ ਆਪਣੇ ਜੱਦੀ ਸ਼ਹਿਰ ਰਹਿੰਦੇ ਹੋਏ ਅੰਤਰਰਾਸ਼ਟਰੀ ਅਨੁਭਵ ਪ੍ਰਾਪਤ ਕਰਨ ਦੀਆਂ ਸੰਭਾਵਨਾਵਾਂ ਦੇ ਨਵੇਂ ਦਰਵਾਜ਼ੇ ਖੋਲ੍ਹੇਗੀ। ਉਹ IELTS ਇਮਤਿਹਾਨ ਲਈ ਹਾਜ਼ਰ ਹੋਏ ਬਿਨਾਂ ਵਿਦੇਸ਼ ਵਿੱਚ ਆਪਣੀ ਉੱਚ ਸਿੱਖਿਆ ਪ੍ਰਾਪਤ ਕਰ ਸਕਦੇ ਹਨ ,ਕਿਉਂਕਿ ਆਸਟ੍ਰੇਲੀਆਈ ਯੂਨੀਵਰਸਿਟੀਆਂ IELTS ਸਕੋਰਾਂ ਦੀ ਲੋੜ ਤੋਂ ਬਿਨਾਂ ਦਾਖਲੇ ਦੀ ਪੇਸ਼ਕਸ ਕਰਨਗੀਆਂ।

ਇਸ ਤੋਂ ਇਲਾਵਾ, ਆਸਟ੍ਰੇਲੀਆ ਸਰਕਾਰ ਦੇ ਦੋ ਅਧਿਕਾਰਤ ਨੁਮਾਇੰਦਿਆਂ ਨੇ ਸਟਾਫ਼ ਮੈਂਬਰਾਂ ਨੂੰ ਪਾਠਕ੍ਰਮ ਅਤੇ ਆਸਟ੍ਰੇਲੀਆ ਵਿਚ ਪੜ੍ਹਾਉਣ ਦੇ ਤਰੀਕੇ ਬਾਰੇ ਜਾਣੂ ਕਰਵਾਉਣ ਲਈ ਸਿਖਲਾਈ ਸੈਸ਼ਨ ਲਏ।

ਇਸ ਮੌਕੇ ਮੈਨੇਜਿੰਗ ਡਾਇਰੈਕਟਰ ਸ਼ਾਰਦਾ ਸ਼ਰਮਾ, ਡਾਇਰੈਕਟਰ ਮ੍ਰਿਦੁਲਾ, ਪ੍ਰਿੰਸੀਪਲ ਰਜਤ ਸ਼ਰਮਾ, ਸੀਈਓ ਸ਼ੁਭਮ ਸ਼ਰਮਾ, ਡਾਇਰੈਕਟਰ ਡਾ.ਸ਼ਰੂਤੀ ਸ਼ਰਮਾ, ਨਵਜੋਤ ਕੌਰ, ਅਨੁਪਮਾ, ਦਮਨਪ੍ਰੀਤ ਕੌਰ ਅਤੇ ਓਰੀਐਂਟ ਗਰੁੱਪ ਆਫ਼ ਸਕੂਲ ਦੇ ਸਮੂਹ ਸਟਾਫ਼ ਮੈਂਬਰ ਹਾਜ਼ਰ ਸਨ।

## ਸੂਬਾ ਸਰਕਾਰ ਨੂੰ ਸੰਘਰਸ਼ ਦੀ ਤਿਆਰੀ ਦੀ ਦਿੱਤੀ ਚਿਤਾਵਨੀ

ਸ੍ਰੀ ਅਨੰਦਪੁਰ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀਆਂ ਸਰਕਾਰੀ ਆਈ.ਟੀ.ਆਈਜ ਵਿੱਚ ਵੱਖ-ਵੱਖ ਸਕੀਮਾਂ ਪੀ.ਪੀ.ਪੀ, ਡੀ.ਐਸ.ਟੀ, ਵੈਲਫੇਅਰ, ਹਾਊਸਪਟੈਲਟੀ, ਸੀ.ਟੀ.ਐਸ ਵਿੱਚ ਕੰਮ ਕਰ ਰਹੇ ਠੇਕਾ ਆਧਾਰ ਇੰਸਟਰਕਟਰਜ ਇੱਕ ਮੰਚ ਹੇਠ ਇਕੱਠੇ ਹੋਏ।ਜਿਸ ਸਬੰਧੀ ਜਥੇਬੰਦੀ ਦੇ ਆਗੂਆਂ ਲਖਵਿੰਦਰ ਸਿੰਘ, ਜੀਵਨ ਸਿੰਘ, ਹਰਵਿੰਦਰ ਸਿੰਘ, ਸੁਰਿੰਦਰ ਸਿੰਘ, ਰਘੂਨਾਥ, ਵਿਨੋਧ ਕੁਮਾਰ ਅਤੇ ਕੁਲਦੀਪ ਕੌਰ ਨੇ ਕਿਹਾ ਕਿ ਸਾਰੀਆਂ ਜੱਥੇਬੰਦੀਆਂ ਨੇ ਫੈਸਲਾ ਕੀਤਾ ਕਿ ਉਹ ਪੰਜਾਬ ਸਰਕਾਰ ਦੀਆਂ ਮੁਲਾਜਮ ਪੱਖੀ ਮਾਰੂ ਨੀਤੀਆਂ ਤੋਂ ਛੁਟਕਾਰਾ ਪਾਉਣ ਲਈ ਇਕੱਠੇ ਹੋ ਕੇ ਲੜਾਈ ਲੜਨਗੀਆਂ ਅਤੇ ਉਹਨਾਂ ਨੇ 11 ਮੈਂਬਰੀ ਜੁਆਇੰਟ ਐਕਸ਼ਨ ਕਮੇਟੀ ਦੀ ਚੋਣ ਵੀ ਕੀਤੀ।

ਉਨ੍ਹਾਂ ਕਿਹਾ ਕਿ ਉਹਨਾਂ ਵਲੋਂ ਕਈ ਵਾਰ ਮੁੱਖ ਮੰਤਰੀ ਪੰਜਾਬ ਨੂੰ ਆਪਣੀਆਂ ਮੰਗੀ ਸਬੰਧੀ ਮਿਲਣ ਦੀ ਕੌਸ਼ਿਸ਼ ਕੀਤੀ ਪ੍ਰੰਤੂ ਉਹਨਾਂ ਵੱਲੋਂ ਮਿਲਣ ਦੀ ਸਮਾਂ ਨਹੀਂ ਦਿੱਤਾ ਗਿਆ ।ਇਸ ਤੋਂ ਇਲਾਵਾ ਉਹ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਕਈ ਵਾਰ ਮਿਲੇ।

ਪ੍ਰੰਤੂ ਉਹਨਾਂ ਵੱਲੋਂ ਕਿਸੇ ਵੀ ਮੰਗ ਵੱਲ ਧਿਆਨ ਨਹੀਂ ਦਿੱਤਾ ਗਿਆ ।ਜਿਸ ਕਾਰਨ ਮੁਲਾਜਮਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ।ਜਿਸਦੇ ਚੱਲਦਿਆਂ ਜਥੇਬੰਦ ਵਲੋਂ ਇਹ ਫੈਸਲਾ ਕੀਤਾ ਗਿਆ ਕਿ ਜੇਕਰ ਪੰਜਾਬ ਸਰਕਾਰ ਉਹਨਾਂ ਦੀਆਂ ਮੁੱਖ ਮੰਗਾਂ ਵੱਲ ਧਿਆਨ ਨਹੀਂ ਦਿੰਦੀ ਤਾਂ ਆਉਣ ਵਾਲੇ ਦਿਨਾਂ ਵਿੱਚ ਇੱਕ ਵੱਡਾ ਸਘੰਰਸ਼ ਉਲੀਕਿਆ ਜਾਵੇਗਾ।

## ਮੁਖਤਿਆਰ ਸਿੰਘ ਸਲੌਦੀ ਦੇ ਅੰਤਿਮ ਅਰਦਾਸ ਮੌਕੇ ਤੇ ਦਿੱਤੀ ਸ਼ਰਧਾਂਜਲੀ



ਸਮਰਾਲਾ 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੱਤਰਕਾਰ ਕਮਲਜੀਤ ਕੌਰ ਦੇ ਸਹੁਰਾ ਅਤੇ ਮਹਿੰਦਰ ਸਿੰਘ ਦੇ ਪਿਤਾ ਮੁਖਤਿਆਰ ਸਿੰਘ ਸਲੌਦੀ ਦੇ ਨਮਿੱਤ ਅੱਜ ਅੰਤਿਮ ਅਰਦਾਸ ਹੋਈ , ਭਾਰੀ ਗਿਣਤੀ ਵਿੱਚ ਦੋਸਤਾਂ ਤੇ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਇਸ ਅੰਤਿਮ ਅਰਦਾਸ ਵਿੱਚ ਸ਼ਾਮਿਲ ਹੋਏ ਅਤੇ ਮੁਖਤਿਆਰ ਸਿੰਘ ਨੂੰ ਸ਼ਰਧਾਂਜਲੀ ਦਿੱਤੀ ਅਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਜ਼ਿਕਰ ਯੋਗ ਹੈ ਕਿ ਮੁਖਤਿਆਰ ਸਿੰਘ ਸਲੌਦੀ ਦੀ ਸਿਹਤ ਪਿਛਲੇ ਕੁਝ ਦਿਨਾਂ ਤੋਂ ਖਰਾਬ ਸੀ, ਜਿਸ ਕਾਰਨ ਉਹ ਇਸ ਫਾਨੀ ਦੁਨੀਆ ਨੂੰ ਅਲਵਿਦਾ ਆਖ ਗਏ ਸਨ। ਪਿੰਡ ਸਲੋਦੀ ਦੇ ਗੁਰਦੁਆਰਾ ਸਾਹਿਬ ਵਿਖੇ ਪਾਠ ਦੇ ਭੋਗ ਪਾਏ ਗਏ ਅਤੇ ਰਾਗੀ ਸਿੰਘਾਂ ਨੇ ਗੁਰਬਾਣੀ ਦਾ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਪਰਿਵਾਰ ਵੱਲੋਂ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਇਸ ਮੌਕੇ ਪ੍ਰੈਸ ਕਲੱਬ ਸਮਰਾਲਾ ਦੇ ਪ੍ਰਧਾਨ ਪਰਮਿੰਦਰ ਵਰਮਾ, ਸੀਨੀਅਰ ਪੱਤਰਕਾਰ ਹਨੀਸ਼ ਕੌਸ਼ਲ, ਸੀਨੀਅਰ ਪੱਤਰਕਾਰ ਅਨੁਰਾਗ ਸੰਦਲ, ਭੂਸ਼ਨ ਬਾਂਸਲ ਵੀ ਅਰਦਾਸ ਵਿੱਚ ਸ਼ਾਮਿਲ ਹੋਏ ਅਤੇ ਮੁਖਤਿਆਰ ਸਿੰਘ ਸਲੌਦੀ ਨੂੰ ਸ਼ਰਧਾਂਜਲੀ ਦੇ ਫੁੱਲ ਭੇਟ ਕੀਤੇ ।

## ਆਂਗਨਵਾੜੀ ਵਰਕਰਾਂ ਅੱਜ ਵਿਧਾਨ ਸਭਾ ਦੇ ਘਰਾਓ ਲਈ ਮਾਛੀਵਾੜਾ ਸਾਹਿਬ ਤੋਂ ਰਵਾਨਾ ਹੋਈਆਂ : ਚਰਨਜੀਤ ਕੌਰ ਪੂੰਨੀਆਂ



ਮਾਛੀਵਾੜਾ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਆਂਗਨਵਾੜੀ ਮੁਲਾਜ਼ਮ ਯੂਨੀਅਨ ਇਕਾਈ ਮਾਛੀਵਾੜਾ ਸਾਹਿਬ ਦੀ ਇੱਕ ਮੀਟਿੰਗ ਬਲਾਕ ਪ੍ਰਧਾਨ ਚਰਨਜੀਤ ਕੌਰ ਪੂਨੀਆਂ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਅੱਜ ਚਾਰ ਮਾਰਚ ਨੂੰ ਚੰਡੀਗੜ੍ਹ ਵਿਖੇ ਵਿਧਾਨ ਸਭਾ ਦੇ ਘਰਾਓ ਕਰਨ ਲਈ ਤਿਆਰੀਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਬਲਾਕ ਪ੍ਰਧਾਨ ਚਰਨਜੀਤ ਕੌਰ ਪੂਨੀਆਂ ਨੇ ਕਿਹਾ ਕਿ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਆਪਣੀਆਂ ਮੰਗਾਂ ਮਨਵਾਉਣ ਲਈ ਅੱਜ ਚੰਡੀਗੜ੍ਹ ਵਿਖੇ ਵਿਧਾਨ ਸਭਾ ਦਾ ਕਰਾਓ ਕਰਨ ਜਾ ਰਹੀਆਂ ਹਨ ਜਿਸ ਲਈ ਮਾਛੀਵਾੜਾ ਸਾਹਿਬ ਤੋਂ ਵੱਡੀ ਗਿਣਤੀ ਵਿੱਚ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਇੱਕ ਵਿਸ਼ਾਲ ਕਾਫਲੇ ਦੇ ਰੂਪ ਵਿੱਚ ਰਵਾਨਾ ਹੋਣਗੀਆਂ।

ਉਹਨਾਂ ਕਿਹਾ ਕਿ ਦੇਸ਼ ਦੇ ਬੱਚਿਆਂ ਦਾ ਭਵਿੱਖ ਬਚਾਓ ਅਤੇ ਆਂਗਨਵਾੜੀ ਸੇਵਾਵਾਂ ਬਚਾਓ ਮੁਹਿੰਮ ਤਹਿਤ ਆਂਗਨਵਾੜੀ ਵਰਕਰਾਂ ਦੀਆਂ ਮੰਗਾਂ ਮਰਵਾਉਣ ਲਈ ਇਹ ਵਿਧਾਨ ਸਭਾ ਦਾ ਘਰਾਓ ਕੀਤਾ ਜਾ ਰਿਹਾ ਹੈ ਤਾਂ ਜੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ। ਉਹਨਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਦੀਆਂ ਮੰਗਾਂ ਜਿਵੇਂ ਪ੍ਰੀ ਪ੍ਰਾਈਮਰੀ ਤੋਂ ਲੈ ਕੇ ਛੇ ਸਾਲ ਤੱਕ ਦੇ ਬੱਚਿਆਂ ਨੂੰ ਆਂਗਣਵਾੜੀ ਸੈਂਟਰਾਂ ਵਿੱਚ ਵਾਪਸ ਬੁਲਾਉਣ ਅਤੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ ਨਰਸਰੀ ਅਧਿਆਪਕਾਂ ਦਾ ਦਰਜਾ ਦੇਣ ਅਤੇ ਬਣਦਾ ਮਾਣ ਭੱਤਾ ਲਾਗੂ ਕਰਵਾਉਣ ਲਈ, ਐਨਜੀਓ ਨੂੰ ਦਿੱਤੀ ਤਿੰਨ ਜ਼ਿਲ੍ਹਿਆਂ ਦੀ ਆਂਗਣਵਾੜੀ ਨਿਊਟਰੀਸ਼ਨ ਫੀਡ ਵਾਪਸ ਲੈਣ ਲਈ, ਆਂਗਣਵਾੜੀ ਵਰਕਰ ਨੂੰ ਗ੍ਰੇਡ ਤਿੰਨ ਅਤੇ ਹੈਲਪਰ ਨੂੰ ਗ੍ਰੇਡ ਚਾਰ ਦਾ ਦਰਜਾ ਦੇਣ ਅਤੇ ਸਰਕਾਰ ਦੇ ਮੈਨੀਫੈਸਟੋ ਅਨੁਸਾਰ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਦੀ ਤਨਖਾਹ ਦੁਗਣੀ ਵਿਧਾਨ ਸਭਾ ਦਾ ਘਰਾਓ ਕੀਤਾ ਜਾ ਰਿਹਾ ਹੈ ਤਾਂ ਜੋ ਸੁੱਤੀ ਪਈ ਸਰਕਾਰ ਨੂੰ ਜਗਾਇਆ ਜਾ ਸਕੇ। ਉਹਨਾਂ ਕਿਹਾ ਕਿ ਆਂਗਣਵਾੜੀ ਵਰਕਰਾਂ ਦੀਆਂ ਮੰਗਾਂ ਜਿਵੇਂ ਪ੍ਰੀ ਪ੍ਰਾਈਮਰੀ ਤੋਂ ਲੈ ਕੇ ਛੇ ਸਾਲ ਤੱਕ ਦੇ ਬੱਚਿਆਂ ਨੂੰ ਆਂਗਣਵਾੜੀ ਸੈਂਟਰਾਂ ਵਿੱਚ ਵਾਪਸ ਬੁਲਾਉਣ ਅਤੇ ਸੁਪਰੀਮ ਕੋਰਟ ਦੇ ਫੈਸਲੇ ਅਨੁਸਾਰ ਆਂਗਣਵਾੜੀ ਵਰਕਰਾਂ ਨੂੰ ਨਰਸਰੀ ਅਧਿਆਪਕਾਂ ਦਾ ਦਰਜਾ ਦੇਣ ਕਰਨ ਨੂੰ ਲੈ ਕੇ ਅੱਜ ਇਹਨਾਂ ਮੰਗਾਂ ਨੂੰ ਮਨਵਾਉਣ ਲਈ ਤੇ ਸਰਕਾਰ ਤੇ ਦਬਾਵ ਬਣਾਉਣ ਲਈ ਵਿਧਾਨ ਸਭਾ ਦਾ ਕਰਾਓ ਕੀਤਾ ਜਾ ਰਿਹਾ ਹੈ।

ਜਿਸ ਲਈ ਮਾਛੀਵਾੜਾ ਬਲਾਕ ਦੀ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਦੀ ਪੂਰੀ ਤਿਆਰੀ ਹੈ ਤੇ ਇਥੋਂ ਵੱਡੀ ਗਿਣਤੀ ਵਿੱਚ ਆਂਗਣਵਾੜੀ ਵਰਕਰ ਤੇ ਹੈਲਪਰਾਂ ਕੂਚ ਕਰਨਗੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਨਰਲ ਸਕੱਤਰ ਕੁਲਵੰਤ ਕੌਰ ਨੀਲੋਂ, ਬਲਾਕ ਕੈਸ਼ੀਅਰ ਮਨਜੀਤ ਕੌਰ, ਸਰਬਜੀਤ ਕੌਰ, ਨਿਰਮਲਜੀਤ ਕੌਰ, ਪਰਮਜੀਤ ਕੌਰ, ਕੁਲਵਿੰਦਰ ਕੌਰ (ਸਾਰੀਆਂ ਸਰਕਲ ਪ੍ਰਧਾਨ), ਪ੍ਰੈਸ ਸਕੱਤਰ ਕੁਲਵਿੰਦਰ ਕੌਰ ਭੰਗੂ, ਕਰਮਜੀਤ ਕੌਰ, ਰਜਿੰਦਰ ਕੌਰ, ਕੁਲਦੀਪ ਕੌਰ, ਉਪਜੀਤ ਕੌਰ, ਗੁਰਮੀਤ ਕੌਰ ਤੇ ਮਨਜਿੰਦਰ ਕੌਰ ਤੋਂ ਇਲਾਵਾ ਹੋਰ ਵਰਕਰਾਂ ਮੌਜੂਦ ਸਨ।

## ਬੇਮੌਸਮੀ ਬਰਸਾਤ ਕਾਰਨ ਹੋਏ ਨੁਕਸਾਨ ਦਾ ਪੰਜਾਬ ਸਰਕਾਰ ਫੌਰੀ ਮੁਆਵਜ਼ਾ ਦੇਵੇ -ਸੀਟੂ

ਮਾਛੀਵਾੜਾ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਹੋਈ ਬੇਮੌਸਮੀ ਬਰਸਾਤ, ਤੇਜ਼ ਹਵਾਵਾਂ ਅਤੇ ਗੜੇਮਾਰੀ ਨਾਲ ਬਹੁਤ ਸਾਰੀਆਂ ਫਸਲਾਂ, ਦੁਕਾਨਾਂ ਅਤੇ ਮਕਾਨਾਂ ਦੀਆਂ ਦੀਵਾਰਾਂ, ਛੱਤਾਂ ਅਤੇ ਗੱਡੀਆਂ ਦਾ ਨੁਕਸਾਨ ਹੋਇਆ ਹੋਇਆ ਹੈ। ਅੱਜ ਇੱਥੇ ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ ਸੀਟੂ ਦੇ ਕੇਂਦਰੀ ਸਕੱਤਰ ਬੀਬੀ ਊਸ਼ਾ ਰਾਣੀ, ਸੂਬਾ ਪ੍ਰਧਾਨ ਸਾਥੀ ਮਹਾਂ ਸਿੰਘ ਰੌੜੀ, ਜਨਰਲ ਸਕੱਤਰ ਸਾਥੀ ਚੰਦਰ ਸ਼ੇਖਰ, ਸੂਬਾ ਸਕੱਤਰ ਸਾਥੀ ਅਮਰਨਾਥ ਕੂੰਮਕਲਾਂ , ਸੂਬਾਈ ਮੀਤ ਪ੍ਰਧਾਨ ਸਾਥੀ ਪਰਮਜੀਤ ਨੀਲੋਂ, ਸੂਬਾ ਸਕੱਤਰ ਸਾਥੀ ਦਲਜੀਤ ਕੁਮਾਰ ਗੋਰਾ ਨੇ ਕਿਹਾ ਕਿ ਇਸ ਪੰਜਾਬ ਸਰਕਾਰ ਤੋਂ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕੀਤੀ ਕਿ ਉਹ ਬੇਮੌਸਮੀ ਬਰਸਾਤ ਕਾਰਨ ਹੋਏ ਨੁਕਸਾਨ ਦੀ ਫੌਰੀ ਗਿਰਦਾਵਰੀ ਕਰਵਾ ਕੇ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਅਤੇ ਸਾਰੇ ਸਾਧਨ ਵਰਤ ਕੇ ਪਹਿਲ ਦੇ ਆਧਾਰ ਤੇ ਇਹ ਕੰਮ ਕਰਨਾ ਜ਼ਰੂਰੀ ਬਣਦਾ ਹੈ,ਤਾਂ ਜੋ ਪੀੜਤ ਕੁਦਰਤੀ ਆਫ਼ਤ ਕਾਰਨ ਲੋਕਾਂ ਦਾ ਬਹੁਤ ਸਾਰਾ ਮਾਲੀ ਨੁਕਸਾਨ ਹੋਇਆ ਹੈ।

ਉਨ੍ਹਾਂ ਵੱਲੋਂ ਪੀੜਤ ਲੋਕਾਂ ਨਾਲ ਹਮਦਰਦੀ ਪ੍ਰਗਟ ਕਰਦਿਆਂ ਪੰਜਾਬ ਸਰਕਾਰ ਤੋਂ ਪੁਰਜ਼ੋਰ ਸ਼ਬਦਾਂ ਵਿੱਚ ਮੰਗ ਕੀਤੀ ਕਿ ਉਹ ਬੇਮੌਸਮੀ ਬਰਸਾਤ ਕਾਰਨ ਹੋਏ ਨੁਕਸਾਨ ਦੀ ਫੌਰੀ ਗਿਰਦਾਵਰੀ ਕਰਵਾ ਕੇ ਪੀੜਤ ਪਰਿਵਾਰਾਂ ਨੂੰ ਢੁਕਵਾਂ ਮੁਆਵਜ਼ਾ ਦੇਣ ਅਤੇ ਸਾਰੇ ਸਾਧਨ ਵਰਤ ਕੇ ਪਹਿਲ ਦੇ ਆਧਾਰ ਤੇ ਇਹ ਕੰਮ ਕਰਨਾ ਜ਼ਰੂਰੀ ਬਣਦਾ ਹੈ,ਤਾਂ ਜੋ ਪੀੜਤ ਪਰਿਵਾਰਾਂ ਨੂੰ ਇਸ ਬੇਤਹਾਸ਼ਾ ਮਹਿੰਗਾਈ ਵਿਚ ਕੋਈ ਸਹਾਰਾ ਮਿਲ ਸਕੇ।

## ਪੋਲੀਓ ਬੂੰਦਾਂ ਪਿਲਾਈਆਂ ਗਈਆਂ

ਮਾਛੀਵਾੜਾ ਸਾਹਿਬ, 7 ਮਾਰਚ
-ਕੌਮੀ ਪੱਤ੍ਰਿਕਾ ਬਿਊਰੋ-

ਡਾ. ਜਸਦੇਵ ਸਿੰਘ ਐੱਸ.ਐੱਮ.ਓ ਮਾਛੀਵਾੜਾ ਸਾਹਿਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਪੋਲੀਓ ਬੂੰਦਾਂ ਪਿਲਾਈਆਂ ਗਈਆਂ।ਗਨੀ ਖਾਂ ਨਬੀ ਖਾਂ ਗੇਟ ਮਾਛੀਵਾੜਾ ਸਾਹਿਬ ਵਿਖੇ ਆਂਗਣਵਾੜੀ ਵਰਕਰ ਕੁਲਵੰਤ ਕੌਰ ਨੀਲੋਂ ਵਲੋਂ ਪੋਲੀਓ ਬੂੰਦਾਂ ਪਿਲਾਈਆਂ ਗਈਆਂ ਇਹ ਪੋਲੀਓ ਬੂੰਦਾ 0 ਤੋਂ 5 ਸਾਲ ਦੇ ਬੱਚਿਆਂ ਦੇਸ਼ ਭਰ ਵਿੱਚ ਬੂਥਾਂ ਤੇ ਪਿਲਾਈਆਂ ਜਾ ਰਹੀਆਂ ਹਨ।ਇਹ ਪੋਲੀਓ ਬੂੰਦਾਂ ਦੋ ਦਿਨ ਬੂਥਾਂ ਤੇ ਘਰ ਘਰ ਜਾ ਕੇ ਪਿਲਾਈਆਂ ਜਾਣਗੀਆਂ। ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਕਿ ਬੱਚਿਆਂ ਨੂੰ ਪੋਲੀਓ ਦੀਆਂ ਬੂੰਦਾਂ ਲਾਜ਼ਮੀ ਪਿਲਾਓ।

# ਅਗਰਸੇਨ ਮੈਡੀਕਲ ਕਾਲਜ ਵਿਚ ਸਥਾਪਿਤ ਹੋਵੇਗੀ ਮਹਾਰਾਜਾ ਅਗਰਸੈਨ ਚੇਅਰ : ਮਨੋਹਰ ਲਾਲ ਖੱਟੜ

## ➢ ਅਗਰੋਹਾ ਧਾਮ ਦੀ ਖੁਦਾਈ ਤੇ ਵਿਕਸਿਤ ਕਰਨ ਨੂੰ ਲੈ ਕੇ ਏਐਸਆਈ ਅਤੇ ਪੁਰਾਤੱਤਵ ਵਿਭਾਗ ਦੇ ਵਿਚ ਹੋਇਆ ਐਮਓਯੂ ➢ ਹਿਸਾਰ ਹਵਾਈ ਅੱਡੇ ਵਿਚ ਮਹਾਰਾਜਾ ਅਗਰਸੈਨ ਦੀ ਪ੍ਰਤਿਮਾ ਕੀਤੀ ਜਾਵੇਗੀ ਸਥਾਪਿਤ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਅਗਰੋਹਾ ਵਿਚ ਸਥਿਤ ਮਹਾਰਾਜਾ ਅਗਰਸੇਨ ਮੈਡੀਕਲ ਕਾਲਜ ਵਿਚ ਖੋਜ ਲਈ ਮਹਾਰਾਜਾ ਅਗਰਸੇਨ ਦੇ ਨਾਂਅ 'ਤੇ ਚੇਅਰ ਅਤੇ ਹਿਸਾਰ ਹਵਾਈ ਅੱਡੇ 'ਤੇ ਮਹਾਰਾਜਾ ਅਗਰਸੇਨ ਦੀ ਪ੍ਰਤਿਮਾ ਸਥਾਪਿਤ ਕਰਨ ਦਾ ਐਲਾਨ ਕੀਤਾ।

ਇਹ ਐਲਾਨ ਉਨ੍ਹਾਂ ਨੇ ਦਿੱਲੀ ਸਥਿਤ ਹਰਿਆਣਾ ਭਵਨ ਵਿਚ ਹਿਸਾਰ ਦੇ ਅਗਰੋਹਾ ਵਿਚ ਸਥਿਤ ਪੁਰਾਤੱਤਵ ਸਥਾਨ ਨੂੰ ਵਿਕਸਿਤ ਕਰਨ ਨੂੰ ਲੈ ਕੇ ਭਾਰਤੀ ਪੁਰਾਤੱਤਵ ਸਰਵੇਖਣ (ਏਐਸਆਈ) ਅਤੇ ਹਰਿਆਣਾ ਪੁਰਾਤੱਤਵ ਅਤੇ ਅਜਾਇਬ-ਘਰ ਵਿਭਾਗ ਦੇ ਵਿਚ ਸਮਝੌਤਾ ਮੈਮੋ (ਐਮਓਯੂ) 'ਤੇ ਹਸਤਾਖਰ ਮੌਕੇ 'ਤੇ ਕੀਤੀ। ਇਸ ਸਮਝੌਤਾ ਮੈਮੋ 'ਤੇ ਏਏਸਆਈ ਵੱਲੋਂ ਮਹਾਨਿਦੇਸ਼ਕ ਯਦੂਬੀਰ ਸਿੰਘ ਰਾਵਤ ਅਤੇ ਹਰਿਆਣਾ ਸੈਰ-ਸਪਾਟਾ ਅਤੇ ਵਿਰਾਸਤ ਵਿਭਾਗ ਦੇ ਪ੍ਰਧਾਨ ਸਕੱਤਰ ਸ੍ਰੀ ਐਮਡੀ ਸਿੰਨ੍ਹਾ ਨੇ ਮੁੱਖ ਮੰਤਰੀ ਦੀ ਮੌਜੂਦਗੀ ਵਿਚ ਹਸਤਾਖਰ ਕੀਤੇ। ਇਸ ਮੌਕੇ 'ਤੇ ਹਰਿਆਣਾ ਵਿਧਾਸਭਾ ਸਪੀਕਰ ਅਤੇ ਅਗਰੋਹਾ ਵਿਕਾਸ ਪਰਿਯੋਜਨਾ ਦੇ ਚੇਅਰਮੇਨ ਸ੍ਰੀ ਗਿਆਨਚੰਦ ਗੁਪਤਾ ਅਤੇ ਸ਼ਹਿਰੀ ਸਥਾਨਕ ਲਿਗਮ ਮੰਤਰੀ ਅਤੇ ਅਗਰੋਹਾ ਵਿਕਾਸ ਪਰਿਯੋਜਨਾ ਦੇ ਕੋ ਚੇਅਰਮੈਨ ਡਾ. ਕਮਲ ਗੁਪਤਾ ਵੀ ਮੁੱਖ ਰੂਪ ਨਾਲ ਮੌਜੂਦ ਰਹੇ।



ਮੁੱਖ ਮੰਤਰੀ ਨੇ ਇਸ ਮੌਕੇ 'ਤੇ ਕਿਹਾ ਕਿ ਹਿਸਾਰ ਹਵਾਈ ਅੱਡੇ 'ਤੇ ਮਹਾਰਾਜਾ ਅਗਰਸੇਨ ਦੀ ਪ੍ਰਤਿਮਾ ਸਥਾਪਿਤ ਕੀਤੀ ਜਾਵੇਗੀ ਅਤੇ ਇਹ ਪ੍ਰਤਿਮਾ ਸਮਾਜ ਦੇ ਸਹਿਯੋਗ ਨਾਲ ਨਿਰਮਾਣਤ ਹੋਵੇਗੀ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਕਿਸੇ ਦੀ ਪੀਲ ਕੀਤੇ ਬਿਨ੍ਹਾ ਹੀ ਉਨ੍ਹਾਂ ਨੇ ਹਿਸਾਰ ਵਿਚ ਬਣਾਏ ਗਏ ਵਿਸ਼ਵ ਦੇ ਸੱਭ ਤੋਂ ਵੱਡੇ ਹਵਾਈ ਅੱਡੇ ਦਾ ਨਾਂਅਕਰਣ ਮਹਾਰਾਜਾ ਅਗਰਸੇਨ ਦੇ ਨਾਂਅ 'ਤੇ ਕੀਤਾ ਹੈ।

ਉਨ੍ਹਾਂ ਨੇ ਕਿਹਾ ਕਿ ਮਨੁੱਖ ਸਭਿਆਤਾਵਾਂ ਮੁੱਖ ਰੂਪ ਨਾਲ ਨਦੀਆਂ ਦੇ ਕਿਨਾਰੇ ਵਿਕਸਿਤ ਹੋਈ ਅਤੇ ਅਜਿਹੇ ਪ੍ਰਮਾਣ ਮਿਲੇ ਕੇ ਸਰਸਤੀ ਨਦੀ ਜੋ ਆਦਿਬਦਰੀ (ਯਮੁਨਾਨਗਰ) ਤੋਂ ਕਿਨਕਲਦੀ ਹੈ ਉਸ ਦਾ ਪ੍ਰਵਾਹ ਹਰਿਆਣਾ ਤੋਂ ਹੀ ਹੋ ਕੇ ਜਾਂਦੀ ਸੀ। ਪਹਾੜਾਂ ਵਿਚ ਉਤਖਨਨ ਹੋਣ ਦੀ ਵਜ੍ਹਾ ਨਾਲ ਨਦੀ ਦਾ ਪ੍ਰਵਾਹ ਦੂਜੀ ਨਦੀਆਂ ਵਿਚ ਚਲਾ ਗਿਆ ਹੋਵੇਗਾ, ਪਰ ਸੈਟੇਲਾਇਟ ਤੋਂ ਅਜਿਹੇ ਪ੍ਰਮਾਣ ਪਮਲੇ ਹਨ ਕਿ ਸਰਸਵਤੀ ਨਦੀ ਹਰਿਆਣਾ ਦੇ ਆਦਿਬਦਰੀ ਤੋਂ ਸ਼ੁਰੂ ਹੋ ਕੇ ਰਾਜਸਤਾਨ, ਗੁਜਰਾਤ ਹੁੰਦੇ ਹੋਏ ਸਮੁੰਦਰ ਵਿਚ ਜਾਂਦੀ ਹੈ। ਇਸੀ ਨਦੀ ਦੇ ਕਿਨਾਰੇ ਕਈ ਸ਼ਹਿਰ ਵਸੇ ਹੋਏ ਸਨ, ਜਿਨ੍ਹਾਂ ਵਿੱਚੋਂ ਇਕ ਅਗਰੋਹਾ ਸ਼ਹਿਰ ਵੀ ਸੀ। ਉੱਥੇ ਸ਼ਹਿਰੀ ਅੱਜ ਦੁੱਬ ਗਿਆ ਹੈ ਅਤੇ ਇਹ ਸ਼ਹਿਰ ਵਪਾਰ ਦਾ ਕੇਂਦਰ ਹੁੰਦਾ ਸੀ। ਮੁੱਖ ਮੰਤਰੀ ਨੇ ਕਿਹਾ ਕਿ ਫਤਿਹਾਬਾਦ ਦਾ ਕੁਨਾਲ, ਭਿਰਢਾਨਾ ਬਨਾਵਾਲੀ ਅਤੇ ਹਿਸਾਰ ਦੇ ਰਾਖੀਗੜ੍ਹੀ ਵੀ ਸਰਸਵਤੀ ਦੇ ਕਿਨਾਰੇ ਵਸੇ ਸਥਾਨ ਰਹੇ ਹਨ। ਅਗਰੋਹਾ ਪੁਰਾਤੱਤਵ ਦੀ ਦ੍ਰਿਸ਼ਟੀ ਨਾਲ ਸਾਡੇ ਲਈ ਮਹਤੱਵਪੂਰਨ ਸਕਾਨ ਹੈ, ਜੋ ਦਰਸ਼ਾਉਂਦਾ ਹੈ ਕਿ ਸਾਡਾ ਸਭਿਆਚਾਰ ਖੁਸ਼ਹਾਲ ਰਿਹਾ ਹੈ, ਅਤੇ ਸਮਾਜ ਨੂੰ ਉੱਚਾ ਚੁੱਕਣ ਦਾ ਕੰਮ ਉਦੋਂ ਵੀ ਹੋਇਆ ਹੈ।

ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਇਹ ਮੰਨਿਆਂ ਜਾਂਦਾ ਹੈ ਕਿ ਪੁਰਾਤੱਤਵ ਮਹਤੱਵ ਦੇ ਸਥਾਨ ਸੱਭ ਤੋਂ ਵੱਧ ਭਾਰਤ ਵਿਚ ਹੈ ਅਤੇ ਦੇਸ਼ ਵਿਚ ਹਰਿਆਣਾ ਇਕਲੌਤਾ ਅਜਿਹਾ ਸੂਬਾ ਹੈ ਜਿੱਥੇ ਇਕ ਹਜਾਰ ਤੋਂ ਵੱਧ ਪੁਰਾਤੱਤਵ ਨਾਲ ਸਬੰਧਿਤ ਸਥਾਨ ਹੈ।

ਮੁੱਖ ਮੰਤਰੀ ਨੇ ਅਗਰੋਹਾ ਤੋਂ ਆਪਣੇ ਜੁੜਾਅ ਦਾ ਵਰਨਣ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸੰਗਠਨ ਦੇ ਕਾਰਜ ਦੇ ਲਈ ਅਗਰੋਹਾ ਵਿਚ ਲਗਭਗ ਡੇਢ ਮਹੀਨੇ ਤਕ ਪ੍ਰਵਾਸ ਕੀਤਾ ਸੀ ਅਤੇ ਉਸ ਦੌਰਾਨ ਉਨ੍ਹਾਂ ਨੇ ਟੀਲੇ ਦੇਖੇ, ਫਿਰ ਉੱਥੇ ਦੇ ਲੋਕਾਂ ਤੋਂ ਪਤਾ ਚਲਿਆ ਕਿ ਉੱਥੇ ਪੁਰਾਣਾ ਅਗਰੋਹਾ ਦਬਿਆ ਹੋਇਆ ਹੈ। ਜੋ ਕਿ ਮਹਾਰਾਜਾ ਅਗਰਸੇਨ ਦੀ ਰਾਜਧਾਨੀ ਹੈ। ਵਿਸ਼ਵ ਪ੍ਰਸਿੱਦ ਰਾਖੀਗੜ੍ਹੀ ਇਸ ਯਥਾਨ ਤੋਂ ਸਿਰਫ ਇਕ ਘੰਟੇ ਦੀ ਦੂਰੀ 'ਤੇ ਸਥਿਤ ਹੈ। ਅਗਰੋਹਾ ਖੁਦ ਇਕ ਕਿਲਾ ਹੋਣ ਦਾ ਮਹਤੱਵ ਰੱਖਦਾ ਹੈ ਅਤੇ ਇਸ ਦੇ ਕੋਲ ਪ੍ਰਿਥਵੀਰਾਜ ਅਤੇ ਫਿਰੋਜਸ਼ਾਹ ਦੇ ਸਮੇਂ ਦੀ ਇਤਿਹਾਸਕ ਸਥਾਨ ਵੀ ਮਿਲੇ ਹਨ। ਉਨ੍ਹਾਂ ਨੇ ਕਿਹਾ ਕਿ ਪੁਰਾਣੇ ਅਗਰੋਹਾ ਦੀ ਖੁਦਾਈ ਅਤੇ ਵਿਕਾਸ ਦੇ ਬਾਅਦ ਅਸੀਂ ਪੂਰੀ ਦੁਨੀਆ ਦੇ ਦੇਸ਼ਾਂ ਨੂੰ ਦੱਸ ਪਾਵਾਂਗੇ ਕਿ ਸਾਡਾ ਸਭਿਆਚਾਰ ਬਹੁਤ ਵੱਧ ਖੁਸ਼ਹਾਲ ਰਿਹਾ ਹੈ।

ਉਨ੍ਹਾਂ ਨੇ ਸਬਧਿਤ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦੇ ਹੋਏ ਕਿਹਾ ਕਿ ਪਹਿਲੇ ਪੜਾਅ ਵਿਚ ਜੀਪੀਆਰ ਸਰਵੇ ਦਾ ਕੰਮ ਤੁਰੰਤ ਸ਼ੁਰੂ ਕਰਵਾਇਆ ਜਾਵੇ। ਉਨ੍ਹਾਂ ਨੇ ਅਗਰਗਾਲ ਸਮਾਜ ਅਤੇ ਏਐਸਆਈ ਦੇ ਅਧਿਕਾਰੀਆਂ ਨੂੰ ਭਰੋਸਾ ਦਿੰਦੇ ਹੋਏ ਕਿਹਾ ਕਿ ਹਰਿਆਣਾ ਸਰਕਾਰ ਅਗਰੋਹਾ ਧਾਮ ਨੂੰ ਵਿਕਸਿਤ ਕਰਨ ਵਿਚ ਪੂਰਾ ਸਹਿਯੋਗ ਕਰਗੀ। ਮੁੱਖ ਮੰਤਰੀ ਨੇ ਕਿਹਾ ਕਿ ਖੁਦਾਈ ਬਾਅਦ ਇੱਥੇ ਇਕ ਵਿਸ਼ਾਲ ਅਜਾਇਬਘਰ ਬਣਾਇਆ ਜਾਵੇਗਾ ਜੋ ਕਿ ਸੈਰ-ਸਪਾਟਾ ਦੇ ਮੱਦੇਨਜਰ ਇਤਿਹਾਸਕ ਸਥਾਨ ਹੋਵੇਗਾ। ਇਸ ਦੇ ਵਿਕਾਸ ਲਹੀ ਆਉਣ ਗਾਲੇ ਪੜਾਅ ਜਿਨ੍ਹਾਂ ਵਿਚ ਸੇਨਾਨੀ ਸਵਾਗਤ ਕੇਂਦਰ, ਸਾਇਟ ਵਿਖਿਆਨ ਕੇਂਦਰ ਤੇ ਅਜਾਇਬ ਘਰ (ਮਹਾਭਾਰਤ ਪੈਨੋਰਮਾ), ਤਾਰਾਮੰਡਲ-ਜੋਤੀਅ ਸਮੇਂ ਰੇਖਾ 'ਤੇ ਅਧਾਰਿਤ ਲਾਇਟ ਐਂਡ ਸਾਊਂਡ ਹਮਾਭਾਰਤ ਤੇ ਮਹਾਨ ਰਾਜਾ ਅਗਰਸੇਨ 'ਤੇ ਅਧਾਰਿਤ ਹੋਵੇਗੀ, ਧਿਆਨ ਕੇਂਦਰ ਦੇ ਨਾਲ ਨਾਲੇਜ ਪਾਰਕ ਆਦਿ ਦਾ ਨਿਰਮਾਣ ਕੀਤਾ ਜਾਵੇਗਾ। ਇੰਨ੍ਹਾਂ ਸੱਭ ਯਤਨਾਂ ਨਾਲ ਸਮਾਜਿਕ ਸਭਿਆਚਾਰ ਅਤੇ ਇਤਿਹਾਸਕ ਮੁੱਲਾਂ 'ਤੇ ਜੋਰ ਦਿੱਤਾ ਜਾਵੇਗਾ।

**ਸੀਐਮ ਨੇ ਮਹਾਰਾਜ ਅਗਰਸੇਨ ਨੂੰ ਦਸਿਆ ਭਾਮਾਸ਼ਾਹ**

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਦਾਨਵੀਰ ਵਜੋ ਦੋ ਹੀ ਨਾਂਅ ਸਾਹਮਣੇ ਆਉਂਦੇ ਹਨ- ਦਾਨਵੀਰ ਕਰਣ ਅਤੇ ਮਹਾਰਾਜਾ ਅਗਰਸੇਨ। ਉਨ੍ਹਾਂ ਨੇ ਦਸਿਆ ਕਿ ਮਹਾਰਾਜਾ ਅਗਰਸੇਨ ਸਮਾਜ ਦੇ ਭਾਮਾਸ਼ਾਹ ਰਹੇ ਹਨ। ਇਹੀ ਗੁਣ ਅਗਰਵਾਲ ਤੇ ਵੈਸ਼ਯ ਸਮਾਜ ਵਿਚ ਅੱਜ ਵੀ ਹਨ। ਵੈਸ਼ਯ ਸਮਾਜ ਦੇ ਲੋਕ ਦਾਨ ਦੇਣ ਦੀ ਸੋਚ ਰੱਖਦੇ ਹਨ ਜੋ ਕਿ ਚੰਗੀ ਗੱਲ ਹੈ।

ਇਸ ਮੌਕੇ 'ਤੇ ਹਰਿਆਣਾ ਵਿਧਾਨਸਭਾ ਦੇ ਸਪੀਕਰ ਸ੍ਰੀ ਗਿਆਨਚੰਦ ਗੁਪਤਾ, ਜਿਨ੍ਹਾਂ ਨੇ ਅਗਰੋਹਾ ਵਿਕਾਸ ਪਰਿਯੋਜਨਾ ਦਾ ਚੇਅਰਮੇਨ ਨਾਮਜਦ ਕੀਤਾ ਗਿਆ ਹੈ, ਨੇ ਅਗਰੋਹਾ ਧਾਮ ਨੂੰ ਪੁਰਾਤੱਤਵ ਦੇ ਮੱਦੇਨਜਰ ਵਿਕਸਿਤ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਜਤਾਉਂਦੇ ਹੋਏ ਕਿਹਾ ਕਿ ਸਮਾਜ ਦੀ ਇਹ ਸਾਲਾ ਤੋਂ ਇੱਛਾ ਸੀ ਕਿ ਹਜਾਰਾਂ ਸਾਲ ਪੁਰਾਣੇ ਇਸ ਅਗਰੋਹਾ ਯਥਾਨ ਅਤੇ ਮਹਾਰਾਜਾ ਅਗਰਸੇਨ ਵਰਗੇ ਮਹਾਪੁਰਸ਼ ਦੇ ਬਾਰੇ ਵਿਚ ਲੋਕ ਜਾਣਕਾਰੀ ਪ੍ਰਾਪਤ ਕਰ ਸਕਣ, ਇਸ ਦੇ ਲਈ ਕੁੱਝ ਹੋਣਾ ਚਾਹੀਦਾ ਹੈ। ਅੱਜ ਇਸ ਦਿਸ਼ ਦਿਸ਼ਾ ਵਿਚ ਮੁੱਖ ਮੰਤਰੀ ਦੀ ਅਗਵਾਈ ਹੇਠ ਐਮਓਯੂ ਕੀਤਾ ਗਿਆ ਹੈ।

# ਅਗਰੋਹਾ ਧਾਮ ਅਤੇ ਰਾਖੀਗੜ੍ਹੀ ਲਈ ਦਿੱਲੀ ਅਤੇ ਚੰਡੀਗੜ੍ਹ ਤੋਂ ਚੱਲਣਗੀਆਂ ਵਿਸ਼ੇਸ਼ ਬੱਸਾਂ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਹਰਿਆਣਾ ਦੇ ਇਤਿਹਾਸਕ ਪੁਰਾਤੱਤਵ ਸਥਾਨ ਰਾਖੀਗੜ੍ਹ ਅਤੇ ਅਗਰੋਹਾ ਧਾਮ ਵਿਚ ਦਿਲਚਸਪੀ ਰੱਖਣ ਵਾਲੇ ਲੋਕਾਂ ਲਈ ਬੱਸ ਦੀ ਸਹੂਲਤ ਉਪਲਬਧ ਰਹੇਗੀ। ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਨਵੀਂ ਦਿੱਲੀ ਦੇ ਹਰਿਆਣਾ ਭਵਨ ਵਿਚ ਪ੍ਰਬੰਧਿਤ ਐਮਓਯੂ ਹਸਤਾਖਰ ਪ੍ਰੋਗ੍ਰਾਮ ਦੌਰਾਨ ਚੰਡੀਗੜ੍ਹ ਅਤੇ ਦਿੱਲੀ ਤੋਂ ਬੱਸਾਂ ਚਲਾਏ ਜਾਣ ਦੀ ਸ਼ੁਰੂਆਤ ਕੀਤੀ। ਕੋਈ ਵੀ ਵਿਅਕਤੀ ਯਕੀਨੀ ਫੀਸ ਅਦਾ ਕਰ ਵਿਸ਼ੇਸ਼ ਬੱਸ ਤੋਂ ਇੰਨ੍ਹਾਂ ਇਤਿਹਾਸਕ ਸਥਾਨਾਂ 'ਤੇ ਜਾ ਸਕਦਾ ਹੈ। ਬੱਸ ਚੰਡੀਗੜ੍ਹ ਦੇ ਸੈਕਟਰ-17 ਬੱਸ ਅੱਡੇ ਤੇ ਦਿੱਲੀ ਦੇ ਇੰਟਰ ਸਟੇਟ ਬੱਸ ਅੱਡੇ ਕਸ਼ਮੀਰੀ ਗੇਟ ਤੋਂ ਰਵਾਨਾ ਹੋਣਗੀਆਂ। ਇਹ ਬੱਸਾਂ ਪੂਰੇ ਦਿਨ ਦੇ ਟੂਰ ਦੇ ਤਹਿਤ ਪਹਿਲਾਂ ਰਾਖੀਗੜ੍ਹੀ ਤੋਂ ਪੁਰਾਤੱਤਵ ਨਾਲ ਸਬੰਧਿਤ ਅਜਾਇਬਘਰ ਸਥਾਨ 'ਤੇ ਪਹੁੰਚਣਗੀਆਂ ਅਤੇ ਇਸ ਦੇ ਬਾਅਦ ਅਗਰੋਹਾ ਧਾਮ ਜਾਣਗੀਆਂ। ਇਸ ਸਬੰਧ ਵਿਚ ਵਧੇਰੇ ਜਾਣਕਾਰੀ ਲਈ 9896981775 'ਤੇ ਪ੍ਰਾਪਤ ਕੀਤੀ ਜਾ ਸਕਦੀ ਹੈ। ਇੱਥੇ ਇਹ ਦੱਸ ਦੇਣ ਕਿ ਭਾਰਤ ਦੀ ਸੱਭ ਤੋਂ ਪੁਰਾਣੀ ਸਭਿਅਤਾਵਾਂ ਵਿੱਚੋਂ ਇਕ ਸਿੰਧੂ ਘਾਟੀ ਦੀ ਸਭਿਆਤਾ ਦੇ ਪ੍ਰਮਾਣ ਰਾਖੀਗੜ੍ਹੀ ਦੀ ਖੁਦਾਈ ਦੇ ਦੌਰਾਨ ਮਿਲੇ ਹਨ। ਭਾਰਤੀ ਪੁਰਾਤੱਤਵ ਨਾਲ ਜੁੜਿਆ ਇਹ ਇਕ ਅਹਿਮ ਸਥਾਨ ਹੈ। ਅਗਰੋਹਾ ਧਾਮ ਵੀ ਇਕ ਇਤਿਹਾਸਕ ਸਥਾਨ ਹੈ ਅਤੇ ਉੱਥੇ ਵੀ ਇਕ ਸ਼ਾਨਦਾਰ ਅਜਾਇਬਘਰ ਵਿਕਸਿਤ ਕੀਤਾ ਜਾਵੇਗਾ, ਜੋ ਹਰਿਆਣਾ ਦੇ ਇਤਿਹਾਸਕ ਅਤੇ ਸਭਿਆਚਾਰਕ ਖਜਾਨੇ ਨੂੰ ਸੰਰਖਤ ਅਤੇ ਪੇਸ਼ ਕਰਨ ਦਾ ਕੇਂਦਰ ਹੋਵੇਗਾ। ਰਾਖੀਗੜ੍ਹੀ ਅਤੇ ਅਗਰੋਹਾ ਧਾਮ ਦਾ ਦੌਰਾ ਇਕ ਵਿਦਿਅਕ ਤਜਰਬਾ ਦੇ ਸਮਾਨ ਹੋਵੇਗਾ ਅਤੇ ਇਕ ਸਭਿਆਚਾਰ ਅਤੇ ਇਤਿਹਾਸਕ ਡੇਸਟੀਨੇਸ਼ਨ ਵਜੋ ਅਗਰੋਹਾ ਦੇ ਮਹਤੱਵ ਨੂੰ ਪ੍ਰੋਤਸਾਹਨ ਦਵੇਗਾ।

# ਕਲਾਕ੍ਰਿਤੀ ਭਵਨ ਵਿੱਚ ਨਾਟਕ 'ਜਬ ਰੋਸ਼ਨੀ ਹੋਤੀ ਹੈ' ਖੇਡਿਆ



**ਸ਼ਾਹਬਾਦ ਮਾਰਕੰਡਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਕਲਾ ਪ੍ਰਿਸ਼ਦ ਦੀ ਹਫਤਾਵਾਰੀ ਸ਼ਾਮ ਦੌਰਾਨ ਚੰਡੀਗੜ੍ਹ ਦੇ ਕਲਾਕਾਰਾਂ ਨੇ ਕਲਾਕ੍ਰਿਤੀ ਭਵਨ ਵਿੱਚ ਨਾਟਕ 'ਜਬ ਰੋਸ਼ਨੀ ਹੋਤੀ ਹੈ' ਦਾ ਮੰਚਨ ਕੀਤਾ। ਇਸ ਦੌਰਾਨ ਗੀਤਾ ਵਿੱਦਿਆ ਮੰਦਿਰ ਦੇ ਮੈਨੇਜਰ ਰਾਜੇਸ਼ ਗੋਇਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਤੇ ਪ੍ਰਧਾਨਗੀ ਵਿੱਦਿਆ ਭਾਰਤੀ ਦੇ ਜ਼ਿਲ੍ਹਾ ਕੋਆਰਡੀਨੇਟਰ ਤੇ ਕੇ ਡੀਬੀ ਮੈਂਬਰ ਅਸ਼ੋਕ ਰੋਸ਼ਾ ਨੇ ਕੀਤੀ। ਇਹ ਨਾਟਕ ਬਨਿੰਦਰਜੀਤ ਸਿੰਘ ਵੱਲੋਂ ਨਿਰਦੇਸ਼ਿਤ ਕੀਤਾ ਗਿਆ ਹੈ। ਇੰਪੈਕਟ ਆਰਟਸ ਚੰਡੀਗੜ੍ਹ ਦੇ ਕਲਾਕਾਰਾਂ ਵਲੋਂ ਪੇਸ਼ ਕੀਤੇ ਗਏ ਇਸ ਨਾਟਕ ਵਿਚ ਰਾਜੇ ਵਲੋਂ ਆਪਣੇ ਇਲਾਕੇ ਦੇ ਲੋਕਾਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਨੂੰ ਦਰਸਾਇਆ ਗਿਆ ਹੈ।

ਆਪਣੀ ਬਾਦਸ਼ਾਹਤ ਨੂੰ ਦਰਸਾਉਂਦੇ ਹੋਏ ਉਹ ਆਪਣੀ ਪਰਜਾ ਨੂੰ ਤੰਗ ਕਰਦਾ ਹੈ ਤੇ ਉਨ੍ਹਾਂ ਨੂੰ ਦਬਾਉਣ ਦੀ ਹਰ ਸੰਭਵ ਕੋਸ਼ਿਸ਼ ਕਰਦਾ ਹੈ। ਲੋਕਾਂ ਨੂੰ ਨਾ ਤਾਂ ਚੰਗਾ ਖਾਣਾ ਖਾਣ ਤੇ ਨਾ ਹੀ ਚੰਗੇ ਕੱਪੜੇ ਪਾਉਣ ਨੂੰ ਦਿੱਤੇ ਜਾਂਦੇ ਸਨ। ਇਕ ਦਿਨ ਇਕ ਸੱਚਾ ਆਦਮੀ ਆਉਂਦਾ ਹੈ ਤੇ ਉਹ ਰਾਜੇ ਨੂੰ ਸੱਚ ਦੱਸਣ ਦੀ ਕੋਸ਼ਿਸ਼ ਕਰਦਾ ਹੈ। ਸੱਚਾ ਮਨੁੱਖ ਲੋਕਾਂ ਨੂੰ ਜਗਾਉਂਦਾ ਹੈ ਅਤੇ ਰਾਜੇ ਪ੍ਰਤੀ ਬਗਾਵਤ ਸ਼ੁਰੂ ਕਰ ਦਿੰਦਾ ਹੈ ਜਿਸ ਕਰਕੇ ਰਾਜਾ ਪ੍ਰੇਸ਼ਾਨ ਹੋ ਜਾਂਦਾ ਹੈ ਤੇ ਉਸ ਵਿਅਕਤੀ ਨੂੰ ਮਾਰਨ ਦਾ ਹੁਕਮ ਦਿੰਦਾ ਹੈ। ਆਖਰ ਵਿਚ ਲੋਕ ਸੱਚੇ ਆਦਮੀ ਦਾ ਸਮਰਥਨ ਕਰਦੇ ਹਨ ਤੇ ਰਾਜੇ ਦਾ ਵਿਰੋਧ ਕਰਦੇ ਹਨ। ਇਸ ਤਰਾਂ ਝੂਠ 'ਤੇ ਸੱਚ ਦੀ ਜਿੱਤ ਹੋ ਜਾਂਦੀ ਹੈ। ਦਰਸ਼ਕਾਂ ਵਲੋਂ ਕਲਾਕਾਰਾਂ ਤੇ ਨਿਰਦੇਸ਼ਕ ਦੀ ਭਰਪੂਰ ਸ਼ਲਾਘਾ ਕੀਤੀ ਗਈ। ਕਲਾਕਾਰਾਂ ਵਿਚ ਸੌਰਭ, ਸੁਮਿਤ ਸੁਆਮੀ, ਰਜਤ, ਅੰਮ੍ਰਿਤਪਾਲ ਸਿੰਘ, ਕ੍ਰਿਸ਼ਨਾ, ਦਾਨਿਸ਼, ਸ਼ਰਨ, ਜਤਨ, ਨੇਹਾ ਧੀਮਾਨ, ਨਵੀਨ ਅਰੋੜਾ, ਪ੍ਰਨੀਤ ਕੌਰ, ਏਕਮ ਚਰਨਜੀਤ ਸਿੰਘ,ਹਰਵਿੰਦਰ ਸਿੰਘ, ਕਮਲਦੀਪ ਕੌਰ, ਗਗਨਦੀਪ ਸ਼ਿਵਮ, ਗੁਰਵਿੰਦਰ ਆਦਿ ਸ਼ਾਮਲ ਸਨ। ਅੰਤ ਵਿਚ ਨਾਟਕ ਨਿਰਦੇਸ਼ਕ ਬਨਿੰਦਰਜੀਤ ਸਿੰਘ ਨੂੰ ਮੁੱਖ ਮਹਿਮਾਨ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਮੰਚ ਦਾ ਸੰਚਾਲਨ ਮੀਡੀਆ ਇੰਚਾਰਜ ਵਿਕਾਸ ਸ਼ਰਮਾ ਨੇ ਬਾਖੂਬੀ ਕੀਤਾ।

# ਮੋਦੀ ਦੀ ਗਾਰੰਟੀ ਸਿਰਫ ਝੂਠ ਦਾ ਪ੍ਰਚਾਰ: ਕੁਮਾਰੀ ਸ਼ੈਲਜਾ



**ਏਲਨਾਬਾਦ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਏਲਨਾਬਾਦ ਵਿਧਾਨ ਸਭਾ ਹਲਕੇ ਦੇ ਪਿੰਡ ਚੌਪਟਾ ਦੀ ਅਨਾਜ ਮੰਡੀ ਵਿੱਚ ਅੱਜ ਸਰਪੰਚ ਐਸੋਸੀਏਸ਼ਨ ਹਰਿਆਣਾ ਦੀ ਪ੍ਰਧਾਨ ਸ਼ੰਤੋਸ ਬੈਨੀਵਾਲ ਦੀ ਅਗਵਾਈ ਵਿੱਚ ਕਾਂਗਰਸ ਸੰਦੇਸ਼ ਰੈਲੀ ਕੀਤੀ ਗਈ।

ਇਸ ਵਿੱਚ ਸਾਬਕਾ ਕੈਬਨਿਟ ਮੰਤਰੀ ਕੁਮਾਰੀ ਸ਼ੈਲਜਾ ਨੇ ਸ਼ਿਰਕਤ ਕੀਤੀ। ਇਸ ਦੌਰਾਨ ਸੰਬੋਧਿਨ ਕਰਦਿਆ ਕੁਮਾਰੀ ਸ਼ੈਲਜਾ ਨੇ ਆਖਿਆ ਕਿ ਦੇਸ਼ ਵਿੱਚ ਚੋਣਾਂ ਦੇ ਮਾਹੌਲ ਨੂੰ ਵੇਖਦਿਆਂ ਹਰ ਪਾਸੇ ਮੋਦੀ ਦੀ ਗਾਰੰਟੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਭਾਜਪਾ ਵਲੋਂ ਕੋਈ ਅਜਿਹੀ ਗਾਰੰਟੀ ਨਹੀਂ ਗਿਣਾਈ ਜਾ ਰਹੀ ਜੋ ਪੂਰੀ ਕੀਤੀ ਗਈ ਹੋਵੇ। ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਾਲਾ ਧਨ ਵਾਪਸ ਲਿਆਉਣ ਅਤੇ ਲੋਕਾਂ ਦੇ ਖਾਤਿਆਂ ਵਿੱਚ 15-15 ਲੱਖ ਰੁਪਏ ਭੇਜਣ ਦੀ ਗਾਰੰਟੀ ਦਿੱਤੀ ਗਈ ਸੀ।

ਕਿਸਾਨਾਂ ਨੂੰ ਐਮਐਸਪੀ ਦੀ ਗਾਰੰਟੀ ਦੇ ਕੇ ਅੰਦੋਲਨ ਖਤਮ ਕਰਵਾਇਆ ਗਿਆ ਪਰ ਜਦੋਂ ਗਾਰੰਟੀ ਪੂਰੀ ਨਹੀਂ ਹੋਈ ਤਾਂ ਕਿਸਾਨ ਫਿਰ ਅੰਦੋਲਨ ਕਰਨ ਲਈ ਮਜਬੂਰ ਹੋਏ ਪਰ ਇਸ ਦੌਰਾਨ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਣ ਲਈ ਸੜਕਾਂ ਬੰਦ ਕਰ ਦਿੱਤੀਆ ਗਈਆ ਅਤੇ ਗੋਲੀਆਂ ਚਲਾਈਆਂ ਗਈਆਂ।

ਉਨ੍ਹਾਂ ਕਿਹਾ ਕਿ ਅੱਜ ਦੇਸ਼ ਵਿੱਚ ਬੇਰੁਜ਼ਗਾਰੀ ਵੱਧ ਰਹੀ ਹੈ, ਸਰਕਾਰੀ ਨੌਕਰੀਆਂ ਨੂੰ ਖਤਮ ਕੀਤਾ ਜਾ ਰਿਹਾ ਹੈ। ਅੰਬਾਨੀ-ਅਡਾਨੀ ਦੀ ਆਮਦਨੀ ਜ਼ਰੂਰ ਵਧੀ ਹੈ, ਜਦੋਂਕਿ ਕਿਸਾਨ-ਮਜ਼ਦੂਰ, ਕਰਮਚਾਰੀ ਆਪਣੀਆਂ ਪਾਸੇ ਮੋਦੀ ਦੀ ਗਾਰੰਟੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਪਰ ਭਾਜਪਾ ਵਲੋਂ ਕੋਈ ਅਜਿਹੀ ਗਾਰੰਟੀ ਨਹੀਂ ਗਿਣਾਈ ਜਾ ਰਹੀ ਜੋ ਪੂਰੀ ਕੀਤੀ ਗਈ ਹੋਵੇ। ਉਨ੍ਹਾਂ ਕਿਹਾ ਕਿ ਭਾਜਪਾ ਵਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਕਾਲਾ ਮੰਗਾਂ ਲਈ ਸੜਕਾਂ 'ਤੇ ਧਰਨੇ-ਪ੍ਰਦਰਸ਼ਨ ਕਰ ਰਹੇ ਹਨ। ਕੁਮਾਰੀ ਸ਼ੈਲਜਾ ਨੇ ਕਿਹਾ ਕਿ ਕਾਂਗਰਸ ਦੀ ਸਰਕਾਰ ਬਣਨ 'ਤੇ ਐਮਐਸਪੀ ਦੀ ਕਾਨੂੰਨੀ ਗਾਰੰਟੀ ਦਿੱਤੀ ਜਾਵੇਗੀ।

# 'ਸਵੱਛ ਹਰਿਆਣਾ, ਸਵੱਛ ਭਾਰਤ' ਤਹਿਤ ਫਰੀਦਾਬਾਦ ਹਾਫ ਮੈਰਾਥਨ



**ਫਰੀਦਾਬਾਦ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸੂਰਜਕੁੰਡ ਕੈਂਪਸ ਤੋਂ 'ਸਵੱਛ ਹਰਿਆਣਾ-ਸਵੱਛ ਭਾਰਤ' ਥੀਮ ਨੂੰ ਸਮਰਪਿਤ ਫਰੀਦਾਬਾਦ ਹਾਫ ਮੈਰਾਥਨ ਕਰਵਾਈ ਗਈ। ਮੈਰਾਥਨ ਵਿੱਚ ਵੱਖ-ਵੱਖ ਵਰਗਾਂ ਵਿੱਚ 50 ਹਜ਼ਾਰ ਤੋਂ ਵੱਧ ਦੌੜਾਕਾਂ ਨੇ ਭਾਗ ਲਿਆ, ਜਦੋਂ ਕਿ 15 ਤੋਂ 20 ਹਜ਼ਾਰ ਲੋਕਾਂ ਨੇ ਈਵੈਂਟ ਨਾਲ ਸਬੰਧਤ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ। ਮੈਰਾਥਨ ਦੀ ਸ਼ੁਰੂਆਤ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਹਰੀ ਝੰਡੀ ਦਿਖਾ ਕੇ ਕੀਤੀ। ਇਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਮੈਰਾਥਨ ਸਬੰਧੀ ਕੀਤੇ ਗਏ ਪ੍ਰਬੰਧਾਂ ਨੇ ਦੌੜਾਕਾਂ ਦੇ ਉਤਸ਼ਾਹ ਨੂੰ ਹੋਰ ਵੀ ਵਧਾ ਦਿੱਤਾ। ਹਾਫ ਮੈਰਾਥਨ ਵਿੱਚ ਸਾਬਕਾ ਮੁੱਕੇਬਾਜ਼ ਮੈਰੀਕੌਮ ਤੇ ਕੌਮਾਂਤਰੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਵੀ ਸਟੇਜ ਤੋਂ ਭਾਗੀਦਾਰਾਂ ਦਾ ਹੌਸਲਾ ਵਧਾਇਆ। ਮੈਰੀਕੌਮ ਨੇ ਕਿਹਾ ਕਿ ਨੌਜਵਾਨਾਂ ਨੂੰ ਜ਼ਿੰਦਗੀ ਵਿਚ ਟੀਚੇ ਲੈ ਕੇ ਅੱਗੇ ਵਧਣਾ ਚਾਹੀਦਾ ਹੈ। ਸਫਲਤਾ ਦਾ ਰਸਤਾ ਸਖ਼ਤ ਸੰਘਰਸ਼ ਨਾਲ ਹੀ ਆਸਾਨ ਹੋ ਜਾਂਦਾ ਹੈ, ਇਹ ਸਭ ਤੁਹਾਡੀ ਮਿਹਨਤ ਨਾਲ ਹੀ ਸੰਭਵ ਹੋ ਸਕਦਾ ਹੈ। ਅਰਜੁਨ ਐਵਾਰਡ ਜੇਤੂ ਮਨੂ ਭਾਕਰ ਨੇ ਨੌਜਵਾਨਾਂ ਨੂੰ ਅਜਿਹੇ ਸਮਾਗਮਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਅੱਜ ਭਾਰਤ ਖੇਡਾਂ ਸਮੇਤ ਹਰ ਖੇਤਰ ਵਿੱਚ ਅੱਗੇ ਹੈ। ਇਸ ਦੌਰਾਨ ਹਾਜ਼ਰ ਵਿਦਿਆਰਥੀਆਂ ਨੇ ਸਟੇਜ ਤੋਂ ਗੱਤਕੇ ਸਮੇਤ ਵੱਖ-ਵੱਖ ਸੱਭਿਆਚਾਰਕ ਪ੍ਰੋਗਰਾਮਾਂ ਦੀ ਸ਼ਾਨਦਾਰ ਪੇਸ਼ਕਾਰੀ ਕੀਤੀ। ਦੂਜੇ ਪਾਸੇ ਸੂਰਜਕੁੰਡ 'ਚ ਆਯੋਜਿਤ ਹਾਫ ਮੈਰਾਥਨ ਦੌਰਾਨ 90 ਸਾਲਾ ਸ਼ੰਕਰੀ ਦੇਵੀ ਨੇ 5 ਕਿਲੋਮੀਟਰ ਰਨ ਫਾਰ ਫਨ ਮੈਰਾਥਨ 'ਚ ਹਿੱਸਾ ਲੈ ਕੇ ਆਪਣੀ ਸਿਹਤਮੰਦ ਜੀਵਨ ਸ਼ੈਲੀ ਦਾ ਸਬੂਤ ਦਿੱਤਾ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਭਾਗ ਲੈਣ ਵਾਲੀ ਬਜ਼ੁਰਗ ਔਰਤ ਸ਼ੰਕਰੀ ਦੇਵੀ ਨੂੰ ਮੰਚ 'ਤੇ ਬੁਲਾ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਜਵਾਨੀ ਦਾ ਜਜ਼ਬਾ ਉਮਰ ਵਿਚ ਨਹੀਂ ਆਉਂਦਾ ਅਤੇ ਬਜ਼ੁਰਗ ਸ਼ੰਕਰੀ ਦੇਵੀ ਨੇ 5 ਕਿਲੋਮੀਟਰ ਦੀ ਦੂਰੀ ਤੈਅ ਕਰਕੇ ਇਹ ਸਾਬਤ ਕਰ ਦਿੱਤਾ ਹੈ।

# ਨੰਬਰਦਾਰਾਂ ਵੱਲੋਂ ਖੱਟਰ ਸਰਕਾਰ ਨੂੰ ਚਿਤਾਵਨੀ



**ਸ਼ਾਹਬਾਦ ਮਾਰਕੰਡਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਬੈਨ ਅਨਾਜ ਮੰਡੀ ਦੇ ਆਰਾਮ ਘਰ ਵਿਚ ਅੱਜ ਨੰਬਰਦਾਰ ਐਸੋਸੀਏਸ਼ਨ ਦੀ ਇਕ ਵਿਸ਼ੇਸ਼ ਮੀਟਿੰਗ ਹੋਈ। ਮੀਟਿੰਗ ਵਿੱਚ ਬਲਾਕ ਪ੍ਰਧਾਨ ਨਰੇਸ਼ ਕੁਮਾਰ ਨੇ ਕਿਹਾ ਕਿ ਨੰਬਰਦਾਰ ਪਿਛਲੇ ਲੰਮੇ ਸਮੇਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ ਪਰ ਸਰਕਾਰ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਨਾ ਕਰ ਕੇ ਨੰਬਰਦਾਰਾਂ ਨੂੰ ਨਜ਼ਰਅੰਦਾਜ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਨੰਬਰਦਾਰਾਂ ਦੀਆਂ ਮੰਗਾਂ ਪੂਰੀਆਂ ਨਾ ਕੀਤੀਆਂ ਤਾਂ ਨੰਬਰਦਾਰ ਲੋਕ ਸਭਾ ਚੋਣਾਂ ਵਿਚ ਭਾਜਪਾ ਤੇ ਜਜਪਾ ਦੇ ਉਮੀਦਵਾਰਾਂ ਦਾ ਵਿਰੋਧ ਕਰਨਗੇ। ਉਨ੍ਹਾਂ ਕਿਹਾ ਕਿ ਜੋ ਪਾਰਟੀ ਤੇ ਸਰਕਾਰ ਨੰਬਰਦਾਰਾਂ ਦਾ ਸਮਰਥਨ ਕਰੇਗੀ ਉਹ ਉਸ ਦਾ ਸਾਥ ਦੇਣਗੇ। ਉਨ੍ਹਾਂ ਕਿਹਾ ਕਿ ਜ਼ਿਆਦਾਤਰ ਨੰਬਰਦਾਰ ਤੇ ਕਿਸਾਨ ਪੇਡੂੰ ਖੇਤਰ ਦੇ ਹੀ ਹੁੰਦੇ ਹਨ ਤੇ ਸਰਕਾਰ ਕਿਸਾਨਾਂ ਨੂੰ ਵੀ ਨਜ਼ਰਅੰਦਾਜ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨ ਦੀ ਫਸਲ ਭਾਵੇਂ ਆਲੂ ਹੋਵੇ ਜਾਂ ਕੋਈ ਹੋਰ ਫਸਲ, ਉਨ੍ਹਾਂ ਦੀਆਂ ਫਸਲਾਂ ਦਾ ਵਾਜਬ ਭਾਅ ਨਾ ਮਿਲਣ ਕਰਕੇ ਉਸ ਨੂੰ ਭਾਰੀ ਨੁਕਸਾਨ ਝੱਲਣਾ ਪੈ ਰਿਹਾ ਹੈ।

ਉਨ੍ਹਾਂ ਕਿਹਾ ਕਿ ਉਹ ਸਾਰੇ ਭਾਰਤੀ ਕਿਸਾਨ ਯੂਨੀਅਨ ਦਾ ਸਮਰਥਨ ਕਰਦੇ ਹਨ ਤੇ ਜਦ ਵੀ ਉਹ ਸਹਿਯੋਗ ਲਈ ਕਹਿਣਗੇ ਉਨ੍ਹਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹੋਣਗੇ। ਉਨ੍ਹਾਂ ਕਿਹਾ ਕਿ ਨੰਬਰਦਾਰਾਂ ਨੂੰ ਪਿਛਲੇ ਤਿੰਨ ਮਹੀਨੇ ਤੋਂ ਉਨ੍ਹਾਂ ਦਾ ਮਹੀਨਾਵਾਰ ਭੱਤਾ ਵੀ ਨਹੀਂ ਮਿਲ ਰਿਹਾ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ 2018 ਵਿਚ ਨੰਬਰਦਾਰਾਂ ਨੂੰ ਆਯੂਸ਼ਮਾਨ ਨਾਲ ਜੋੜਨ ਦਾ ਫੈਸਲਾ ਲਿਆ ਸੀ ਪਰ ਹੁਣ ਤਕ ਉਨ੍ਹਾਂ ਨੂੰ ਆਯੂਸ਼ਮਾਨ ਕਾਰਡ ਮੁਹੱਈਆ ਨਹੀਂ ਕਰਾਏ ਗਏ। ਇਸ ਮੌਕੇ ਉਪਦੇਸ਼ ਸ਼ਰਮਾ, ਮੀਤ ਪ੍ਰਧਾਨ ਪ੍ਰਮਿੰਦਰ ਸਿੰਘ ਆਦਿ ਮੌਜੂਦ ਸਨ।

# ਸੰਸਦ ਮੈਂਬਰ ਸੁਨੀਤਾ ਦੁੱਗਲ ਵੱਲੋਂ ਵਿਕਾਸ ਕਾਰਜਾਂ ਦਾ ਉਦਘਾਟਨ



**ਰਤੀਆ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਸਿਰਸਾ ਤੋਂ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਐਮਪੀ ਫੰਡ ਵਿੱਚੋਂ 12.65 ਕਰੋੜ ਰੁਪਏ ਦੀ ਲਾਗਤ ਵਾਲੇ ਵਿਕਾਸ ਪ੍ਰਾਜੈਕਟਾਂ ਦਾ ਨੀਂਹ ਪੱਥਰ ਰੱਖਿਆ ਅਤੇ ਉਦਘਾਟਨ ਕੀਤਾ। ਇਨ੍ਹਾਂ ਪ੍ਰਾਜੈਕਟਾਂ ਵਿੱਚ ਸਿੰਜਾਈ, ਬਿਜਲੀ, ਸੜਕਾਂ, ਜਲ ਸਪਲਾਈ, ਰੇਲਵੇ ਤੇ ਉਦਯੋਗ ਸਮੇਤ ਕਈ ਮਹੱਤਵਪੂਰਨ ਖੇਤਰ ਸ਼ਾਮਲ ਹਨ।

ਉਦਘਾਟਨੀ ਸਮਾਰੋਹ ਵਿੱਚ ਪਹੁੰਚਣ 'ਤੇ ਸੰਸਦ ਮੈਂਬਰ ਸੁਨੀਤਾ ਦੁੱਗਲ ਅਤੇ ਵਿਧਾਇਕ ਲਛਮਣ ਨਾਪਾ ਦਾ ਅਧਿਕਾਰੀਆਂ ਅਤੇ ਲੋਕਾਂ ਵੱਲੋਂ ਸਵਾਗਤ ਕੀਤਾ ਗਿਆ।

ਜਾਣਕਾਰੀ ਅਨੁਸਾਰ ਵਿਕਾਸ ਪ੍ਰਾਜਕੈਟਾਂ ਸਬੰਧੀ ਗੁਰੂ ਨਾਨਕ ਅਕੈਡਮੀ ਵਿੱਚ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਸੰਸਦ ਮੈਂਬਰ ਨੇ 257 ਵਿਕਾਸ ਪ੍ਰਾਜੈਕਟਾਂ ਦਾ ਉਦਘਾਟਨ ਕੀਤਾ।

ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਕਿਹਾ ਕਿ ਫਤਿਹਾਬਾਦ ਜ਼ਿਲ੍ਹਾ ਵਿਕਾਸ ਦੇ ਰਾਹ 'ਤੇ ਤੇਜ਼ੀ ਨਾਲ ਅੱਗੇ ਵੱਧ ਰਿਹਾ ਹੈ। ਇਸ ਦੌਰਾਨ ਉਨ੍ਹਾਂ ਪਿੰਡ ਰੱਤਾਖੇੜਾ, ਕਲੋਠਾ ਅਤੇ ਸੁਖਮਨਪੁਰ ਵਿੱਚ ਓਪਨ ਜਿਮ ਦਾ ਨੀਂਹ ਪੱਥਰ ਰੱਖਿਆ।

ਪਿੰਡ ਭੜੋਲਾਵਾਲੀ ਵਿੱਚ ਗੁਰਦੁਆਰਾ ਸਾਹਿਬ ਤੱਕ ਗਲੀ ਦਾ ਉਦਘਾਟਨ, ਪਿੰਡ ਬਾੜਾ ਵਿੱਚ ਪੰਚਾਇਤ ਘਰ ਵਿੱਚ ਜਿਮ ਦਾ ਉਦਘਾਟਨ, ਜੱਲੋਪੁਰ ਵਿੱਚ ਲੋਹੇ ਦਾ ਸ਼ੈੱਡ ਬਣਾਇਆ। ਇਸੇ ਤਰ੍ਹਾਂ ਪੰਚਾਇਤ ਘਰ ਕਮਾਣਾ ਵਿੱਚ ਲਾਇਬ੍ਰੇਰੀ ਲਈ ਫਰਨੀਚਰ ਦੀ ਖਰੀਦ ਅਤੇ ਸ਼ੈੱਡ ਦਾ ਉਦਘਾਟਨ, ਸਰਦਾਰੇਵਾਲਾ ਵਿੱਚ ਬੀਸੀ ਚੌਪਾਲ ਦਾ ਉਦਘਾਟਨ ਕੀਤਾ। ਇਸੇ ਤਰ੍ਹਾਂ ਜੰਡਵਾਲਾ ਸੋਤਰਾ ਵਿੱਚ ਓਪਨ ਜਿਮ ਦਾ ਉਦਘਾਟਨ, ਮਾਣਕਪੁਰ ਵਿੱਚ ਗਲੀ ਦਾ ਉਦਘਾਟਨ, ਕੁੱਕੜਵਾਲੀ ਵਿੱਚ ਢੀਂਗਸਰਾ ਰੋਡ ਤੋਂ ਮਨੀਰਾਮ ਕੀ ਢਾਣੀ ਤੱਕ 7 ਏਕੜ ਵਾਲੀ ਗਲੀ ਦਾ ਉਦਘਾਟਨ ਤੇ ਮਲਹਾਰ ਵਿੱਚ ਓਪਨ ਜਿਮ ਦਾ ਉਦਘਾਟਨ ਕੀਤਾ।

ਇਸ ਮੌਕੇ ਸੰਸਦ ਮੈਂਬਰ ਨੇ ਹਰਿਆਣਾ ਦੇ ਜੇਤੂ ਗਤਕਾ ਖਿਡਾਰੀਆਂ ਨੂੰ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਹਰਿਆਣਾ ਰਾਜ ਦੇ ਗਤਕਾ ਖਿਡਾਰੀਆਂ ਨੇ ਕੌਮੀ ਪੱਧਰ 'ਤੇ ਖੇਡਾਂ ਵਿੱਚ ਜਿੱਤ ਹਾਸਲ ਕਰਕੇ ਹਰਿਆਣਾ ਦਾ ਨਾਮ ਰੌਸ਼ਨ ਕੀਤਾ ਹੈ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮੁੱਖ ਮੰਤਰੀ ਮਨੋਹਰ ਲਾਲ ਦੀ ਅਗਵਾਈ ਹੇਠ ਵਿਕਾਸ ਭਾਰਤ ਯਾਤਰਾ ਦੌਰਾਨ ਗਰੀਬ ਲੋਕਾਂ ਨੂੰ ਰਾਸ਼ਨ ਕਾਰਡ, ਬੁਢਾਪਾ ਪੈਨਸ਼ਨ, ਉੱਜਵਲਾ ਯੋਜਨਾ ਤਹਿਤ ਸਿਲੰਡਰ, ਆਯੂਸ਼ਮਾਨ ਕਾਰਡ ਅਤੇ ਮੁਫ਼ਤ ਦਵਾਈਆਂ ਵੰਡੀਆਂ ਗਈਆਂ ਹਨ। ਕਿਸਾਨਾਂ ਨੂੰ ਪ੍ਰਧਾਨ ਮੰਤਰੀ ਸਨਮਾਨ ਨਿਧੀ ਯੋਜਨਾ ਤਹਿਤ ਲਾਭ ਦਿੱਤਾ ਜਾ ਰਿਹਾ ਹੈ।

ਸਰਕਾਰ ਨੇ 1 ਲੱਖ 80 ਹਜ਼ਾਰ ਰੁਪਏ ਦੀ ਆਮਦਨ ਵਾਲੇ ਗਰੀਬ ਪਰਿਵਾਰਾਂ ਦੇ ਬੱਚਿਆਂ ਦੀ ਸਕੂਲ ਫੀਸ ਮੁਆਫ ਕਰ ਦਿੱਤੀ ਹੈ। ਇਸ ਦੇ ਨਾਲ ਹੀ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਬਾਰ ਐਸੋਸੀਏਸ਼ਨ ਦੇ ਵਕੀਲਾਂ ਅਤੇ ਮੈਂਬਰਾਂ ਦੀਆਂ ਸਮੱਸਿਆਵਾਂ ਸੁਣੀਆਂ। ਰਤੀਆ ਦੇ ਵਿਧਾਇਕ ਲਛਮਣ ਨਾਪਾ ਨੇ ਸਮੂਹ ਇਲਾਕਾ ਨਿਵਾਸੀਆਂ ਨੂੰ ਐਮਪੀ ਫੰਡ ਵਿੱਚੋਂ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਕਾਮਨਾ ਕੀਤੀ ਅਤੇ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀ ਅਗਵਾਈ ਵਿੱਚ ਦੇਸ਼ ਅਤੇ ਸੂਬੇ ਵਿੱਚ ਸਰਬਪੱਖੀ ਅਤੇ ਤੇਜ਼ੀ ਨਾਲ ਵਿਕਾਸ ਕਾਰਜ ਕੀਤੇ ਜਾ ਰਹੇ ਹਨ ਤੇ ਵਿਕਾਸ ਕਾਰਜਾਂ ਵਿੱਚ ਕਿਸੇ ਕਿਸਮ ਦਾ ਵਿਤਕਰਾ ਨਹੀਂ ਕੀਤਾ ਜਾਵੇਗਾ।

ਇਸ ਮੌਕੇ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਡਾ. ਰਵਿੰਦਰ ਬਲਿਆਲਾ, ਰਤੀਆ ਦੇ ਐੱਸਡੀਐੱਮ ਜਗਦੀਸ਼ ਚੰਦਰ, ਐਕਸੀਅਨ ਕੇ.ਸੀ. ਕੰਬੋਜ, ਇਸ ਦੇ ਨਾਲ ਹੀ ਸੰਸਦ ਮੈਂਬਰ ਸੁਨੀਤਾ ਦੁੱਗਲ ਨੇ ਬਾਰ ਐਸੋਸੀਏਸ਼ਨ ਦੇ ਵਕੀਲਾਂ ਅਤੇ ਮੈਂਬਰਾਂ ਦੀਆਂ ਸਮੱਸਿਆਵਾਂ ਸੁਣੀਆਂ। ਰਤੀਆ ਦੇ ਵਿਧਾਇਕ ਲਛਮਣ ਨਾਪਾ, ਐੱਸ.ਡੀ.ਓ. ਮਾਨ ਸਿੰਘ, ਪ੍ਰਿੰਸੀਪਲ ਜਸਬੀਰ ਕੌਰ ਤੇ ਪ੍ਰਿੰਸੀਪਲ ਗਤਕਾ ਕਸ਼ਮੀਰ ਸਿੰਘ ਆਦਿ ਹਾਜ਼ਰ ਸਨ।

# ਸਵੱਛ ਹਰਿਆਣਾ-ਸਵੱਛ ਭਾਰਤ ਥੀਮ ਨੂੰ ਸਮਰਪਿਤ ਹੋਈ ਫਰੀਦਾਬਾਦ ਦੀ ਹਾਫ ਮੈਰਾਥਨ

## ➢ ਸੂਰਜਕੁੰਡ ਪਰਿਸਰ ਤੋਂ ਮੁੱਖ ਮੰਤਰੀ ਮਨੋਹਰ ਲਾਲ ਨੇ ਹਾਫ ਮੈਰਾਥਲ ਨੂੰ ਕੀਤਾ ਫਲੈਗ ਆਫ

## ➢ ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਫਿੱਟ ਇੰਡੀਆ ਮੂਵਮੈਂਟ ਵਿਚ ਪ੍ਰੇਰਣਾ ਲੈਣ ਦੀ ਕੀਤੀ ਅਪੀਲ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਨਵੇਂ ਸੰਕਲਪ ਦੇ ਨਾਲ ਸਾਰਿਆਂ ਨੂੰ ਸਵੱਛਤਾ ਦੀ ਦਿਸ਼ਾ ਵਿਚ ਕਦਮ ਵਧਾਉਂਦੇ ਹੋਏ ਸੁਖਦ ਵਾਤਾਵਰਣ ਦੀ ਕਲਪਣਾ ਨੂੰ ਸਾਕਾਰ ਕਰਨਾ ਹੈ। ਅੱਜ ਫਰੀਦਾਬਾਦ ਵਿਚ ਪ੍ਰਬੰਧਿਤ ਹਾਫ ਮੈਰਾਥਨ ਸਵੱਛ ਹਰਿਆਣਾ-ਸਵੱਛ ਭਾਰਤ ਨੂੰ ਸਮਰਪਿਤ ਹੈ, ਉਹ ਖੁਦ ਸਵੱਛਤਾ ਸੈਨਿਕ ਦੀ ਭੂਮਿਕਾ ਨਿਭਾਉਂਦੇ ਹੋਏ ਸੂਬਾਵਾਸੀਆਂ ਦੇ ਨਾਲ ਸਵੱਛ ਹਰਿਆਣਾ ਬਨਾਉਣ ਲਈ ਅੱਗੇ ਵੱਧਣਗੇ। ਮੁੱਖ ਮੰਤਰੀ ਐਤਵਾਰ ਦੀ ਸਵੇਰੇ ਫਰੀਦਾਬਾਦ ਦੇ ਸੂਰਜਕੁੰਡ ਪਰਿਸਰ ਵਿਚ ਮੈਰਾਥਨ ਦੀ ਵੱਖ-ਵੱਖ ਸ਼੍ਰੇਣੀਆਂ ਨੂੰ ਫਲੈਗ ਆਫ ਕਰਨ ਦੌਰਾਨ ਹਜਾਰਾਂ ਦੀ ਗਿਣਤੀ ਵਿਚ ਮੌਜੂਦ ਪ੍ਰਤੀਭਾਗੀਆਂ ਨਾਲ ਸਿੱਧਾ ਸੰਵਾਦ ਕਰ ਰਹੇ ਸਨ। ਉਨ੍ਹਾਂ ਨੇ ਹਾਫ ਮੈਰਾਥਨ ਸਮੇਤ 10 ਤੇ 5 ਕਿਲੋਮੀਟਰ ਤੇ ਦਿਵਆਂਗਾਂ ਦੀ ਮੈਰਾਥਨ ਦੇ ਜੇਤੂ ਪ੍ਰਤੀਭਾਗੀਆਂ ਨੂੰ ਸਨਮਾਨਿਤ ਵੀ ਕੀਤਾ।

ਮੁੱਖ ਮੰਤਰੀ ਨੇ ਫਰੀਦਾਬਾਦ ਹਾਫ ਮੈਰਾਥਨ ਨੂੰ ਸਵੱਛਤਾ ਨੂੰ ਸਮਰਪਿਤ ਕਰਦੇ ਹੋਏ ਕਿਹਾ ਕਿ ਸਵੱਛਤਾ ਸਾਡੇ ਜੀਵਨ ਦਾ ਅਭਿੰਨ ਹਿੱਸਾ ਹੈ। ਅਸੀਂ ਜੇਕਰ ਆਪਣੇ ਨੇੜੇ ਸਾਫ ਸਫਾਈ ਰੱਖਾਂਗੇ ਤਾਂ ਇਸ ਨਾਲ ਸਾਡੀ ਸਿਹਤ ਵੀ ਠੀਕ ਰਹੇਗੀ। ਮੁੱਖ ਮੰਤਰੀ ਨੇ ਸਵੱਛਤਾ ਨੂੰ ਸਵਭਾਵ ਬਨਾਉਣ 'ਤੇ ਜੋਰ ਦਿੰਦੇ ਹੋਏ ਕਿਹਾ ਕਿ ਗੰਦਗੀ ਕਿਸੇ ਵੀ ਸਭਿਅ ਸਮਾਜ ਦਾ ਪੈਮਾਨਾ ਨਹੀਂ ਹਨ। ਅਜਿਹੇ ਵਿਚ ਸਾਨੂੰ ਸਾਰਿਆਂ ਨੂੰ ਇਹ ਸਮੂਹਿਕ ਯਤਨ ਕਰਨਾ ਹੈ ਕਿ ਅਸੀਂ ਆਪਣੇ ਨੇੜੇ ਸਵੱਛਤਾ ਨੂੰ ਬਰਕਰਾਰ ਰੱਖਦੇ ਹੋਏ ਸਵੱਛ ਤੇ ਸਿਹਤਮੰਦ ਹਰਿਆਣਾ ਦੇ ਨਾਲ-ਨਾਲ ਸਵੱਛ ਭਾਰਤ ਦੇ ਮਾਰਗ 'ਤੇ ਅੱਗੇ ਵੱਧਣ। ਮੁੱਖ ਮੰਤਰੀ ਨੇ ਇਸ ਦੌਰਾਨ ਮੌਜੂਦ ਜਨਸਮੂਹ ਤੋਂ ਨੇੜੇ ਕੂੜਾ ਮੁਕਤ ਮਾਹੌਲ ਰੱਖਨ ਲਈ ਸਵੱਛਤਾ ਸੈਨਿਕ ਬਨਣ ਦਾ ਸੰਕਲਪ ਲੈਣ ਦੀ ਅਪੀਲ ਵੀ ਕੀਤੀ।

**ਫਰੀਦਾਬਾਦ ਦਾ ਸਾਲਾਨਾ ਇਵੇਂਟ ਬਣਿਆ ਹਾਫ ਮੈਰਾਥਨ, ਅਕਤੂਬਰ ਦੇ ਪਹਿਲੇ ਐਤਵਾਰ ਨੂੰ ਹੈਪੀ ਸੰਡੇ ਬਨਾਉਣ ਦਾ ਐਲਾਨ**

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਫਰੀਦਾਬਾਦ ਹਾਫ ਮੈਰਾਥਨ ਵਿਚ ਹਜਾਰਾਂ ਦੀ ਗਿਣਤੀ ਵਿਚ ਸ਼ਾਮਿਲ ਪ੍ਰਤੀਭਾਗੀਆਂ ਨਾਲ ਸਿੱਧਾ ਸੰਵਾਦ ਕਰਦੇ ਹੋਏ ਐਲਾਨ ਕੀਤਾ ਕਿ ਗੁਰੂਗ੍ਰਾਮ ਵਿਚ ਹਰਕੇ ਸਾਲ ਫਰਵਰੀ ਦੇ ਆਖੀਰੀ ਐਤਵਾਰ ਨੂੰ ਪ੍ਰਬੰਧਿਤ ਕੀਤੀ ਜਾਣ ਵਾਲੀ ਫੁੱਲ ਮੈਰਾਥਨ ਦੀ ਤਰਜ 'ਤੇ ਹੁਣ ਭਵਿੱਖ ਵਿਚ ਫਰੀਦਾਬਾਦ ਵਿਚ ਵੀ ਅਕਤੂਬਰ ਮਹੀਨੇ ਦੇ ਪਹਿਲੇ ਐਤਵਾਰ ਨੂੰ ਫਰੀਦਾਬਾਦ ਹਾਫ ਮੈਰਾਥਨ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਨੇ ਕਿਹਾ ਕਿ ਇੰਨ੍ਹਾਂ ਦੋਵਾਂ ਸ਼ਹਿਰਾਂ ਵਿਚ 6 ਮਹੀਨੇ ਦੇ ਅੰਤਰਾਲ 'ਤੇ ਇੰਨ੍ਹਾਂ ਦੋਵਾਂ ਸਾਲਾਨਾ ਇਵੇਂਟ ਦਾ ਪ੍ਰਬੰਧ ਸਕਾਰਾਤਮਕ ਉਦੇਸ਼ ਨਾਲ ਹੋਵੇਗਾ, ਜਿਸ ਨਾਲ ਹਰ ਵਰਗ ਨੂੰ ਸਾਰਥਕ ਸੰਦੇਸ਼ ਦਿੱਤਾ ਜਾਵੇਗਾ। ਉੱਥੇ ਹੀ ਸੂਬੇ ਦੇ ਹੋਰ ਵੱਡੇ ਸ਼ਹਿਰਾਂ ਵਿਚ ਵੀ ਇਸੀ ਤਰ੍ਹਾ ਦੇ ਪ੍ਰਬੰਧ ਕਰਵਾਉਣ ਦੀ ਰੂਪਰੇਖਾ ਤਿਆਰ ਕੀਤੀ ਜਾਵੇਗੀ।

**ਹਰਿਆਣਾ ਦੇ ਗੌਰਵ ਪ੍ਰੋਗ੍ਰਾਮ ਪ੍ਰਬੰਧ ਦਾ ਹੋਇਆ ਐਲਾਨ, ਸੂਬੇ ਦੀ ਲੁਕੀ ਹੋਈ ਪ੍ਰਤੀਭਾਵਾਂ ਨੂੰ ਮਿਲੇਗਾ ਪ੍ਰੋਤਸਾਹਨ**

ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਫਰੀਦਾਬਾਦ ਜਿਲ੍ਹਾ ਵਿਚ ਪ੍ਰਬੰਧਿਤ ਹਾਫ ਮੈਰਾਥਨ ਵਿਚ ਉਮੜੇ ਜਨਸਮੂਹ ਨੂੰ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਹਰਿਆਣਾ ਸਰਕਾਰ ਵੱਖ-ਵੱਖ ਖੇਤਰਾਂ ਵਿਚ ਵਰਨਣਯੋਗ ਪ੍ਰਦਰਸ਼ਨ ਕਰਨ ਵਾਲੇ ਪ੍ਰਤਿਭਾਵਨਾ ਨੌਜੁਆਨਾਂ ਨੂੰ ਪ੍ਰੋਤਸਾਹਿਤ ਕਰਨ ਲਈ ਇਕ ਨਵੇਂ ਪ੍ਰੋਗ੍ਰਾਮ ਦੀ ਸ਼ੁਰੂਆਤ ਕਰਨ ਜਾ ਰਹੀ ਹੈ। ਉਨ੍ਹਾਂ ਨੇ ਮੁੱਖ ਸੂਚੀ ਵਿਚ ਹਰਿਆਣਾ ਦੇ ਗੌਰਵ ਪ੍ਰੋਗ੍ਰਾਮ ਨਾਲ ਸਬੰਧਿਤ ਪੋਸਟ ਦਾ ਵਿਮੋਚਨ ਕਰਦੇ ਹੋਏ ਦਸਿਆ ਕਿ ਇਹ ਪ੍ਰਬੰਧ ਹਰਿਆਣਾ ਸੂਬੇ ਦੇ ਸੱਭ ਤੋਂ ਵੱਡਾ ਟੈਲੇਂਟ ਹੰਟ ਪ੍ਰੋਗ੍ਰਾਮ ਹੋਵੇਗਾ ਜੋ ਕਿ ਆਉਣ ਵਾਲੀ ਮਈ ਮਹੀਨੇ ਵਿਚ ਸ਼ੁਰੂ ਹੋਵੇਗਾ। ਇਹ ਪ੍ਰੋਗ੍ਰਾਮ ਹਰਿਆਣਾ ਸੂਬੇ ਦੀ ਵੱਖ-ਵੱਖ ਖੇਤਰਾਂ ਵਿਚ ਲੁਕੀ ਹੋਈ ਪ੍ਰਤਿਭਾਵਾਂ ਨੂੰ ਉਨ੍ਹਾਂ ਦਾ ਕੌਸ਼ਲ ਦਿਖਾਉਣ ਦਾ ਇਕ ਮਜਬੂਤ ਮੰਚ ਹੋਵੇਗਾ।

**ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਦੇ ਫਿੱਟ ਇੰਡੀਆ ਮੂਵਮੈਂਟ ਨਾਲ ਪ੍ਰੇਰਣਾ ਲੈਣ ਦੀ ਕੀਤੀ ਅਪੀਲ**

ਮੁੱਖ ਮੰਤਰੀ ਨੇ ਪ੍ਰਤੀਭਾਗੀਆਂ ਨੂੰ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਮੌਜੂਦਾ ਵਿਚ ਅਸੀਂ ਆਪਣੀ ਵਿਅਸਤ ਰੋਜਨਾ ਜਿੰਦਗੀ ਤੋਂ ਤਨਾਅ ਘੱਟ ਕਰਨ ਲਈ ਆਪਣੇ ਤੇ ਪਰਿਵਾਰ ਲਈ ਸਮੇਂ ਜਰੂਰ ਕੱਢਣਾ ਹੈ ਅਤੇ ਇਸ ਤਰ੍ਹਾ ਦੇ ਪ੍ਰਬੰਧ ਹਰ ਵਰਗ ਨੂੰ ਨਵੀਂ ਉਰਜਾ ਦਾ ਸੰਚਾਰ ਕਰਨ ਵਿਚ ਸਹਿਭਾਗੀ ਹੁੰਦੇ ਹਨ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਫਿੱਟ ਇੰਡੀਆ ਮੂਵਮੈਂਟ ਤੇ ਯੋਗ ਤੋਂ ਪ੍ਰੇਰਣਾ ਲੈਣ ਦੀ ਅਪੀਲ ਕਰਦੇ ਹੋਏ ਕਿਹਾ ਕਿ ਦੇਸ਼ ਦਾ ਯੁਵਾ ਜੇਕਰ ਫਿੱਟ ਰਹੇਗਾ ਤਾਂ ਦੇਸ਼ ਦਾ ਭਵਿੱਖ ਵੀ ਉਜਵਲ ਹੋਵੇਗਾ। ਉਨ੍ਹਾਂ ਨੇ ਦਸਿਆ ਕਿ ਪ੍ਰਧਾਨ ਮੰਤਰੀ ਦੇ ਯਤਨਾਂ ਨਾਲ ਸਾਲ 2015 ਵਿਚ ਯੋਗ ਨੂੰ ਮਿਲੀ ਕੌਮਾਂਤਰੀ ਪਹਿਚਾਣ ਨਾਲ ਲੋਕਾਂ ਦੀ ਮਾਨਸਿਕਤਾ ਵਿਚ ਬਦਲਾਅ ਆਇਆ ਹੈ ਅਤੇ ਹੁਣ ਲੋਕ ਯੋਗ ਨੂੰ ਜੀਵਨ ਦਾ ਹਿੱਸਾ ਬਨਾਉਂਦੇ ਹੋਏ ਸਿਹਤਮੰਦ ਸੁਧਾਰ ਵਿਚ ਮੋਹਰੀ ਬਣ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਸੂਬਾਵਾਸੀਆਂ ਦੇ ਸੁੱਖਦ ਭਵਿੱਖ ਦੇ ਲਈ ਵੱਖ-ਵੱਖ ਗਤੀਵਿਧੀਆਂ ਰਾਹਗਿਰੀ, ਸਾਇਕਲੋਥਾਨ ਸਮੇਤ ਮੈਰਾਥਨ ਦਾ ਪ੍ਰਬੰਧ ਕਰਦੇ ਹੋਏ ਆਮਜਨਤਾ ਨੂੰ ਤਨਾਅ ਮੁਕਤ ਬਨਾਉਣ ਤੇ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਲਈ ਲੋਕਾਂ ਨੂੰ ਜਾਗਰੁਕ ਰਕਨ ਵਿਚ ਆਪਣੀ ਜਿਮੇਵਾਰੀ ਨਿਭਾ ਰਹੀ ਹੈ।

**ਮੁੱਖ ਮੰਤਰੀ ਨੇ ਮੈਰਾਥਨ ਦੇ ਟ੍ਰੈਕ 'ਤੇ ਪਹੁੰਚ ਕੇ ਵਧਾਇਆ ਪ੍ਰਤੀਭਾਗੀਆਂ ਦਾ ਉਤਸਾਹ**

ਮੁੱਖ ਮੰਤਰੀ ਸ੍ਰਾਜ ਨੂੰ ਸਾਰਥਕ ਸੰਦੇਸ਼ ਦੇਣ ਵਾਲੇ ਪ੍ਰਬੰਧਾਂ ਵਿਚ ਖੁਦ ਕਿਸੇ ਤਰ੍ਹਾ ਸਹਿਭਾਗੀ ਬਣਦੇ ਹਨ ਇਸ ਦਾ ਵਿਲੱਖਣ ਨਜਾਰਾ ਫਰੀਦਾਬਾਦ ਹਾਫ ਮੈਰਾਥਨ ਵਿਚ ਦੇਖਣ ਨੂੰ ਮਿਲਿਆ। ਮੈਰਾਥਨ ਦੀ 10 ਕਿਲੋਮੀਟਰ ਦੀ ਸ਼੍ਰੇਣੀ ਤੇ 5 ਕਿਲੋਮੀਟਰ ਫਨ ਰਨ ਦੀ ਸ਼੍ਰੇਣੀ ਵਿਚ ਸ਼ਾਮਿਲ ਹਜਾਰਾਂ ਪ੍ਰਤੀਭਾਗੀਆਂ ਨੂੰ ਫਲੈਗ ਆਫ ਕਰਨ ਬਾਅਦ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਖੁਦ ਖੁਲੀ ਜੀਪ ਵਿਚ ਸਵਾਰ ਹੋ ਕੇ ਮੈਰਾਥਨ ਟ੍ਰੈਕ ਤੇ ਪਹੁੰਚੇ ਤੇ ਦੌੜ ਰਹੇ ਰਨਰਸ ਦਾ ਉਤਸਾਹ ਵਧਾਇਆ।

**ਬਰਸਾਤ ਦੇ ਬਾਵਜੂਦ ਫਰੀਦਾਬਾਦ ਦੀ ਹਾਫ ਮੈਰਾਥਨ ਵਿਚ ਉਮੜਿਆ ਜਨਸਮੂਹ**

ਬਰਸਾਤ ਦੇ ਬਾਵਜੂਦ ਸੂਰਜਕੁੰਡ ਪਰਿਸਰ ਤੋਂ ਪ੍ਰਬੰਧਿਤ ਹਾਫ ਮੈਰਾਥਨ ਵਿਚ ਪ੍ਰਤੀਭਾਗੀਆਂ ਵਿਚ ਅਪਾਰ ਉਤਸਾਹ ਦੇਖਨ ਨੂੰ ਮਿਲਿਆ। ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਮੈਰਾਥਨ ਨੂੰ ਲੈ ਕੇ ਕੀਤੇ ਗਏ ਪੁਖਤਾ ਪ੍ਰਬੰਧਾਂ ਨੇ ਧਾਵਕਾਂ ਦੇ ਜੋ ਨੂੰ ਹੋਰ ਵਧਾ ਦਿੱਤਾ। ਇਸ ਮੈਰਾਥਨ ਦੇ ਵੱਖ-ਵੱਖ ਸ਼੍ਰੇਣੀਆਂ ਵਿਚ 50 ਹਜਾਰ ਤੋਂ ਵੱਧ ਧਾਵਕਾਂ ਦੀ ਭਾਗੀਦਾਰੀ ਰਹੀ। ਉੱਥੇ 15 ਤੋਂ 20 ਹਜਾਰ ਲੋਕ ਇਵੇਂਟ ਨਾਲ ਜੁੜੇ ਵੱਖ-ਵੱਖ ਪ੍ਰਬੰਧਾਂ ਵਿਚ ਨਜਰ ਆਏ। ਮੁੱਖ ਮੰਤਰੀ ਨੇ ਜੈ ਇੰਦਰ ਦੇਵਤਾ ਦੇ ਨਾਲ ਜੈ ਸ੍ਰੀਰਾਮ ਦੇ ਨਾਰੇ ਦੇ ਨਾਲ ਪ੍ਰਤੀਭਾਗੀਆਂ ਨੂੰ ਹੈਪੀ ਸੰਡੇ ਵਿਚ ਨਵੇਂ ਜੋਸ਼ ਦੇ ਨਾਲ ਭਾਗੀਦਾਰ ਬਨਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਵੱਖ-ਵੱਖ ਸੂਬਿਆਂ ਦੇ ਧਾਵਕਾਂ ਦੀ ਸਹਿਭਾਗਤਾ ਤੋਂ ਇਹ ਭਾਰਤ ਨੂੰ ਜੋੜਨ ਵਾਲਾ ਪ੍ਰਬੰਧ ਬਣ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਜੀਵਨ ਨੂੰ ਸੁਰੱਖਿਅਤ ਤੇ ਸਿਹਤਮੰਦ ਰੱਖਣ ਲਈ ਇਸ ਤਰ੍ਹਾ ਦੇ ਪ੍ਰਬੰਧ ਬਹੁਤ ਜਰੂਰੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਤਰ੍ਹਾ ਦੇ ਪ੍ਰਬੰਧ ਸਾਨੂੰ ਜੀਵਨ ਵਿਚ ਹਰ ਲੰਮ੍ਹੇ ਕੁੱਝ ਨਵਾਂ ਕਰਨ ਦੀ ਪ੍ਰੇਰਣਾ ਦਿੰਦੇ ਹਨ।

**ਜਾਗਰੁਕਤਾ ਪ੍ਰੋਗ੍ਰਾਮ ਬਣ ਰਹੇ ਹਨ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦਾ ਸਰੋਤ**

ਮੁੱਖ ਮੰਤਰੀ ਨੇ ਇਕ ਸਾਰਥਕ ਸੰਦੇਸ਼ ਦੇ ਨਾਲ ਹਰਿਆਣਾ ਵਿਚ ਲਗਾਤਾਰ ਹੋ ਰਹੇ ਵੱਖ-ਵੱਖ ਪ੍ਰਬੰਧਾਂ ਦਾ ਵਰਨਣ ਕਰਦੇ ਹੋਏ ਕਿਹਾ ਕਿ ਇਸ ਤਰ੍ਹਾ ਦੇ ਪ੍ਰਬੰਧ ਸਮਾਜਿਕ ਬੁਰਾਈਆਂ ਤੋਂ ਦੂਰ ਰਹਿਣ ਦਾ ਮਜਬੂਤ ਸਰੋਤ ਬਣ ਰਹੇ ਹਨ। ਸੂਬੇ ਵਿਚ ਨਸ਼ੇ ਵਰਗੀ ਬੁਰਾਈਆਂ ਨੂੰ ਖਤਮ ਕਰਨ ਦੇ ਲਈ ਸਿਰਸਾ ਵਿਚ ਪ੍ਰਬੰਧਿਤ ਪ੍ਰੋਗ੍ਰਾਮ ਵਿਚ 60 ਹਜਾਰ ਲੋਕਾਂ ਦੀ ਸਹਿਭਾਗਤਾ ਰਹੀ। ਉੱਥੇ ਸੂਬੇ ਵਿਚ ਬੇਟੀ ਬਚਾਓ-ਬੇਟੀ ਪੜਾਓ ਮੁਹਿੰਮ ਨੂੰ ਗਤੀ ਦੇਣ ਲਈ ਪਾਣੀਪਤ ਵਿਚ ਪ੍ਰਬੰਧਿਤ ਦੌੜ ਵਿਚ 40 ਹਜਾਰ ਤੋਂ ਵੱਧ ਮਹਿਲਾਵਾਂ ਨੇ ਹਿੱਸਾ ਲਿਆ ਸੀ। ਇਸ ਤਰ੍ਹਾ ਸੜਕ ਸੁਰੱਖਿਆ ਦੇ ਪ੍ਰਤੀ ਜਾਗਰੁਕਤਾ ਲਿਆਉਣ ਦੇ ਲਹੀ ਯਮੁਨਾਨਗਰ ਵਿਚ ਵੀ ਇਸੀ ਤਰ੍ਹਾ ਦਾ ਪ੍ਰਬੰਧ ਕੀਤਾ ਗਿਆ ਹੈ।

**ਬਾਕਸਰ ਪਦਮ ਭੂਸ਼ਨ ਅਵਾਰਡੀ ਮੈਰੀ ਕਾਮ ਅਤੇ ਕੌਮਾਂਤਰੀ ਸ਼ੂਟਰ ਮਨੂ ਭਾਕਰ ਨੇ ਵਧਾਇਆ ਉਤਸਾਹ**

ਹਾਫ ਮੈਰਾਥਨ ਵਿਚ ਬਾਕਸਰ ਪਦਮ ਭੂਸ਼ਨ ਅਵਾਰਡੀ ਮੈਰੀ ਕਾਮ ਅਤੇ ਕੌਮਾਂਤਰੀ ਸ਼ੂਟਰ ਮਨੂ ਭਾਕਰ ਨੇ ਵੀ ਸਟੇਜ ਤੋਂ ਪ੍ਰਤੀਭਾਗੀਆਂ ਦਾ ਉਤਸਾਹ ਵਧਾਇਆ। ਖਿਡਾਰੀ ਮੈਰਾਕਾਮ ਨੇ ਕਿਹਾ ਕਿ ਨੌਜੁਆਨਾਂ ਨੂੰ ਟੀਚਾ ਲੈ ਕੇ ਜੀਵਨ ਵਿਚ ਅੱਗੇ ਵੱਧਣਾ ਚਾਹੀਦਾ ਹੈ। ਮੁਸ਼ਕਲ ਸੰਘਰਸ਼ ਤੋਂ ਹੀ ਸਫਲਤਾ ਦੀ ਰਾਹ ਆਸਾਨ ਹੁੰਦੀ ਹੈ, ਇਹ ਸੱਭ ਤੁਹਾਡੀ ਮਿਹਨਤ ਨਾਲ ਸੰਭਵ ਹੋ ਸਕਦਾ ਹੈ। ਉਨ੍ਹਾਂ ਨੇ ਪ੍ਰੋਗ੍ਰਾਮ ਦੇ ਸਫਲ ਪ੍ਰਬੰਧ ਲਹੀ ਸੂਬਾ ਸਰਕਾਰ ਦਾ ਧੰਨਵਾਦ ਪ੍ਰਗਟਾਇਆ। ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਦੀ ਅਗਵਾਈ ਹੇਠ ਸਰਕਾਰ ਖੇਡਾਂ ਅਤੇ ਇਸ ਤਰ੍ਹਾ ਦੀ ਮੈਰਾਥਨ ਦਾ ਪ੍ਰਬੰਧ ਕਰ ਨੌਜੁਅ ਪੀੜੀ ਨੂੰ ਖੇਡਾਂ ਦੇ ਵੱਲ ਵਧਾਉਣਾ ਹੈ। ਅਰਜੁਨ ਅਵਾਰਡ ਜੇਤੂ ਸ਼ੂਟਰ ਖਿਡਾਰੀ ਮਨੂ ਭਾਕਰ ਨੇ ਨੌਜੁਆਨਾਂ ਨੂੰ ਇਸ ਤਰ੍ਹਾ ਦੇ ਪ੍ਰਬੰਧ ਵਿਚ ਹਿੱਸਾ ਲੈਣ ਲਹੀ ਪ੍ਰੇਰਿਤ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜ ਭਾਰਤ ਖੇਡਾਂਸਮੇਤ ਹਰ ਖੇਤਰ ਵਿਚ ਅੱਗੇ ਹੈ, ਸਾਨੂੰ ਸ਼ਰੀਰਿਕ ਰੂਪ ਨਾਲ ਫਿੱਟ ਹਨ, ਤਾਂ ਹੀ ਇੰਡੀਆ ਹਿੱਟ ਹੈ। ਇਸ ਦੌਰਾਨ ਮੰਚ ਤੋਂ ਪ੍ਰਤੀਭਾਗੀਆਂ ਨੇ ਗਤਕਾ ਸਮੇਤ ਵੱਖ-ਵੱਖ ਸਭਿਟਾਚਾਰਕ ਪ੍ਰੋਗ੍ਰਾਮਾਂ ਦੀ ਬਿਹਤਰੀਨ ਪੇਸ਼ਗੀ ਦਿੱਤੀ।

## ਅਜ਼ਾਨ



ਮਸਜਿਦਾਂ ਵਿਚ ਨਮਾਜ਼ ਅਦਾ ਕਰਨ ਤੋਂ ਪਹਿਲਾਂ ਅਜ਼ਾਨ ਦੇਣ ਦੀ ਰਵਾਇਤ ਹੈ। ਅਜ਼ਾਨ ਦਾ ਮਕਸਦ ਆਸ-ਪਾਸ ਦੇ ਮੁਸਲਿਮ ਸਮਾਜ ਦੇ ਲੋਕਾਂ ਨੂੰ ਸੂਚਨਾ ਦੇਣਾ ਹੁੰਦਾ ਹੈ ਕਿ ਨਮਾਜ਼ ਦਾ ਵਕਤ ਹੋ ਗਿਆ ਹੈ, ਉਹ ਮਸਜਿਦ ਵਿਚ ਪਹੁੰਚ ਜਾਣ। ਅਜ਼ਾਨ ਦੇਣ ਦੀ ਪਰੰਪਰ ਹਜ਼ਰਤ ਮੁਹੰਮਦ ਸਾਹਿਬ ਦੇ ਸਮੇਂ ਤੋਂ ਹੀ ਪ੍ਰਚਲਿਤ ਹੈ। ਮਦੀਨਾ ਵਿਖੇ ਮੱਕਾ ਫ਼ਤਹਿ ਹੋਣ ਤੋਂ ਪਹਿਲਾਂ ਅਤੇ ਮੱਕੇ ਦੀ ਫ਼ਤਹਿ ਤੋਂ ਬਾਅਦ ਮੱਕਾ ਵਿਖੇ ਹਜ਼ਰਤ ਬਿਲਾਲ ਨੂੰ ਅਜ਼ਾਨ ਦੇਣ ਦੀ ਹਿਦਾਇਤ ਸੀ। ਅਜ਼ਾਨ ਦੇ ਸ਼ਬਦਾਂ ਨੂੰ ਮੁਸਲਿਮ ਸਮਾਜ ਦੇ ਲੋਕ ਭਲੀ-ਭਾਂਤ ਜਾਣਦੇ ਹਨ। ਇਨ੍ਹਾਂ ਸ਼ਬਦਾਂ ਨਾਲ ਅੱਲਾਹ ਦੀ ਵਰਦਾਨੀਅਤ ਅਤੇ ਅੱਲਾਹ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਦੀ ਰਿਸਾਲਤ ਦਾ ਜ਼ਿਕਰ ਹੁੰਦਾ ਹੈ। ਕਿਹਾ ਜਾਂਦਾ ਹੈ ਕਿ ਅੱਲਾਹ ਸਭ ਤੋਂ ਵੱਡਾ ਹੈ ਅਤੇ ਉਸ ਤੋਂ ਸਿਵਾਏ ਕੋਈ ਇਸ਼ਟ ਨਹੀ ਹੈ। ਨਮਾਜ਼ ਵੱਲ ਆਉਣਾ ਕਾਮਯਾਬੀ ਵੱਲ ਆਉਣਾ ਹੈ। ਅਜ਼ਾਨ ਦੇ ਅਲਫ਼ਾਜ਼ ਅਰਬੀ ਭਾਸ਼ਾ ਦੇ ਹੁੰਦੇ ਹਨ। ਅਜ਼ਾਨ ਦੇਣ ਵਾਲੇ ਨੂੰ 'ਮੁਅੱਜ਼ਿਨ' ਕਿਹਾ ਜਾਂਦਾ ਹੈ।

• ਪ੍ਰੋ. ਗੁਰਚਰਨ ਸਿੰਘ ਤਲਵਾੜਾ
94634-63193

## ਬੋਧ ਕਥਾ

### ਆਤਮਬਲ

ਇਕ ਵਾਰ ਭਗਵਾਨ ਮਹਾਵੀਰ ਕਿਸੇ ਪਿੰਡ ਜਾ ਰਹੇ ਸਨ। ਉਨ੍ਹਾਂ ਦਾ ਚੇਲਾ ਗੋਸ਼ਾਲਕ ਵੀ ਉਨ੍ਹਾਂ ਦੇ ਨਾਲ ਸੀ। ਰਸਤੇ ਦੇ ਇਕ ਕੰਢੇ ਉੱਗੇ ਹੋਏ ਇਕ ਬੂਟੇ ਨੂੰ ਵੇਖ ਕੇ ਗੋਸ਼ਾਲਕ ਨੇ ਆਪਣੇ ਗੁਰੂ ਨੂੰ ਪੁੱਛਿਆ, "ਮਹਾਰਾਜ! ਇਸ ਬੂਟੇ ਉੱਪਰ ਫੁੱਲ ਖਿੜੇਗਾ ਕਿ ਨਹੀਂ?" ਮਹਾਵੀਰ ਇਕ ਡੂੰਘੀ ਨਜ਼ਰ ਬੂਟੇ ਨੂੰ ਵਖਦੇ ਰਹੇ ਅਤੇ ਫਿਰ ਆਖਿਆ, "ਹਾਂ, ਇਸ ਉੱਪਰ ਫੁੱਲ ਜ਼ਰੂਰ ਖਿੜੇਗਾ।"



ਗੋਸ਼ਾਲਕ ਨੇ ਉਸੇ ਵੇਲੇ ਅੱਗੇ ਵਧ ਕੇ ਉਸ ਬੂਟੇ ਨੂੰ ਜੜ੍ਹੋਂ ਪੁੱਟ ਕੇ ਪਰ੍ਹੇ ਸੁੱਟ ਦਿੱਤਾ ਤੇ ਹੱਸ ਕੇ ਪੁੱਛਿਆ, "ਹੁਣ ਇਸ ਉੱਪਰ ਫੁੱਲ ਕਿਸ ਤਰ੍ਹਾਂ ਖਿੜੇਗਾ?" ਮਹਾਵੀਰ ਨੇ ਕੁਝ ਨਹੀ ਕਿਹਾ ਤੇ ਚੁੱਪਚਾਪ ਆਪਣੇ ਰਾਹ ਤੁਰ ਪਏ। ਜਿਸ ਪਿੰਡ ਜਾਣਾ ਸੀ, ਉਥੇ ਪਹੁੰਚੇ। ਉਥੇ ਉਨ੍ਹਾਂ ਨੇ ਸਿਰਫ਼ ਇਕ ਦਿਨ ਠਹਿਰਨਾ ਸੀ, ਪਰ ਮੀਂਹ ਲਹਿ ਪਏ, ਅਜਿਹੀ ਝੜੀ ਲੱਗ ਗਈ ਕਿ ਵਾਪਸ ਪਰਤਣਾ ਨਹੀ ਸੀ ਹੋ ਸਕਦਾ। ਉਨ੍ਹਾਂ ਨੂੰ ਉਸ ਪਿੰਡ ਵਿੱਚ ਸੱਤ ਦਿਨ ਰੁਕਣਾ ਪਿਆ। ਫਿਰ ਜਦ ਉਹ ਉਸ ਪਿੰਡ ਤੋਂ ਉੱਸੇ ਰਸਤੇ ਪਰਤ ਰਹੇ ਸਨ ਤਾਂ ਵੇਖਿਆ ਕਿ ਜਿੱਥੇ ਉਹ ਫੁੱਲ ਵਾਲਾ ਬੂਟਾ ਗੋਸ਼ਾਲਕ ਨੇ ਪੁੱਟ ਕੇ ਸੁੱਟ ਦਿੱਤਾ ਸੀ, ਉਥੇ ਉਹ ਬੂਟਾ ਲਹਿਲਹਾਉਂਦਾ ਪਿਆ ਸੀ ਅਤੇ ਉਸ ਦੀ ਟਾਹਣੀ ਉੱਪਰ ਇਕ ਸੂਹਾ ਫੁੱਲ ਵੀ ਖਿੜਿਆ ਹੋਇਆ ਸੀ। ਗੋਸ਼ਾਲਕ ਹੈਰਾਨ ਹੋ ਕੇ ਉਸ ਬੂਟੇ ਅਤੇ ਫੁੱਲ ਵੱਲ ਵੇਖਣ ਲੱਗਾ।

ਗੋਸ਼ਾਲਕ ਨੇ ਪੁੱਛਿਆ, "ਮਹਾਰਾਜ! ਇਹ ਭਵਿੱਖਬਾਣੀ ਤੁਸੀ ਕਿਵੇਂ ਕੀਤੀ?" ਮਹਾਵੀਰ ਨੇ ਕਿਹਾ, "ਮੈਂ ਕੋਈ ਭਵਿੱਖਬਾਣੀ ਨਹੀ ਕੀਤੀ। ਮੈਂ ਸਿਰਫ਼ ਗੌਰ ਨਾਲ ਇਸ ਬੂਟੇ ਦੇ ਆਤਮ-ਬਲ ਨੂੰ ਵੇਖਿਆ ਸੀ ਅਤੇ ਦਿਸਿਆ ਸੀ ਕਿ ਇਹ ਬੂਟਾ ਆਤਮ-ਬਲ ਨਾਲ ਭਰਿਆ ਹੋਇਆ ਸੀ। ਇਹ ਜਿਊਣਾ ਚਾਹੁੰਦਾ ਹੈ। ਇਸ ਲਈ ਮੀਂਹਾਂ ਦੀ ਖੁਰ ਕੇ ਆਈ ਮਿੱਟੀ ਵਿਚ ਇਸ ਨੇ ਦੁਬਾਰਾ ਜੜ੍ਹ ਫੜ ਲਈ...।" •



**ਭਗਵਾਨ ਸ਼ਿਵ ਦੀ ਮਹਿਮਾ ਬਾਰੇ ਪੁਸ਼ਪਦੰਤ ਆਚਾਰਿਆ ਲਿਖਦੇ ਹਨ, 'ਹੇ ਭਗਵਨ! ਜੇ ਸਰਸਵਤੀ ਜੀ ਨੀਲ-ਪਰਬਤ ਦੇ ਬਰਾਬਰ ਸਿਆਹੀ, ਸਮੁੰਦਰ ਰੂਪੀ ਦਵਾਤ 'ਚ ਪਾ ਕੇ, ਕਲਪ-ਬ੍ਰਿਖ ਨੂੰ ਕਲਮ ਬਣਾ ਕੇ ਆਪ ਦੇ ਗੁਣਾਂ ਨੂੰ ਲਿਖੇ ਤਾਂ ਫਿਰ ਵੀ ਆਪ ਦੀ ਮਹਿਮਾ ਦਾ ਪਾਰ ਨਹੀਂ ਪਾਇਆ ਜਾ ਸਕਦਾ...**

ਮਹਾਸ਼ਿਵਰਾਤਰੀ

# ਓਮ ਨਮੋ ਸ਼ਿਵਾਏ 'ਚ ਲੀਨ ਹੋਣ ਦੀ ਘੜੀ

ਤਲਵਿੰਦਰ ਸ਼ਾਸਤਰੀ ਨਾਰੀਕੇ

ਵੈਸੇ ਤਾਂ ਕ੍ਰਿਸ਼ਨ ਪੱਖ ਦੀ ਹਰ ਚਤੁਰਦਸ਼ੀ ਨੂੰ ਸ਼ਿਵਰਾਤਰੀ ਦੇ ਨਾਂ ਨਾਲ ਮਹਿਮਾ ਮੰਡਿਤ ਕੀਤਾ ਜਾਂਦਾ ਹੈ ਪਰੰਤੂ ਹਰ ਸਾਲ ਫੱਗਣ ਮਹੀਨੇ ਦੀ ਚਤੁਰਦਸ਼ੀ ਨੂੰ 'ਸ਼ਿਵ ਪ੍ਰੀਆ ਮਹਾਸ਼ਿਵਰਾਤਰੀ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਦਿਨ ਦੁਨੀਆ ਦੇ ਕੋਨੇ-ਕੋਨੇ 'ਚੋਂ ਆਉਂਦੀ 'ਓਮ ਨਮੋ ਸ਼ਿਵਾਏ' ਦੀ ਆਲੌਕਿਕ ਧੁਨ ਬ੍ਰਹਿਮੰਡ ਨੂੰ ਤਰੰਗਿਤ ਕਰਦੀ ਹੈ। ਇਸ ਦਿਨ ਭਗਵਾਨ ਸ਼ਿਵ ਮਾਨਵ-ਜਾਤੀ ਦੇ ਹੋਰ ਨੇੜੇ ਆ ਜਾਂਦੇ ਹਨ।

ਗਰੁੜ ਪੁਰਾਣ, ਸਕੰਦ ਪੁਰਾਣ, ਪਦਮ ਪੁਰਾਣ, ਅਗਨੀ ਪੁਰਾਣ ਵਿਚ ਵੀ ਮਹਾਸ਼ਿਵਰਾਤਰੀ ਦਾ ਜ਼ਿਕਰ ਆਉਂਦਾ ਹੈ। ਪੁਰਾਣਾਂ ਅਨੁਸਾਰ ਮਹਾਸ਼ਿਵਰਾਤਰੀ ਵਾਲੇ ਦਿਨ ਭਗਵਾਨ ਸ਼ਿਵ ਨੇ ਜਗਤ ਜਨਨੀ ਪਾਰਵਤੀ ਜੀ ਨਾਲ ਵਿਆਹ ਰਚਾਇਆ ਸੀ। ਭਗਵਾਨ ਸ਼ਿਵ ਦੀ ਬਾਰਾਤ ਅਜਬ ਤੇ ਦਿਵਯ ਸੀ। ਅਜਿਹੀ ਬਾਰਾਤ ਭਗਵਾਨ ਸ਼ਿਵ ਦੀ ਹੀ ਹੋ ਸਕਦੀ ਸੀ। ਇਸ ਬਰਾਤ ਵਿਚ ਗਣੇਸ਼ਵਰ ਸ਼ੰਖਕਰਨ, ਵਿਸ਼ਾਖ, ਵਿਕ੍ਰਤਾਨਨ, ਦੁੰਦੁਭ, ਕੁੰਡਕ, ਕਪਾਲ, ਕੇਕਰਾਕਸ਼, ਮਧੁਪਿੰਡ, ਪ੍ਰਮਥ, ਵੀਰਭੱਦਰ ਆਦਿ ਸ਼ਿਵ-ਗਣਾਂ ਤੋਂ ਇਲਾਵਾ ਭੂਤ, ਪ੍ਰੇਤ, ਪਿਸ਼ਾਚਾਂ ਵਿਚ ਬੇਤਾਲ, ਡਾਕਿਨੀ, ਸ਼ਾਕਿਨੀ ਆਦਿ ਵੀ ਸ਼ਾਮਲ ਸਨ।

### ਆਨੰਦ, ਬੁੱਧੀ, ਵੈਰਾਗ ਤੇ ਮੁਕਤੀਦਾਤਾ ਨੇ ਸ਼ਿਵ

ਬੇਸ਼ੱਕ ਦੁਨੀਆ ਭੋਲੇ ਭੰਡਾਰੀ ਭਗਵਾਨ ਸ਼ਿਵ ਨੂੰ ਗਿਆਨ, ਯੋਗ, ਆਨੰਦ, ਬੁੱਧੀ, ਵੈਰਾਗ ਤੇ ਮੁਕਤੀਦਾਤਾ ਆਦਿ ਅਨੇਕਾਂ ਨਾਵਾਂ ਨਾਲ ਪੁਕਾਰਦੀ ਹੈ ਪਰ ਆਪ ਯੰਤਰ, ਮੰਤਰ, ਤੰਤਰ, ਤਾਂਡਵ-ਨ੍ਰਿਤ, ਸਾਜ਼ ਤੇ ਸੰਗੀਤ ਆਦਿ ਦੇ ਆਚਾਰਿਆ ਵਜੋਂ ਵੀ ਜਾਣੇ ਜਾਂਦੇ ਹਨ। ਭਗਵਾਨ ਸ਼ਿਵ ਦੇ ਡਮਰੂ ਬਾਰੇ ਤਾਂ ਕਿਹਾ ਜਾਂਦਾ ਹੈ ਕਿ ਜਦੋਂ ਭਗਵਾਨ ਸ਼ਿਵ ਵੱਲੋ ਇਸ ਨੂੰ ਵਜਾਇਆ ਜਾਂਦਾ ਹੈ ਤਾਂ ਉਨ੍ਹਾਂ ਨੇ ਆਪਣੇ ਭਗਤਾਂ ਨੂੰ ਵਰਦਾਨ ਦੇਣਾ ਹੁੰਦਾ ਹੈ ਜਾਂ ਰਾਖਸ਼ਸ਼ਾਂ ਨੂੰ ਪਾਪਾਂ ਦੀ ਸਜ਼ਾ ਦਿੱਤੀ ਜਾਣੀ ਹੁੰਦੀ ਹੈ। ਇਕ ਪ੍ਰਸੰਗ ਹੋਰ ਵੀ ਹੈ ਕਿ ਰਿਸ਼ੀ ਪਾਨਿਨੀ ਵੱਲੋਂ ਕੀਤੀ ਗਈ ਘੋਰ ਤਪੱਸਿਆ ਤੋਂ ਪ੍ਰਸੰਨ ਹੋ ਕੇ ਭਗਵਾਨ ਸ਼ਿਵ ਨੇ ਦਰਸ਼ਨ ਦੇਣ ਸਮੇਂ ਰਹੱਸਮਈ 14 ਵਾਰ ਡਮਰੂ ਵਜਾਇਆ ਸੀ। ਰਿਸ਼ੀ ਪਾਨਿਨੀ ਨੇ 14 ਵਾਰ ਵਜਾਏ ਡਮਰੂ ਦੀ ਧੁਨੀ ਨੂੰ ਆਪਣੇ ਲਈ ਸ਼ਿਵ-ਵਰਦਾਨ ਸਮਝ ਕੇ ਰਿਸ਼ੀ ਪਾਨਿਨੀ ਨੇ ਇਸ ਧੁਨੀ ਦੇ ਆਧਾਰ 'ਤੇ 14 ਸੂਤਰ ਲਿਖੇ ਸਨ। 'ਲਘੂ ਸਿਧਾਂਤ ਕੌਮੁਦੀ' ਵਿਚ ਅੱਜ ਵੀ ਲਿਖੇ ਮਿਲਦੇ ਇਨ੍ਹਾਂ ਸੂਤਰਾਂ ਨਾਲ ਹੀ ਸੰਸਕ੍ਰਿਤ ਭਾਸ਼ਾ ਦੇ ਵਿਆਕਰਨ ਦਾ ਨਿਰਮਾਣ ਕੀਤਾ ਗਿਆ। ਇਸ ਲਈ ਭਗਵਾਨ ਸ਼ਿਵ ਨੂੰ ਵਿਆਕਰਣ ਆਚਾਰਿਆ ਦੇ ਇਸ਼ਟ ਦੇ ਰੂਪ 'ਚ ਵੀ ਮੰਨਿਆ ਜਾਂਦਾ ਹੈ।

### ਮਹਿਮਾ ਕਥੀ ਨਾ ਜਾਏ

ਭਗਵਾਨ ਸ਼ਿਵ ਦੀ ਮਹਿਮਾ ਦਾ ਵਰਣਨ ਕਰਦਿਆਂ ਪੁਸ਼ਪਦੰਤ ਆਚਾਰਿਆ ਲਿਖਦੇ ਹਨ, "ਹੇ ਭਗਵਨ! ਜੇਕਰ ਸਰਸਵਤੀ ਜੀ ਨੀਲ-ਪਰਬਤ ਦੇ ਬਰਾਬਰ ਦੀ ਸਿਆਹੀ, ਸਮੁੰਦਰ ਰੂਪੀ ਪਾਤਰ ਜਾਂ ਦਵਾਤ ਵਿਚ ਪਾ ਕੇ, ਕਲਪ-ਬ੍ਰਿਖ ਰੂਪੀ ਕਲਮ ਦੁਆਰਾ ਆਪ ਦੇ ਗੁਣਾਂ ਨੂੰ ਲਿਖੇ ਤਾਂ ਫਿਰ ਵੀ ਆਪ ਦੀ ਮਹਿਮਾ ਦਾ ਪਾਰ ਨਹੀਂ ਪਾ ਸਕਦੀ ਕਿਉਂਕਿ ਤੁਹਾਡੇ ਅਨੰਤ ਗੁਣ ਹਨ ਅਤੇ ਆਮ ਇਨਸਾਨਾਂ ਦੀ ਸਮਰਥਾ ਹੀ ਕੀ ਹੈ, ਜੋ ਤੁਹਾਡੇ ਗੁਣਾਂ ਦਾ ਵਰਣਨ ਕਰ ਸਕਣ।"

### ਕਲਿਆਣਕਾਰੀ ਹੈ ਭਗਵਾਨ ਸ਼ਿਵ ਦਾ ਧਿਆਨ

ਭਗਵਾਨ ਸ਼ਿਵ ਦੇ ਆਲੌਕਿਕ ਰੂਪ ਦੀ ਉਪਮਾ ਕਰਦਿਆਂ ਸ਼ਾਸਤਰਾਂ 'ਚ ਲਿਖਿਆ ਗਿਆ ਹੈ, "ਚਾਂਦੀ ਦੇ ਪਹਾੜ ਦੇ ਸਮਾਨ ਜਿਨ੍ਹਾਂ ਦੀ ਕਾਂਤੀ ਜਾਂ ਸ਼ੋਭਾ ਹੈ। ਜੋ ਸੁੰਦਰ ਚੰਦਰਮਾ ਨੂੰ ਅਲੰਕਾਰ ਦੇ ਰੂਪ 'ਚ ਧਾਰਣ ਕਰਦੇ ਹਨ, ਰਤਨਮਈ ਅਲੰਕਾਰਾਂ ਨਾਲ ਜਿਨ੍ਹਾਂ ਦਾ ਸਰੀਰ ਉੱਜਵਲ ਹੈ, ਜਿਨ੍ਹਾਂ ਦੇ ਹੱਥਾਂ ਵਿਚ ਪਰਸ਼ੂ, ਮ੍ਰਿਗ, ਵਰ ਤੇ ਅਭੈ ਮੁਦਰਾ ਹੈ, ਜੋ ਪ੍ਰਸੰਨ ਹਨ, ਪਦਮ ਆਸਨ 'ਤੇ ਬਿਰਾਜਮਾਨ ਹਨ, ਦੇਵਤਾ ਗਣ ਜਿਨ੍ਹਾਂ ਦੇ ਚਾਰੇ ਪਾਸੇ ਖੜ੍ਹੇ ਹੋ ਕੇ ਉਸਤਤ ਕਰਦੇ ਹਨ, ਜੋ ਬਾਘ ਦੀ ਖੱਲ ਪਹਿਨਦੇ ਹਨ, ਜੋ ਵਿਸ਼ਵ ਦੀ ਆਦਿ ਜਗਤ ਦੀ ਉਤਪਤੀ ਅਤੇ ਸਾਰੇ ਡਰ ਦੂਰ ਕਰਨ ਵਾਲੇ ਹਨ, ਜਿਨ੍ਹਾਂ ਦੇ ਪੰਜ ਮੁਖ ਤੇ ਤਿੰਨ ਨੇਤਰ ਹਨ, ਉਸ ਮਹੇਸ਼ਵਰ ਦਾ ਹਰ ਪਲ ਧਿਆਨ ਕਲਿਆਣਕਾਰੀ ਹੈ।"

### ਮਾਰਕੰਡੇ ਨੂੰ ਜੀਵਨ ਦਾਨ

*ਭਗਵਾਨ ਸ਼ਿਵ ਦਾ ਕੈਲਾਸ਼ ਵਿਚ ਹੀ ਨਹੀਂ ਸਗੋਂ ਓਮਕਾਰ ਵਜੋਂ ਵੇਦਾਂ ਵਿਚ ਵੀ ਧਾਮ ਮੰਨਿਆ ਜਾਂਦਾ ਹੈ। ਭਗਵਾਨ ਸ਼ਿਵ ਮ੍ਰਿਤੁੰਜਯ ਹਨ। ਸ਼ਾਸਤਰਾਂ 'ਚ ਪ੍ਰਸੰਗ ਆਉਂਦਾ ਹੈ,। "ਮਰਿਕੰਡੂ ਨਾਮਕ ਰਿਸ਼ੀ ਦੇ ਮਾਰਕੰਡੇ ਨਾਂ ਦਾ ਇਕ ਸੰਸਕਾਰੀ ਪੁੱਤਰ ਸੀ। ਇਕ ਦਿਨ ਉਨ੍ਹਾਂ ਦੇ ਆਸ਼ਰਮ ਵਿਚ ਪਧਾਰੇ ਸਪਤਰਿਸ਼ੀਆਂ ਅੱਗੇ ਪ੍ਰਾਰਥਨਾ ਕਰਦਿਆਂ ਰਿਸ਼ੀ ਮਰਿਕੰਡੂ ਨੇ ਆਪਣੇ ਪੁੱਤਰ ਦੀ ਅਲਪ ਜਾਂ ਛੋਟੀ ਆਯੂ ਹੋਣ ਬਾਰੇ ਕਿਸੇ ਸਿੱਧ ਪੁਰਸ਼ ਦੀ ਭਵਿੱਖਬਾਣੀ ਦਾ ਜ਼ਿਕਰ ਕੀਤਾ ਤੇ ਇਸ ਦਾ ਉਪਾਅ ਪੁੱਛਿਆ। ਸਪਤਰਿਸ਼ੀਆਂ ਨੇ ਕਿਹਾ, "ਭਗਵਾਨ ਸ਼ਿਵ ਦੀ ਭਗਤੀ, ਪੂਜਾ ਅਰਾਧਨਾ ਹੀ ਇਸ ਨੂੰ ਬੇਵਕਤ ਮੌਤ ਤੋਂ ਬਚਾ ਸਕਦੀ ਹੈ। ਉਸ ਦਿਨ ਤੋਂ ਬਾਅਦ ਬਾਲਕ ਮਾਰਕੰਡੇ ਨੇ ਆਪਣੇ ਪਿਤਾ ਤੇ ਸਪਤਰਿਸ਼ੀਆਂ ਦੀ ਆਗਿਆ ਦਾ ਪਾਲਣ ਕਰਦਿਆਂ ਆਪਣੇ ਆਪ ਨੂੰ ਭਗਵਾਨ ਸ਼ਿਵ ਦੀ ਭਗਤੀ ਨੂੰ ਸਮਰਪਿਤ ਕਰ ਦਿੱਤਾ। ਮਾਰਕੰਡੇ ਦੀ ਭਗਤੀ ਤੋਂ ਖ਼ੁਸ਼ ਹੋ ਕੇ ਭਗਵਾਨ ਸ਼ੰਕਰ ਨੇ ਬਾਲਕ ਮਾਰਕੰਡੇ ਨੂੰ ਯਮਦੂਤ ਦੇ ਪੰਜਿਆਂ 'ਚੋਂ ਮੁਕਤ ਕਰਵਾਇਆ ਤੇ ਵੱਡਾ ਹੋ ਕੇ ਇਹੀ ਬਾਲਕ 'ਰਿਸ਼ੀ ਮਾਰਕੰਡੇ' ਦੇ ਨਾਂ ਨਾਲ ਪ੍ਰਸਿੱਧ ਹੋਇਆ।"*



### ਸ੍ਰਿਸ਼ਟੀ ਦੇ ਰਖਵਾਲੇ

*ਧਰਮ ਸ਼ਾਸਤਰਾਂ ਵਿਚ ਉਚਾਰੇ ਗਏ ਇਹ ਪਵਿੱਤਰ ਤਿੰਨ ਸ਼ਬਦ 'ਸੱਤਿਅਮ, ਸ਼ਿਵਮ, ਸੁੰਦਰਮ' ਆਪਣੇ ਅੰਦਰ ਸਮੋਈ ਬੈਠੇ ਹਨ-ਸ਼ਿਵ ਨਾਮ ਦੀ ਆਲੌਕਿਕ ਗੰਗਾ ਦੀ ਧਾਰਾ।ਇਨ੍ਹਾਂ ਦਾ ਅਰਥ ਹੈ। ਸੱਤਿਆ ਹੀ ਸ਼ਿਵ ਹੈ, ਸ਼ਿਵ ਹੀ ਸੁੰਦਰ ਹੈ। ਸ਼ਿਵ ਸ਼ਬਦ ਦਾ ਸਮਾਨਅਰਥਕ ਹੈ-ਕਲਿਆਣ। ਭਗਵਾਨ ਸ਼ਿਵ ਨੂੰ ਐਂਵੇਂ ਤਾਂ ਨਹੀਂ ਲੱਖਾਂ-ਕਰੋੜਾਂ ਸਾਲਾਂ ਤੋਂ ਉਨ੍ਹਾਂ ਦੇ ਕਰੋੜਾਂ ਭਗਤਾਂ ਵੱਲੋਂ 'ਨੀਲਕੰਠ' ਨਾਂ ਨਾਲ ਪੁਕਾਰਿਆ ਜਾਂਦਾ। ਬ੍ਰਹਿਮੰਡ ਦੇ ਕਲਿਆਣ ਲਈ ਉਨ੍ਹਾਂ ਨੇ ਸਾਗਰ ਮੰਥਨ ਦੌਰਾਨ ਨਿਕਲੇ 14 ਰਤਨਾਂ ਵਿੱਚੋਂ 'ਕਾਲਕੇਤੂ' ਜਾਂ 'ਹਲਾਹਲ' ਨਾਂ ਦੇ ਜ਼ਹਿਰ ਨੂੰ ਦੁਨੀਆ ਵਿਚ ਫ਼ੈਲਣ ਤੋਂ ਰੋਕਣ ਲਈ ਉਸ ਨੂੰ ਆਪਣੇ ਕੰਠ 'ਚ ਧਾਰਣ ਕਰ ਲਿਆ ਸੀ। ਇਹ ਭਿਆਨਕ ਹਲਾਹਲ ਸ੍ਰਿਸ਼ਟੀ ਦੇ ਸਮੁੱਚੇ ਪ੍ਰਾਣੀਆਂ ਦਾ ਵਿਨਾਸ਼ ਕਰਨ ਦੇ ਸਮਰੱਥ ਸੀ। ਸ੍ਰਿਸ਼ਟੀ 'ਚ ਜੀਵਨ ਦੀ ਕਲਪਨਾ ਵੀ ਨਹੀਂ ਸੀ ਕੀਤੀ ਜਾ ਸਕਦੀ।*

### ਦਿਆਲੂ ਤੇ ਕ੍ਰਿਪਾਲੂ ਭੋਲੇਨਾਥ

ਭਗਵਾਨ ਭੋਲੇਨਾਥ ਦਿਆਲੂ ਕੇ ਕ੍ਰਿਪਾਲੂ ਹਨ। ਰਿਸ਼ੀਆਂ-ਮੁਨੀਆਂ ਦਾ ਦ੍ਰਿੜ ਵਿਸ਼ਵਾਸ ਹੈ ਕਿ "ਮਹਾਦੇਵ ਜੀ ਦੀ ਪੂਜਾ-ਅਰਾਧਨਾ 'ਚ ਲੱਗੇ ਲੋਕਾਂ ਨੂੰ ਦਰਿਦਰਤਾ, ਕੰਗਾਲੀ ਜਾਂ ਗ਼ਰੀਬੀ ਕਦੇ ਵੀ ਆਪਣੀ ਚੁੰਗਲ 'ਚ ਨਹੀਂ ਫਸਾ ਸਕਦੀਆਂ। ਇਹ ਵੀ ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਮਾਪਿਆਂ ਨੂੰ ਆਪਣੇ ਬੱਚਿਆਂ ਲਈ ਯੋਗ ਵਰ ਲੱਭਣ 'ਚ ਰੁਕਾਵਟ ਆਉਂਦੀ ਹੋਵੇ ਉਨ੍ਹਾਂ ਨੂੰ ਇਸ ਦਿਨ ਵਿਧੀ-ਪੂਰਵਕ ਆਪ ਜਾਂ ਬੱਚਿਆਂ ਕੋਲੋਂ 'ਸ਼੍ਰੀ ਸ਼ਿਵ ਮਹਿਮਾ ਸਤੋਤਰ' ਜਾਂ ਗੋਸਵਾਮੀ ਤੁਲਸੀਦਾਸ ਰਚਿਤ 'ਸ਼ਿਵ ਸਤੁਤੀ' ਦਾ ਜਾਪ ਕਰਨਾ ਚਾਹੀਦਾ ਹੈ। ਆਉ! ਮਹਾ ਸ਼ਿਵਰਾਤਰੀ ਦੇ ਪਵਿੱਤਰ ਮੌਕੇ 'ਤੇ ਭਗਵਾਨ ਨੀਲਕੰਠ ਤੋਂ ਸਿੱਖਿਆ ਲੈਂਦਿਆਂ ਸੰਕਲਪ ਕਰੀਏ ਕਿ ਦੇਸ਼-ਦੁਨੀਆ ਅੰਦਰ ਵਧ ਰਹੇ ਈਰਖਾ, ਲਾਲਚ, ਵੈਰ-ਵਿਰੋਧ, ਮਾਰਧਾੜ, ਜਾਤ-ਪਾਤ, ਕੱਟੜਤਾ ਤੇ ਅਸਹਿਣਸ਼ੀਲਤਾ ਦੇ ਜ਼ਹਿਰ ਨੂੰ ਰੋਕਣ ਦਾ ਯਤਨ ਕਰ ਸਕੀਏ। ਸਾਰਿਆਂ ਵੱਲੋਂ ਮਿਲ ਕੇ ਇਸ ਜ਼ਹਿਰ ਨੂੰ ਫੈਲਣੋਂ ਰੋਕਣ ਦੀ ਕੀਤੀ ਗਈ ਕੋਸ਼ਿਸ਼ ਹੀ ਸਾਨੂੰ ਭਗਵਾਨ ਸ਼ਿਵ ਦੇ ਪ੍ਰੇਮ ਦਾ ਹੱਕਦਾਰ ਬਣਾ ਸਕਦੀ ਹੈ। •

94643-48258

# ਰਾਗ ਨਾਦ ਸਬਦਿ ਸੋਹਣੇ

ਇਕਵਾਕ ਸਿੰਘ ਪੱਟੀ

ਸਮੁੱਚੀ ਮਾਨਵਤਾ ਦੇ ਸਰਬ ਸਾਂਝੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪੰਜਵੇਂ ਨਾਨਕ ਗੁਰੂ ਅਰਜਨ ਦੇਵ ਜੀ ਵੱਲੋਂ ਭਾਈ ਗੁਰਦਾਸ ਜੀ ਕੋਲੋਂ ਦਰਜ ਕਰਵਾਈ ਗਈ ਬਾਣੀ ਰਾਗਾਂ ਦੇ ਅਧੀਨ ਹੈ। ਗੁਰੂ ਗ੍ਰੰਥ ਸਾਹਿਬ ਵਿਚ ਕੁਝ ਬਾਣੀ ਰਾਗ ਮੁਕਤ ਵੀ ਹੈ ਪਰ ਜ਼ਿਆਦਾਤਰ ਬਾਣੀ ਰਾਗਾਂ ਦੇ ਅਧੀਨ ਹੈ। ਸਭ ਤੋਂ ਸ੍ਰੇਸ਼ਟ ਰਾਗ ਬਾਰੇ ਗੁਰੂ ਰਾਮਦਾਸ ਜੀ ਫ਼ੁਰਮਾਉਂਦੇ ਹਨ, 'ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥' ਭਾਵ ਉਹੀ ਰਾਗ ਸਫ਼ਲ ਹੈ ਜਿਸ ਨੂੰ ਸੁਣਦਿਆਂ-ਪੜ੍ਹਦਿਆਂ, ਗਾਉਂਦਿਆਂ ਹੋਇਆਂ ਸ੍ਰਿਸ਼ਟੀ ਦਾ ਕਰਤਾ ਪਰਮਾਤਮਾ ਚੇਤੇ ਆ ਜਾਵੇ। ਅੱਜ ਜਾਣਦੇ ਹਾਂ ਗੁਰੂ ਸਾਹਿਬ ਵੱਲੋਂ ਉਚਾਰੇ 31 ਰਾਗਾਂ ਵਿੱਚੋਂ ਚੌਥੇ ਸਥਾਨ 'ਤੇ ਆਉਣ ਵਾਲੇ ਰਾਗ 'ਆਸਾ' ਬਾਰੇ...

### ਰਾਗ ਆਸਾ

ਗਉੜੀ ਰਾਗ ਗੁਰੂ ਗ੍ਰੰਥ ਸਾਹਿਬ ਦੇ ਪੰਨਾ ਨੰਬਰ 347 ਤੋਂ ਲੈ ਕੇ ਪੰਨਾ ਨੰਬਰ 488 ਤਕ ਸੁਸ਼ੋਭਿਤ ਹੈ। ਰਾਗ ਆਸਾ ਗੁਰਮਤਿ ਸੰਗੀਤ ਦਾ ਇਕ ਮਹੱਤਵਪੂਰਨ ਤੇ ਪ੍ਰਸਿੱਧ ਰਾਗ ਹੈ। ਮਾਝ ਰਾਗ ਵਾਂਗ ਰਾਗ ਆਸਾ ਬਾਰੇ ਵੀ ਭਾਰਤੀ ਸੰਗੀਤ ਜਾਂ ਹੋਰ ਕਈ ਸੰਗੀਤਕ ਗ੍ਰੰਥ ਚੁੱਪ ਹਨ, ਜਿਸ ਕਰਕੇ ਇਸ ਨੂੰ ਗੁਰਮਤਿ ਸੰਗੀਤ ਦੀ ਦੇਣ ਮੰਨਿਆ ਜਾਂਦਾ ਹੈ। ਸਿੱਖ ਧਰਮ ਵਿਚ ਜਾਂ ਗੁਰਮਤਿ ਸੰਗੀਤ ਵਿਚ ਰਾਗ ਆਸਾ ਇਕ ਹਰਮਨ ਪਿਆਰਾ ਰਾਗ ਹੈ, ਜਿਸ ਦਾ ਕਾਰਨ ਇਸ ਰਾਗ ਦਾ ਕੀਰਤਨ ਚੌਂਕੀਆਂ ਵਿਚ ਸਥਾਪਿਤ ਹੋਣਾ ਹੈ ਕਿਉਂਕਿ ਇਹ ਸ਼ਬਦ ਕੀਰਤਨ ਚੌਂਕੀ ਪਰੰਪਰਾ ਅਨੁਸਾਰ ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੀ ਚੌਂਕੀ ਅਤੇ ਸੰਧਿਆ ਵੇਲੇ 'ਸੋਦਰੁ ਦੀ ਚੌਂਕੀ' ਦਾ ਹਿੱਸਾ ਹੈ।



ਇਸ ਰਾਗ ਬਾਰੇ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਰਾਗਬੱਧ ਬਾਣੀ ਸ਼ੁਰੂ (ਸਿਰੀ ਰਾਗ ਤੋਂ ਵੀ ਪਹਿਲਾਂ) ਹੋਣ ਤੋਂ ਪਹਿਲਾਂ ਅਤੇ ਜਪੁਜੀ ਸਾਹਿਬ ਤੋਂ ਬਾਅਦ ਜੋ ਪਹਿਲਾ ਸ਼ਬਦ ਹੈ ਉਹ ਰਾਗ ਆਸਾ ਵਿਚ ਹੈ। ਇਸ ਦੇ ਨਾਲ ਹੀ ਦੂਜਾ ਅਤੇ ਤੀਜਾ ਸ਼ਬਦ ਵੀ ਰਾਗ ਆਸਾ ਵਿਚ ਦਰਜ ਹੈ ਅਤੇ ਇਹ ਤਿੰਨੇ ਸ਼ਬਦ ਗੁਰੂ ਨਾਨਕ ਦੇਵ ਜੀ ਵੱਲੋਂ ਉਚਾਰਣ ਕੀਤੇ ਗਏ ਹਨ। ਇਸ ਰਾਗ ਅਧੀਨ ਦਰਜ ਬਾਣੀ ਦੀ ਗੱਲ ਕਰੀਏ ਤਾਂ ਗੁਰੂ ਨਾਨਕ ਦੇਵ ਜੀ, ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਸ਼ਾਮਲ ਹੈ। ਭਗਤ ਸਾਹਿਬਾਨ ਦੀ ਬਾਣੀ ਵਿਚ ਭਗਤ ਕਬੀਰ ਜੀ, ਨਾਮਦੇਵ ਜੀ, ਰਵਿਦਾਸ ਜੀ, ਬਾਬਾ ਸ਼ੇਖ਼ ਫ਼ਰੀਦ ਜੀ ਦੀ ਬਾਣੀ ਉਕਤ ਰਾਗ ਵਿਚ ਦਰਜ ਹੈ। ਰਾਗ ਆਸਾ ਵਿਚ ਪਟੀ ਲਿਖੀ, ਪਟੀ, ਛੰਤ, ਬਿਰਹੜੇ ਆਦਿ ਬਾਣੀ ਸ਼ਾਮਲ ਹੈ ਅਤੇ ਇਸ ਦੇ ਨਾਲ ਹੀ ਆਸਾ ਰਾਗ ਅਧੀਨ ਦੋ ਹੋਰ ਰਾਗ ਕਿਸਮਾਂ 'ਆਸਾਵਰੀ ਅਤੇ ਆਸਾ ਕਾਫ਼ੀ' ਵਜੋਂ ਵੀ ਦਰਜ ਹੈ, ਜਿਸ ਵਿਚ ਲਗਪਗ 43 ਸ਼ਬਦ ਗੁਰੂ ਸਾਹਿਬਾਨ ਦੇ ਦਰਜ ਹਨ।

ਇਤਿਹਾਸਕ ਤੇ ਸੰਗੀਤਕ ਪੱਖ ਤੋਂ ਭਾਵੇਂ ਭਾਰਤੀ ਸੰਗੀਤ ਵਿਚ ਮੌਸਮੀ ਰਾਗਾਂ ਤੋਂ ਬਿਨਾਂ ਕਿਸੇ ਰਾਗ ਨੂੰ ਮਿੱਥੇ ਸਮੇਂ ਦੀ ਹੱਦ ਤੋਂ ਬਾਹਰ ਜਾ ਕੇ ਸਵੇਰੇ ਜਾਂ ਸ਼ਾਮ ਦੋਵੇਂ ਵੇਲੇ ਗਾਉਣ ਦਾ ਨਿਯਮ ਨਹੀਂ ਹੈ ਪਰ ਆਸਾ ਰਾਗ ਇਕ ਅਜਿਹਾ ਰਾਗ ਹੈ, ਜਿਸ ਨੂੰ ਗੁਰਮਤਿ ਸੰਗੀਤ ਵਿਚ ਦੋਵੇਂ ਵੇਲੇ ਗਾਇਆ ਜਾਂਦਾ ਹੈ। ਸਤਿਕਾਰਯੋਗ ਭਾਈ ਕਾਨ੍ਹ ਸਿੰਘ ਨਾਭਾ ਕ੍ਰਿਤ ਮਹਾਨ ਕੋਸ਼ ਦੇ ਪੰਨਾ ਨੰਬਰ 91 ਅਨੁਸਾਰ, 'ਇਹ ਸੰਪੂਰਣ ਜਾਤ ਇਕ ਦੇਸੀ ਰਾਗਨੀ ਹੈ, ਜੋ ਅੰਮ੍ਰਿਤ ਵੇਲੇ ਅਲਾਪੀ ਜਾਂਦੀ ਹੈ। ਗੁਰੂ ਅੰਗਦ ਦੇਵ ਜੀ ਨੇ, ਗੁਰੂ ਨਾਨਕ ਦੇਵ ਜੀ ਦੇ ਸਨ੍ਮੁਖ ਅੰਮ੍ਰਿਤ ਵੇਲੇ ਦੇ ਦੀਵਾਨ 'ਚ ਆਸਾ ਦੀ ਵਾਰ ਗਾਉਣ ਦੀ ਰੀਤਿ ਚਲਾਈ। ਗੁਰੂ ਅਰਜਨ ਦੇਵ ਜੀ ਨੇ ਚੌਥੇ ਸਤਿਗੁਰਾਂ ਦੇ 24 ਛੱਕਿਆਂ ਨੂੰ 24 ਪਉੜੀਆਂ ਨਾਲ ਕੀਰਤਨ 'ਚ ਸ਼ਾਮਲ ਕੀਤਾ। ਸੋਦਰੁ ਦੀ ਚੌਂਕੀ ਵੇਲੇ ਵੀ ਆਸਾ ਦਾ ਗਾਉਣਾ ਵਿਧਾਨ ਹੈ। ਇਸ ਰਾਗਨੀ 'ਚ ਸਾਰੇ ਸ਼ੁੱਧ ਸੁਰ ਹਨ। ਵਾਦੀ ਰਿਸ਼ਭ, ਸੰਵਾਦੀ ਮੱਧਮ ਅਤੇ ਗ੍ਰਹਸੁਰ ਸੜਜ ਹੈ।' •

98150-24920

# ਗੁਰਦੁਆਰਾ ਪੰਜਾ ਸਾਹਿਬ

ਬੂਟਾ ਗੁਲਾਮੀਵਾਲਾ

ਦੇਸ਼-ਵਿਦੇਸ਼ ਤੇ ਚੜ੍ਹਦੇ ਪੰਜਾਬ ਤੋਂ ਸੰਗਤਾਂ ਜਦੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਤੇ ਹੋਰ ਧਾਰਮਿਕ ਦਿਹਾੜਿਆਂ 'ਤੇ ਸ੍ਰੀ ਨਨਕਾਣਾ ਸਾਹਿਬ, ਪਾਕਿਸਤਾਨ ਵਿਖੇ ਨਤਮਸਤਕ ਹੁੰਦੀਆਂ ਹਨ ਤਾਂ ਉਹ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਵੀ ਕਰਦੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਗੁਰਦੁਆਰਾ ਪੰਜਾ ਸਾਹਿਬ ਵੀ ਸ਼ਾਮਲ ਹੈ।

ਗੁਰਦੁਆਰਾ ਪੰਜਾ ਸਾਹਿਬ, ਨਨਕਾਣਾ ਸਾਹਿਬ ਤੋਂ 420 ਤੇ ਲਾਹੌਰ ਤੋਂ 350 ਕਿਲੋਮੀਟਰ ਦੀ ਦੂਰੀ 'ਤੇ ਸਥਿਤ ਹੈ। ਰੇਲ ਗੱਡੀ ਰਾਹੀ ਪੰਜਾ ਸਾਹਿਬ ਜਾਂਦਿਆਂ ਗੁੱਜਰਾਂਵਾਲਾ, ਰਾਵਲਪਿੰਡੀ, ਇਸਲਾਮਾਬਾਦ ਤੇ ਕਈ ਹੋਰ ਸ਼ਹਿਰ ਰਸਤੇ 'ਚ ਆਉਂਦੇ ਹਨ। ਪੰਜਾ ਸਾਹਿਬ ਦਾ ਪਹਿਲਾ ਨਾਂ ਹਸਨ ਅਬਦਾਲ ਸੀ। ਇਸ ਧਰਤੀ 'ਤੇ ਗੁਰੂ ਨਾਨਕ ਦੇਵ ਜੀ ਨੇ 1521 ਈਸਵੀ ਵਿਚ ਚਰਨ ਪਾਏ ਸਨ। ਜਦੋਂ ਗੁਰੂ ਨਾਨਕ ਦੇਵ ਜੀ ਭਾਈ ਮਰਦਾਨੇ ਨਾਲ ਇਸ ਨਗਰ ਪੁੱਜੇ ਤਾਂ ਇਥੇ ਪਾਣੀ ਦੀ ਬਹੁਤ ਘਾਟ ਸੀ। ਜਦੋਂ ਭਾਈ ਮਰਦਾਨੇ ਨੂੰ ਪਿਆਸ ਲੱਗੀ ਤਾਂ ਗੁਰੂ ਨਾਨਕ ਦੇਵ ਜੀ ਨੇ ਉਨ੍ਹਾਂ ਨੂੰ ਆਖਿਆ ਕਿ ਉਹ ਉੱਪਰ ਪਹਾੜੀ 'ਤੇ ਜਾ ਕੇ ਪਾਣੀ ਪੀ ਆਉਣ। ਉਸ ਵੇਲੇ ਪਹਾੜੀ 'ਤੇ ਮੁਸਲਮਾਨ ਪੀਰ ਵਲੀ ਕੰਧਾਰੀ ਰਹਿੰਦਾ ਸੀ, ਜਿਸ ਨੇ ਬਹੁਤ ਸਾਰਾ ਪਾਣੀ ਬੰਨ੍ਹ ਮਾਰ ਕੇ ਇਕੱਠਾ ਕੀਤਾ ਹੋਇਆ ਸੀ ਤੇ ਸਾਰੇ ਇਲਾਕੇ ਨੂੰ ਉਹੀ ਪਾਣੀ ਦਿੰਦਾ ਸੀ। ਜਦੋਂ ਭਾਈ ਮਰਦਾਨਾ ਸਾਢੇ ਤਿੰਨ ਕੁ ਕਿਲੋਮੀਟਰ ਸਫ਼ਤ ਤੈਅ ਕਰ ਕੇ ਪਹਾੜੀ 'ਤੇ ਵਲੀ ਕੰਧਾਰੀ ਕੋਲ ਪੁੱਜੇ ਅਤੇ ਉਸ ਕੋਲੋਂ ਪਾਣੀ ਦੀ ਮੰਗ ਕੀਤੀ।ਤਾਂ ਉਹ ਕਹਿਣ ਲੱਗਾ ਕਿ ਉਸ ਕੋਲ ਅਜੇ ਸਮਾਂ ਨਹੀਂ ਹੈ, ਕੁਝ ਸਮਾਂ ਰੁਕ ਕੇ ਆਉਣਾ। ਭਾਈ ਮਰਦਾਨਾ ਵਾਪਸ ਆ ਗਏ।

ਗੁਰੂ ਨਾਨਕ ਦੇਵ ਜੀ ਦੇ ਕਹਿਣ 'ਤੇ ਭਾਈ ਮਰਦਾਨਾ ਦੂਜੀ ਵਾਰ ਉਸ ਕੋਲ ਗਏ ਪਰ ਵਲੀ ਕੰਧਾਰੀ ਨੇ ਪਾਣੀ ਨਹੀਂ ਦਿੱਤਾ। ਜਦੋਂ ਗੁਰੂ ਜੀ ਦੇ ਕਹਿਣ 'ਤੇ ਭਾਈ ਮਰਦਾਨਾ ਤੀਜੀ ਵਾਰ ਵਲੀ ਕੰਧਾਰੀ ਕੋਲ ਗਏ ਤਾਂ ਉਸ ਨੇ ਗੁੱਸੇ ਵਿਚ ਉਨ੍ਹਾਂ ਨੂੰ ਮੰਦਾ-ਚੰਗਾ ਬੋਲਿਆ ਤੇ ਕਿਹਾ, 'ਜੇ ਤੇਰਾ ਬਾਬਾ ਇੰਨਾ ਵੱਡਾ ਪੀਰ ਹੈ ਤਾਂ ਉਹ ਆਪ ਪਾਣੀ ਕਿਉਂ ਨਹੀਂ ਪੈਦਾ ਕਰ ਲੈਂਦਾ।' ਭਾਈ ਮਰਦਾਨਾ ਨਿਰਾਸ਼ ਹੋ ਕੇ ਮੁੜ ਆਏ ਤੇ ਗੁਰੂ ਨਾਨਕ ਦੇਵ ਜੀ ਨੂੰ ਸਾਰੀ ਗੱਲ ਦੱਸੀ ਗੁਰੂ ਜੀ ਨੇ ਉਨ੍ਹਾਂ ਨੂੰ ਇਕ ਪੱਥਰ ਪਾਸੇ ਕਰਨ ਲਈ ਕਿਹਾ। ਜਦੋਂ ਭਾਈ ਮਰਦਾਨੇ ਨੇ ਪੱਥਰ ਪਾਸੇ ਕੀਤਾ ਤਾਂ ਉੱਥੇ ਪਾਣੀ ਦਾ ਚਸ਼ਮਾ ਫੁੱਟ ਪਿਆ। ਭਾਈ ਮਰਦਾਨੇ ਨੇ ਰੱਜ ਕੇ ਪਾਣੀ ਪੀਤਾ ਤੇ ਇਸ ਚਸ਼ਮੇ ਦੇ ਫੁੱਟਣ ਦੇ ਨਾਲ ਵਲੀ ਕੰਧਾਰੀ ਵੱਲੋਂ ਇਕੱਠਾ ਕੀਤਾ ਸਾਰਾ ਪਾਣੀ ਥੱਲੇ ਆ ਗਿਆ। ਉਸ ਨੇ ਗੁੱਸੇ ਵਿਚ ਆ ਕੇ ਇਕ ਵੱਡਾ ਪੱਥਰ ਹੇਠਾਂ ਵੱਲ ਨੂੰ ਰੇੜ੍ਹ ਦਿੱਤਾ। ਪੱਥਰ ਨੂੰ ਆਉਂਦਾ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਂਹ ਉੱਚੀ ਕੀਤੀ ਤੇ ਪੰਜੇ ਨਾਲ ਇਸ ਨੂੰ ਰੋਕ ਦਿੱਤਾ। ਹੁਣ ਵਲੀ ਕੰਧਾਰੀ ਦਾ ਸਾਰਾ ਭਰਮ ਟੁੱਟ ਚੁੱਕਾ ਸੀ ਤੇ ਉਹ ਹੇਠਾਂ ਆ ਕੇ ਗੁਰੂ ਜੀ ਦੇ ਚਰਨੀਂ ਡਿੱਗ ਗਿਆ ਤੇ ਮਾਫ਼ੀ ਮੰਗ ਕੇ ਸੇਵਕ ਬਣ ਗਿਆ। ਉਸ ਵੱਡੇ ਪੱਥਰ ਉੱਪਰ ਅੱਜ ਵੀ ਗੁਰੂ ਸਾਹਿਬ ਦਾ ਪੰਜਾ ਮੌਜੂਦ ਹੈ ਤੇ ਸੰਗਤਾਂ ਬੜੇ ਸਤਿਕਾਰ ਨਾਲ ਉਸ ਦੇ ਦਰਸ਼ਨ ਕਰਦੀਆਂ ਹਨ।

ਖ਼ਾਲਸਾ ਰਾਜ ਵੇਲੇ ਇਸ ਸਥਾਨ ਦੀ ਸੇਵਾ ਹਰੀ ਸਿੰਘ ਨਲੂਆ ਨੇ ਕਰਵਾਈ ਸੀ। ਮਹਾਰਾਜਾ ਰਣਜੀਤ ਸਿੰਘ ਵੀ ਇਥੇ ਦਰਸ਼ਨ ਕਰਨ ਆਏ ਸਨ। ਇਸ ਸਥਾਨ 'ਤੇ ਅੱਜ ਤਿੰਨ ਮੰਜ਼ਿਲਾ ਇਮਾਰਤ ਹੈ। ਪਹਿਲੀ ਮੰਜ਼ਿਲ ਸਰੋਵਰ ਵਿਚ ਘਿਰੀ ਹੋਈ ਹੈ, ਦੂਜੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੈ ਅਤੇ ਤੀਜੀ ਮੰਜ਼ਿਲ 'ਤੇ ਸੱਚਖੰਡ ਬਣਿਆ ਹੋਇਆ ਹੈ। ਗੁਰਦੁਆਰੇ ਦੀ ਹਦੂਦ ਵਿਚ ਬਹੁਤ ਸਾਰੇ ਕਮਰੇ ਤੇ ਬਰਾਂਡੇ ਹਨ, ਜਿਨ੍ਹਾਂ ਵਿਚ ਸੰਗਤਾਂ ਨਿਵਾਸ ਕਰਦੀਆਂ ਹਨ। ਪੰਜਾ ਲੱਗਾ ਹੋਇਆ ਪੱਥਰ ਗੁਰਦੁਆਰੇ ਤੇ ਹੋਰ ਇਮਾਰਤਾਂ ਤੋਂ ਬਹੁਤ ਨੀਵੇਂ ਸਥਾਨ 'ਤੇ ਸਰੋਵਰ ਵਿਚ ਹੈ। ਸੰਗਤਾਂ ਸਰੋਵਰ ਵਿਚ ਇਸ਼ਨਾਨ ਕਰ ਕੇ ਪੰਜਾ ਸਾਹਿਬ ਦੇ ਦਰਸ਼ਨ ਕਰਦੀਆਂ ਹਨ। ਇਸ ਗੁਰਦੁਆਰਾ ਸਾਹਿਬ ਵਿਖੇ ਸਾਲ ਵਿਚ ਚਾਰ ਵਾਰ ਵੱਡੀ ਗਿਣਤੀ 'ਚ ਸੰਗਤਾਂ ਜੁੜਦੀਆਂ ਹਨ ਅਤੇ ਵਿਸਾਖੀ 'ਤੇ ਜੋੜਮੇਲਾ ਲੱਗਦਾ ਹੈ। ਗੁਰਦੁਆਰੇ ਵਿਚ ਸੰਗਤਾਂ ਦੇ ਠਹਿਰਨ ਲਈ ਢੁੱਕਵਾਂ ਪ੍ਰਬੰਧ ਹੈ ਅਤੇ ਅਟੁੱਟ ਲੰਗਰ ਚੱਲਦੇ ਰਹਿੰਦੇ ਹਨ। •

94171-97395



# ਗੁਰਬਾਣੀ ਦੇ ਨਾਮਵਰ ਟੀਕਾਕਾਰ ਪ੍ਰੋ. ਸਾਹਿਬ ਸਿੰਘ

ਦਲਜੀਤ ਰਾਏ ਕਾਲੀਆ



ਜਨਮ ਦਿਨ 16 ਫਰਵਰੀ 'ਤੇ

ਪ੍ਰੋ. ਸਾਹਿਬ ਸਿੰਘ ਗੁਰਬਾਣੀ ਦੇ ਵਿਆਖਿਆਕਾਰ, ਸ਼੍ਰੋਮਣੀ ਟੀਕਾਕਾਰ, ਵਿਆਕਰਣਵੇਤਾ, ਇਤਿਹਾਸਕਾਰ ਤੇ ਵਾਰਤਾਕਾਰ ਸਨ। ਉਨ੍ਹਾਂ ਦਾ ਜਨਮ ਪਿਤਾ ਹੀਰਾ ਨੰਦ ਤੇ ਮਾਤਾ ਜਮਨੀ ਉਰਫ਼ ਨਿਹਾਲ ਦੇਵੀ ਦੇ ਘਰ 16 ਫ਼ਰਵਰੀ 1892 ਈਸਵੀ ਨੂੰ ਪਿੰਡ ਫੱਤੇਵਾਲੀ ਤਹਿਸੀਲ ਪਸਰੂਰ, ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਨੱਥੂ ਰਾਮ ਸੀ। ਸਾਢੇ ਚਾਰ ਸਾਲ ਦੀ ਉਮਰ ਵਿਚ ਨੱਥੂ ਰਾਮ ਨੂੰ ਪਿੰਡ ਦੇ ਸਕੂਲ ਵਿਚ ਪੜ੍ਹਨ ਲਾ ਦਿੱਤਾ ਗਿਆ। 1902 ਵਿਚ ਇਥੋਂ ਉਸ ਨੇ ਪੰਜਵੀ ਦਾ ਇਮਤਿਹਾਨ ਪਾਸ ਕੀਤਾ। 1905 ਵਿਚ ਉਸ ਨੇ ਗੋਤਾ ਫ਼ਤਹਿਗੜ੍ਹ ਦੇ ਸਕੂਲ ਤੋਂ ਮਿਡਲ ਦਾ ਇਮਤਿਹਾਨ ਪੂਰੇ ਰਾਵਲਪਿੰਡੀ ਡਿਵੀਜ਼ਨ ਵਿੱਚੋਂ ਪਹਿਲੇ ਦਰਜੇ 'ਚ ਪਾਸ ਕੀਤਾ ਅਤੇ ਵਜ਼ੀਫ਼ਾ ਹਾਸਲ ਕੀਤਾ। ਅੱਠਵੀ ਪਾਸ ਕਰਨ ਉਪਰੰਤ ਉਸ ਨੇ ਅੰਮ੍ਰਿਤ ਛਕ ਲਿਆ ਅਤੇ ਉਹ ਸਾਹਿਬ ਸਿੰਘ ਬਣ ਗਏ।

20 ਜੁਲਾਈ 1907 ਨੂੰ ਸਾਹਿਬ ਸਿੰਘ ਦੇ ਪਿਤਾ ਅਕਾਲ ਚਲਾਣਾ ਕਰ ਗਏ। ਘਰ ਦੀ ਆਰਥਿਕ ਮੰਦਹਾਲੀ ਕਾਰਨ 1909 ਵਿਚ ਉਨ੍ਹਾਂ ਨੂੰ ਸਾਂਗਲਾ ਦੇ ਮਿਡਲ ਸਕੂਲ ਵਿਚ ਅਧਿਆਪਕ ਦੀ ਨੌਕਰੀ ਕਰਨੀ ਪਈ। ਇਕ ਸਾਲ ਡਾਕਖ਼ਾਨੇ ਵਿਚ ਕਲਰਕ ਵੀ ਰਹੇ ਪਰ ਵਿੱਦਿਆ ਪ੍ਰਾਪਤ ਕਰਨ ਦੀ ਅਥਾਹ ਲਗਨ ਸੀ। ਫਿਰ ਉਨ੍ਹਾਂ ਨੇ ਦਿਆਲ ਸਿੰਘ ਕਾਲਜ ਲਾਹੌਰ ਵਿਚ ਦਾਖ਼ਲਾ ਲੈ ਲਿਆ ਅਤੇ ਇੱਥੋਂ ਐੱਫ਼ਏ ਦਾ ਇਮਤਿਹਾਨ ਵਜ਼ੀਫ਼ਾ ਲੈ ਕੇ ਪਾਸ ਕੀਤਾ। ਗੌਰਮਿੰਟ ਕਾਲਜ ਤੋਂ 1914 ਵਿਚ ਬੀਏ ਦਾ ਇਮਤਿਹਾਨ ਪਾਸ ਕੀਤਾ। ਉਹ ਸੰਸਕ੍ਰਿਤ ਵਿਸ਼ੇ ਵਿੱਚੋਂ ਯੂਨੀਵਰਸਿਟੀ 'ਚੋ ਪਹਿਲੇ ਨੰਬਰ 'ਤੇ ਰਹੇ ਅਤੇ ਮੈਡਲ ਪ੍ਰਾਪਤ ਕੀਤਾ। ਬੀਏ ਕਰਨ ਉਪਰੰਤ ਉਹ 8 ਸਤੰਬਰ 1915 ਨੂੰ ਖ਼ਾਲਸਾ ਹਾਈ ਸਕੂਲ ਫ਼ਰੁਕਾ ਵਿਖੇ ਅਧਿਆਪਕ ਨਿਯੁਕਤ ਹੋਏ। 1917 ਵਿਚ ਉਨ੍ਹਾਂ ਦੀ ਨਿਯੁਕਤੀ ਗੁਰੂ ਨਾਨਕ ਕਾਲਜ ਗੁਜਰਾਂਵਾਲਾ ਵਿਖੇ ਸੰਸਕ੍ਰਿਤ ਅਤੇ ਧਾਰਮਿਕ ਸਿੱਖਿਆ ਦੇ ਪ੍ਰੋਫੈਸਰ ਵਜੋਂ ਹੋਈ।

ਦਸੰਬਰ 1920 ਵਿਚ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿਚ ਆਪਣੇ ਕਾਲਜ 'ਚ ਰੱਖੇ ਗਏ ਅਖੰਡ ਪਾਠ ਸਮੇਂ ਪ੍ਰੋ. ਸਾਹਿਬ ਸਿੰਘ ਪਾਠ ਕਰ ਰਹੇ ਸਨ ਤਾਂ ਪੰਨਾ ਨੰਬਰ 965 'ਤੇ ਇਕੋ ਸ਼ਬਦ ਤਿੰਨ ਵਾਰ ਅਲੱਗ-ਅਲੱਗ ਜੋੜਾਂ ਨਾਲ ਆਇਆ ਤਾਂ ਉਨ੍ਹਾਂ ਨੂੰ ਬੜੀ ਹੈਰਾਨੀ ਹੋਈ। ਸੋਚ ਵਿਚਾਰ ਕਰਦਿਆਂ ਉਨ੍ਹਾਂ ਨੇ ਤਿੰਨਾਂ ਅਲੱਗ-ਅਲੱਗ ਜੋੜਾਂ ਵਾਲੇ ਸ਼ਬਦਾਂ ਦੇ ਅਰਥ ਲੱਭ ਲਏ। ਇਸ ਤਰ੍ਹਾਂ ਉਨ੍ਹਾਂ ਵਿਆਕਰਣ ਦਾ ਸਿਧਾਂਤ ਖੋਜ ਲਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਬਤੌਰ ਮੀਤ ਸਕੱਤਰ ਕੰਮ ਕਰਨ ਦੌਰਾਨ ਉਹ ਗੁਰੂ ਕੇ ਬਾਗ਼ ਦੇ ਮੋਰਚੇ ਅਤੇ ਜੈਤੋ ਦੇ ਮੋਰਚੇ ਸਮੇਂ ਜੇਲ੍ਹ ਗਏ। ਜੇਲ੍ਹ ਯਾਤਰਾ ਦੌਰਾਨ ਉਨ੍ਹਾਂ ਨੇ ਆਪਣਾ ਸਾਰਾ ਸਮਾਂ ਗੁਰਬਾਣੀ ਵਿਆਕਰਣ ਨੂੰ ਸਮਝਣ ਲਈ ਲਾਇਆ। ਰਿਹਾਈ ਤੋਂ ਬਾਅਦ ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਦੇ ਮਨ ਵਿਚ ਗੁਰਬਾਣੀ ਵਿਆਕਰਣ ਬਾਰੇ ਖੋਜ ਕਰਨ ਦੀ ਤੀਬਰ ਤਾਂਘ ਸੀ। ਉਨ੍ਹਾਂ ਨੇ ਗੁਰਬਾਣੀ ਦੇ ਵਿਸ਼ਾ ਵਸਤੂ ਅਤੇ ਵਿਆਕਰਣ ਨੂੰ ਧਿਆਨ ਵਿਚ ਰੱਖਦੇ ਹੋਏ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1927-18 ਵਿਚ ਅਰਥ ਮੁਕੰਮਲ ਕੀਤੇ। ਗੁਰਬਾਣੀ ਵਿਆਕਰਣ 1932 ਵਿਚ ਤਿਆਰ ਕੀਤਾ, ਜੋ 1938 ਵਿਚ ਛਪਿਆ। ਇਸ ਪੁਸਤਕ ਲਈ ਉਨ੍ਹਾਂ ਨੂੰ ਸ੍ਰੀ ਦਰਬਾਰ ਸਾਹਿਬ ਪ੍ਰਬੰਧ ਕਮੇਟੀ ਵੱਲੋਂ ਇਕ ਹਜ਼ਾਰ ਰੁਪਏ ਅਤੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਪ੍ਰੋ. ਸਾਹਿਬ ਸਿੰਘ ਨੇ ਅਕਤੂਬਰ 1952 ਕਰ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਪ੍ਰੋਫੈਸਰ ਵਜੋਂ ਸੇਵਾ ਨਿਭਾਈ। ਉਹ ਅੰਮ੍ਰਿਤਸਰ ਦੇ ਸਿੱਖ ਮਿਸ਼ਨਰੀ ਕਾਲਜ ਦੇ 1954 ਤੋਂ 1962 ਤਕ ਪ੍ਰਿੰਸੀਪਲ ਵੀ ਰਹੇ। ਉਨ੍ਹਾਂ ਨੇ 1430 ਪੰਨਿਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਕੰਮਲ ਟੀਕਾ 1953 ਵਿਚ ਤਿਆਰ ਕੀਤਾ। ਇਸ ਦਾ ਲਿਖਤੀ ਰੂਪ ਜੂਨ 1961 ਤਕ ਮੁਕੰਮਲ ਹੋਇਆ। ਪ੍ਰੋ. ਸਾਹਿਬ ਸਿੰਘ ਦੀ ਸਾਹਿਤ ਸਿਰਜਣਾ ਨੂੰ ਇਕ ਲੇਖ ਵਿਚ ਬਿਆਨਣਾ ਅਸੰਭਵ ਹੈ। ਉਨ੍ਹਾਂ ਜਾਪੁ ਸਾਹਿਬ, ਸਵੈਈਏ ਤੇ ਚੌਪਈ ਦਾ ਸਟੀਕ ਵੀ ਰਚਿਆ। 'ਧਰਮ ਤੇ ਸਦਾਚਾਰ', 'ਸਰਬੱਤ ਦਾ ਭਲਾ', 'ਧਾਰਮਿਕ ਲੇਖ', 'ਗੁਰਮਤਿ ਪ੍ਰਕਾਸ਼', 'ਸਿੱਖ ਸਿਦਕ ਨਾ ਹਾਰੇ', 'ਬੁਰਾਈ ਦਾ ਟਾਕਰਾ', 'ਗੁਰਬਾਣੀ ਦਾ ਇਤਿਹਾਸ' 'ਮੇਰੀ ਜੀਵਨ ਕਹਾਣੀ' ਪ੍ਰੋ. ਸਾਹਿਬ ਸਿੰਘ ਦੁਆਰਾ ਰਚਿਤ ਪ੍ਰਮੁੱਖ ਪੁਸਤਕਾਂ ਹਨ। ਸਿੱਖ ਧਰਮ, ਟੀਕਾਕਾਰੀ, ਗੁਰਬਾਣੀ ਅਤੇ ਗੁਰਬਾਣੀ ਵਿਆਕਰਣ ਉਨ੍ਹਾਂ ਦੇ ਮੁੱਖ ਵਿਸ਼ੇ ਰਹੇ।

ਉਨ੍ਹਾਂ ਦੀਆਂ ਸਾਹਿਤਕ ਸੇਵਾਵਾਂ ਬਦਲੇ ਪੰਜਾਬ ਯੂਨੀਵਰਸਿਟੀ ਵੱਲੋਂ ਉਨ੍ਹਾਂ ਨੂੰ ਡਿ.ਲਿਟ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ ਸੀ। 29 ਅਕਤੂਬਰ 1977 ਨੂੰ ਉਨ੍ਹਾਂ ਦੀ ਜੀਵਨ ਯਾਤਰਾ ਸਮਾਪਤ ਹੋ ਗਈ। ਪੰਜਾਬੀ ਸਾਹਿਤ ਗਗਨ ਵਿਚ ਉਨ੍ਹਾਂ ਦਾ ਨਾਂ ਸਦਾ ਰੋਸ਼ਨ ਸਿਤਾਰੇ ਦੀ ਤਰ੍ਹਾਂ ਚਮਕਦਾ ਰਹੇਗਾ। •

**ਪ੍ਰੋ. ਸਾਹਿਬ ਸਿੰਘ ਨੇ ਜਾਪੁ ਸਾਹਿਬ, ਸਵੈਈਏ ਤੇ ਚੌਪਈ ਦੇ ਸਟੀਕ ਰਚੇ। ਇਸ ਤੋਂ ਇਲਾਵਾ 'ਧਰਮ ਤੇ ਸਦਾਚਾਰ', 'ਸਰਬੱਤ ਦਾ ਭਲਾ', 'ਧਾਰਮਿਕ ਲੇਖ', 'ਗੁਰਮਤਿ ਪ੍ਰਕਾਸ਼', 'ਸਿੱਖ ਸਿਦਕ ਨਾ ਹਾਰੇ', 'ਬੁਰਾਈ ਦਾ ਟਾਕਰਾ', 'ਗੁਰਬਾਣੀ ਦਾ ਇਤਿਹਾਸ' 'ਮੇਰੀ ਜੀਵਨ ਕਹਾਣੀ' ਉਨ੍ਹਾਂ ਦੀਆਂ ਪ੍ਰਸਿੱਧ ਪੁਸਤਕਾਂ ਹਨ...**

# ਮੋਦੀ ਵਲੋਂ ਦੇਸ਼ ਦੀ ਪਹਿਲੀ 'ਅੰਡਰਵਾਟਰ ਮੈਟਰੋ' ਦਾ ਉਦਘਾਟਨ, ਬੱਚਿਆਂ ਨਾਲ ਕੀਤਾ ਸਫ਼ਰ



**ਕੋਲਕਾਤਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਯਾਨੀ ਕਿ ਬੁੱਧਵਾਰ ਨੂੰ ਦੇਸ਼ ਦੀ ਪਹਿਲੀ 'ਅੰਡਰਵਾਟਰ ਮੈਟਰੋ' ਟਰੇਨ ਦਾ ਉਦਘਾਟਨ ਕੀਤਾ ਹੈ। ਕੋਲਕਾਤਾ ਦੀ ਅੰਡਰਵਾਟਰ ਮੈਟਰੋ ਦਾ ਨਿਰਮਾਣ ਹੁਗਲੀ ਨਦੀ ਦੇ ਹੇਠਾਂ ਕੀਤਾ ਗਿਆ ਹੈ। ਦੱਸ ਦੇਈਏ ਕਿ ਰੇਲ ਮੰਤਰੀ ਅਸ਼ਵਨੀ ਵੈਸ਼ਣਵ ਨੇ ਕੋਲਕਾਤਾ ਮੈਟਰੋ ਟਰੇਨ ਸੇਵਾਵਾਂ ਦੀ ਕੁਝ ਦਿਨ ਪਹਿਲਾਂ ਸਮੀਖਿਆ ਕੀਤੀ ਸੀ ਅਤੇ ਅੱਜ ਪ੍ਰਧਾਨ ਮੰਤਰੀ ਨੇ ਇਸ ਨੂੰ ਦੇਸ਼ ਨੂੰ ਸਮਰਪਿਤ ਕੀਤਾ ਹੈ।

ਪ੍ਰਧਾਨ ਮੰਤਰੀ ਨੇ ਮੈਟਰੋ ਦਾ ਉਦਘਾਟਨ ਕਰਨ ਮਗਰੋਂ ਸਕੂਲ ਦੇ ਬੱਚਿਆਂ ਨਾਲ ਮੈਟਰੋ ਵਿਚ ਸਫ਼ਰ ਵੀ ਕੀਤਾ। ਇਸ ਦੌਰਾਨ ਉਨ੍ਹਾਂ ਨੇ ਬੱਚਿਆਂ ਨਾਲ ਗੱਲਬਾਤ ਵੀ ਕੀਤੀ। ਇਹ ਅੰਡਰਵਾਟਰ ਟਰੇਨ ਮੈਟਰੋ ਟਨਲ ਹਾਵੜਾ ਮੈਦਾਨ-ਐਸਪਲੇਨੇਡ ਸੈਕਸ਼ਨ ਵਿਚਾਲੇ ਦੌੜੇਗੀ। ਇਸ ਮੈਟਰੋ ਸੁਰੰਗ ਨੂੰ ਹੁਗਲੀ ਨਦੀ ਦੇ ਤਲ ਤੋਂ 32 ਮੀਟਰ ਹੇਠਾਂ ਬਣਾਇਆ ਗਿਆ ਹੈ। ਕੋਲਕਾਤਾ ਮੈਟਰੋ ਹਾਵੜਾ ਮੈਦਾਨ-ਐਸਪਲੇਨੇਡ ਟਨਲ ਭਾਰਤ ਵਿਚ ਕਿਸੇ ਵੀ ਨਦੀ ਦੇ ਹੇਠਾਂ ਬਣਾਈ ਜਾਣ ਵਾਲੀ ਪਹਿਲੀ ਟਰਾਂਸਪੋਰਟ ਸੁਰੰਗ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਭੂਮੀਗਤ ਮੈਟਰੋ ਹੁਗਲੀ ਨਦੀ ਦੇ ਹੇਠਾਂ 520 ਮੀਟਰ ਦੀ ਦੂਰੀ 45 ਸੈਕਿੰਡ ਵਿਚ ਤੈਅ ਕਰੇਗੀ। ਇਕ ਅਧਿਕਾਰਤ ਬਿਆਨ ਮੁਤਾਬਕ ਮਜੇਰਹਾਟ ਮੈਟਰੋ ਸਟੇਸ਼ਨ ਇਕ ਵਿਲੱਖਣ ਸਟੇਸ਼ਨ ਹੈ, ਜੋ ਇਕ ਰੇਲਵੇ ਲਾਈਨ, ਪਲੇਟਫਾਰਮ ਅਤੇ ਇਕ ਨਹਿਰ ਉੱਤੇ ਬਣਾਇਆ ਗਿਆ ਹੈ।

ਹਾਵੜਾ ਮੈਦਾਨ ਤੋਂ ਐਸਪਲੇਨੇਡ ਤੱਕ 4.8 ਕਿਲੋਮੀਟਰ ਦਾ ਰੂਟ ਬਣ ਕੇ ਤਿਆਰ ਹੋ ਗਿਆ ਹੈ। ਇਸ ਰੂਟ ਵਿਚ 4 ਅੰਡਰਗਰਾਊਂਡ ਸਟੇਸ਼ਨ- ਹਾਵੜਾ ਮੈਦਾਨ, ਹਾਵੜਾ ਸਟੇਸ਼ਨ, ਮਹਾਕਰਨ ਅਤੇ ਐਸਪਲੇਨੇਡ ਹਾਵੜਾ ਸਟੇਸ਼ਨ, ਜੋ ਜ਼ਮੀਨ ਤੋਂ 30 ਕਿਲੋਮੀਟਰ ਹੇਠਾਂ ਬਣੇ ਹਨ। ਇਹ ਦੁਨੀਆ ਦਾ ਸਭ ਤੋਂ ਡੂੰਘਾ ਬਣਿਆ ਮੈਟਰੋ ਸਟੇਸ਼ਨ ਹੈ। ਇਸ ਤੋਂ ਪਹਿਲਾਂ ਲੰਡਨ ਅਤੇ ਪੈਰਿਸ 'ਚ ਹੀ ਪਾਣੀ ਦੇ ਹੇਠਾਂ ਮੈਟਰੋ ਰੂਟ ਬਣਾਏ ਗਏ ਸਨ।

# ਮਾਲਵਾ ਨਹਿਰ ਦੇ ਨਿਰਮਾਣ ਮਗਰੋਂ ਪੰਜ ਲੱਖ ਟਿਊਬਵੈੱਲ ਵਿਹਲੇ ਹੋ ਜਾਣਗੇ: ਭਗਵੰਤ ਮਾਨ

## ਰਾਣਾ ਗੁਰਜੀਤ ਸਿੰਘ ਵੱਲੋਂ ਟਿਊਬਵੈੱਲ ਕੁਨੈਕਸ਼ਨਾਂ ਨੂੰ ਤਰਕਸੰਗਤ ਬਣਾਉਣ ਦੀ ਅਪੀਲ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਵਿੱਚ ਅੱਜ ਪ੍ਰਸ਼ਨ ਕਾਲ ਦੌਰਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸਰਕਾਰ ਵੱਲੋਂ ਆਉਂਦੇ ਵਰ੍ਹੇ ਵਿੱਚ ਨਹਿਰੀ ਪਾਣੀ ਨੂੰ ਹਰ ਖੇਤ ਤੱਕ ਪੁੱਜਦਾ ਕਰਕੇ ਕਰੀਬ ਪੰਜ ਲੱਖ ਟਿਊਬਵੈੱਲਾਂ ਦੀ ਕਟੌਤੀ ਕੀਤੇ ਜਾਣ ਦਾ ਟੀਚਾ ਹੈ। ਵਿਧਾਇਕ ਗੁਰਪ੍ਰੀਤ ਸਿੰਘ ਵਣਾਂਵਾਲੀ ਵੱਲੋਂ ਪੁੱਛੇ ਸੁਆਲ ਦੇ ਜੁਆਬ ਵਿਚ ਪਹਿਲਾਂ ਬਿਜਲੀ ਮੰਤਰੀ ਹਰਭਜਨ ਸਿੰਘ ਨੇ ਕਿਹਾ ਕਿ ਪੰਜ ਏਕੜ ਤੋਂ ਘੱਟ ਮਾਲਕੀ ਦੇ ਕਿਸਾਨਾਂ ਅਤੇ ਜ਼ਮੀਨਾਂ ਦੀ ਤਕਸੀਮ ਮਗਰੋਂ ਅਲੱਗ ਖਾਤੇ ਵਾਲੇ ਕਿਸਾਨਾਂ ਲਈ ਨਵੇਂ ਟਿਊਬਵੈੱਲ ਕੁਨੈਕਸ਼ਨ ਦੇਣ ਦੀ ਕੋਈ ਤਜਵੀਜ਼ ਨਹੀਂ ਹੈ। ਬਿਜਲੀ ਮੰਤਰੀ ਨੇ ਦੱਸਿਆ ਕਿ 14 ਮਾਰਚ 2018 ਤੋਂ ਮਗਰੋਂ ਪੰਜਾਬ ਵਿੱਚ ਸੁਤੰਤਰਤਾ ਸੰਗਰਾਮੀਆਂ ਨੂੰ ਛੱਡ ਕੇ ਕਿਸੇ ਨੂੰ ਵੀ ਡਿਮਾਂਡ ਨੋਟਿਸ ਜਾਰੀ ਨਹੀਂ ਕੀਤਾ ਗਿਆ ਹੈ। ਕਾਂਗਰਸੀ ਵਿਧਾਇਕ ਰਾਣਾ ਗੁਰਜੀਤ ਸਿੰਘ ਨੇ ਮਸ਼ਵਰਾ ਦਿੱਤਾ ਕਿ ਪੰਜਾਬ ਵਿੱਚ ਜੋ 14.50 ਲੱਖ ਟਿਊਬਵੈੱਲ ਕੁਨੈਕਸ਼ਨ ਹਨ ਉਨ੍ਹਾਂ ਨੂੰ ਤਰਕਸੰਗਤ ਬਣਾਇਆ ਜਾਵੇ। ਉਨ੍ਹਾਂ ਦੱਸਿਆ ਕਿ ਮਾਲਵੇ ਵਿੱਚ 9.64 ਲੱਖ ਕੁਨੈਕਸ਼ਨ ਹਨ।

ਮੁੱਖ ਮੰਤਰੀ ਨੇ ਇਸ ਮਸ਼ਵਰੇ ਨੂੰ ਪ੍ਰਵਾਨ ਕਰਦਿਆਂ ਕਿਹਾ ਕਿ ਸਰਕਾਰ ਬੰਦ ਪਈਆਂ ਨਹਿਰਾਂ ਅਤੇ ਰਜਵਾਹਿਆਂ ਨੂੰ ਮੁੜ ਸੁਰਜੀਤ ਕਰ ਰਹੀ ਹੈ ਅਤੇ ਅੰਡਰਗਰਾਊਂਡ ਪਾਈਪਾਂ ਜ਼ਰੀਏ ਵੀ ਨਹਿਰੀ ਪਾਣੀ ਦੇਣ ਦਾ ਪ੍ਰਾਜੈਕਟ ਚੱਲ ਰਿਹਾ ਹੈ।

ਇਸੇ ਤਰ੍ਹਾਂ ਮਾਲਵਾ ਨਹਿਰ ਬਣਾਈ ਜਾਵੇਗੀ ਅਤੇ ਇਸ ਨਾਲ ਸਰਹਿੰਦ ਨਹਿਰ ਵਿੱਚੋਂ ਪਾਣੀ ਚੁੱਕਣ ਵਾਲੇ ਲਿਫ਼ਟ ਪੰਪਾਂ ਤੋਂ ਵੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਖੇਤਾਂ ਵਿੱਚ ਨਹਿਰੀ ਪਾਣੀ ਏਨਾ ਆਮ ਕਰ ਦਿੱਤਾ ਜਾਵੇਗਾ ਕਿ ਕਰੀਬ ਪੰਜ ਲੱਖ ਟਿਊਬਵੈੱਲਾਂ ਦੀ ਕੋਈ ਲੋੜ ਨਹੀਂ ਰਹੇਗੀ।

ਕਾਂਗਰਸੀ ਵਿਧਾਇਕਾ ਅਰੁਣਾ ਚੌਧਰੀ ਨੇ ਜ਼ਿਲ੍ਹਾ ਗੁਰਦਾਸਪੁਰ ਅਤੇ ਬਰਨਾਲਾ ਵਿਚ ਵਾਧੂ ਚਾਰਜ ਵਾਲੇ ਬੀਡੀਪੀਓਜ਼ ਦਾ ਸੁਆਲ ਉਠਾਇਆ ਅਤੇ ਉਨ੍ਹਾਂ ਨੇ ਖ਼ਾਸ ਤੌਰ 'ਤੇ ਕਿਹਾ ਕਿ



ਜਿਸ ਸੀਨੀਅਰ ਸਹਾਇਕ ਲੇਖਾ ਹੀਰਾ ਸਿੰਘ 'ਤੇ ਵਿਧਾਨ ਸਭਾ ਦੀ ਮਰਿਆਦਾ ਕਮੇਟੀ ਨੇ ਉਂਗਲ ਉਠਾਈ ਸੀ, ਉਸ ਨੂੰ ਪੰਚਾਇਤ ਵਿਭਾਗ ਨੇ ਬਰਨਾਲਾ ਜ਼ਿਲ੍ਹੇ ਵਿੱਚ ਮੁੜ ਬੀਡੀਪੀਓ ਦਾ ਚਾਰਜ ਦੇ ਦਿੱਤਾ ਹੈ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਸਰਕਾਰ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਵਿਧਾਨ ਸਭਾ ਦੀਆਂ ਕਮੇਟੀਆਂ ਦੀਆਂ ਸਿਫ਼ਾਰਸ਼ਾਂ ਦੀ ਪਾਲਣਾ ਕਰਾਈ ਜਾਵੇ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਜਦੋਂ ਰਾਮਪੁਰਾ ਦੇ ਸਿਵਲ ਹਸਪਤਾਲ ਵਿੱਚ ਡਿਜੀਟਲ ਮਸ਼ੀਨਾਂ ਦੀ ਘਾਟ ਦਾ ਮਾਮਲਾ ਚੁੱਕਿਆ ਤਾਂ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਹਸਪਤਾਲ ਲਈ ਅਲਟਰਾਸਾਊਂਡ ਮਸ਼ੀਨ ਦੀ ਖ਼ਰੀਦ ਦਾ ਆਰਡਰ ਹੋ ਚੁੱਕਿਆ ਹੈ।

ਕਾਂਗਰਸੀ ਵਿਧਾਇਕ ਸੁਖਵਿੰਦਰ ਸਿੰਘ ਸਰਕਾਰੀਆ ਨੇ ਲਾਹੌਰ ਬਰਾਂਚ ਨਹਿਰ ਦਾ ਮਾਮਲਾ ਚੁੱਕਿਆ ਜਦੋਂਕਿ ਜਗਦੀਪ ਸਿੰਘ ਕਾਕਾ ਬਰਾੜ ਨੇ ਮੁਕਤਸਰ ਦੇ ਸੁੰਦਰੀਕਰਨ ਦਾ ਸੁਆਲ ਉਠਾਇਆ।

ਅਕਾਲੀ ਵਿਧਾਇਕ ਡਾ. ਸੁਖਵਿੰਦਰ ਕੁਮਾਰ ਨੇ ਬੰਗਾ ਹਲਕੇ ਵਿਚ ਚਾਰ ਸਕੂਲਾਂ ਵਿੱਚ ਰੈਗੂਲਰ ਅਧਿਆਪਕਾਂ ਦੀ ਘਾਟ ਦਾ ਮੁੱਦਾ ਚੁੱਕਿਆ। ਇਸ ਦੇ ਜਵਾਬ ਵਿੱਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਸਿੱਖਿਆ ਵਿਭਾਗ ਦੀਆਂ ਪ੍ਰਾਪਤੀਆਂ ਗਿਣਾ ਦਿੱਤੀਆਂ।

ਕਾਂਗਰਸੀ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਵੱਲੋਂ ਗੰਨੇ ਦੇ ਬਕਾਏ ਬਾਰੇ ਪੁੱਛੇ ਸੁਆਲ ਪੁੱਛਿਆ ਗਿਆ। ਪ੍ਰਿੰਸੀਪਲ ਬੁੱਧ ਰਾਮ ਦੇ ਸਵਾਲ ਦੇ ਜੁਆਬ ਵਿੱਚ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਜਿਹੜੇ ਕਿਸਾਨ ਲਿੰਕ ਸੜਕਾਂ ਦੀਆਂ ਬਰਮਾਂ ਨੂੰ ਆਪਣੇ ਖੇਤਾਂ ਨਾਲ ਮਿਲਾ ਲੈਂਦੇ ਹਨ, ਉਨ੍ਹਾਂ ਤੋਂ ਬਰਮ ਖ਼ਾਲੀ ਕਰਾਉਣ ਲਈ ਜ਼ਿਲ੍ਹਾ ਪੱਧਰ ਤੇ ਐੱਸਡੀਐੱਮ ਪੱਧਰ 'ਤੇ ਕਮੇਟੀਆਂ ਦਾ ਗਠਨ ਕੀਤਾ ਹੋਇਆ ਹੈ। ਜਲ ਸਰੋਤ ਵਿਭਾਗ ਦੇ ਪ੍ਰਮੁੱਖ ਸਕੱਤਰ ਕ੍ਰਿਸ਼ਨ ਕੁਮਾਰ ਦੀ ਅੱਜ ਸਦਨ ਵਿਚ ਹਾਕਮ ਤੇ ਵਿਰੋਧੀ ਧਿਰ ਵੱਲੋਂ ਪ੍ਰਸ਼ੰਸਾ ਹੋਈ। ਮੁੱਖ ਮੰਤਰੀ ਭਗਵੰਤ ਮਾਨ ਨੇ ਬਿਨਾਂ ਨਾਮ ਲਏ ਨਹਿਰ ਵਿਭਾਗ ਦੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਹਰ ਖੇਤ ਤੱਕ ਪਾਣੀ ਪੁੱਜਦਾ ਕੀਤੇ ਜਾਣ ਦਾ ਵਾਅਦਾ ਕੀਤਾ।

**ਮੈਕਸ ਹਸਪਤਾਲ ਤੋਂ 138 ਕਰੋੜ ਮਿਲੇ : ਸਿਹਤ ਮੰਤਰੀ**

ਮੁਹਾਲੀ ਤੋਂ ਵਿਧਾਇਕ ਕੁਲਵੰਤ ਸਿੰਘ ਨੇ ਪ੍ਰਾਈਵੇਟ ਹਸਪਤਾਲ ਬਾਰੇ ਪੁੱਛੇ ਸੁਆਲ ਦੇ ਜੁਆਬ ਵਿੱਚ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੈਕਸ ਹਸਪਤਾਲ ਤੋਂ ਸਰਕਾਰ ਨੂੰ ਹੁਣ ਤੱਕ 138.05 ਕਰੋੜ ਦੀ ਰਾਸ਼ੀ ਪ੍ਰਾਪਤ ਹੋਈ ਹੈ ਅਤੇ ਸਰਕਾਰ ਨੇ ਮੁਹਾਲੀ ਵਿੱਚ 3.1 ਏਕੜ ਜ਼ਮੀਨ ਇਸ ਹਸਪਤਾਲ ਨੂੰ ਦਿੱਤੀ ਸੀ।

# ਐਨਆਈਟੀਟੀਟੀਆਰ ਚੰਡੀਗੜ੍ਹ ਨੂੰ ਡੀਮਡ ਯੂਨੀਵਰਸਿਟੀ ਦਾ ਦਰਜਾ ਦਿੱਤਾ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਕਾਸ ਭਾਰਤ 2047 ਦੀ ਰੌਸ਼ਨੀ ਵਿੱਚ, ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਯੋਗ ਅਗਵਾਈ ਹੇਠ ਸ, ਕੇਂਦਰੀ ਸਿੱਖਿਆ ਮੰਤਰਾਲੇ, ਜਿਸ ਦੀ ਅਗਵਾਈ ਸ਼੍ਰੀ ਧਰਮੇਂਦਰ ਪ੍ਰਧਾਨ ਜੀ ਕਰ ਰਹੇ ਹਨ, ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਐਕਟ 1956 ਦੀ ਧਾਰਾ 3 ਤਹਿਤ ਨੈਸ਼ਨਲ ਇੰਸਟੀਟਿਊਟ ਆਵ ? ਟੈਕਨੀਕਲ ਟੀਚਰਸ ਟ੍ਰੇਨਿੰਗ ਐਂਡ ਰਿਸਰਚ (ਐਨਆਈਟੀਟੀਟੀਆਰ), ਚੰਡੀਗੜ੍ਹ ਨੂੰ ਵਿਲੱਖਣ ਸ਼੍ਰੇਣੀ ਤਹਿਤ ਡੀਮਡ-ਟੂ-ਬੀ-ਯੂਨੀਵਰਸਿਟੀ ਦਾ ਦਰਜਾ ਦੇਣ ਲਈ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਐਨਆਈਟੀਟੀਟੀਆਰ ਚੰਡੀਗੜ੍ਹ ਨੂੰ ਅਗਲੇ ਛੇ ਸਾਲਾਂ ਵਿੱਚ ਡੀਮਡ ਯੂਨੀਵਰਸਿਟੀਆਂ ਲਈ ਯੂਜੀਸੀ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਹੈ

ਡਾ: ਭੋਲਾ ਰਾਮ ਗੁਰਜਰ, ਡਾਇਰੈਕਟਰ ਐਨਆਈਟੀਟੀਟੀਆਰ ਚੰਡੀਗੜ੍ਹ ਨੇ ਕਿਹਾ ਕਿ, ਇੱਕ ਪ੍ਰਮੁੱਖ ਰਾਸ਼ਟਰੀ ਸੰਸਥਾ ਵਜੋਂ, ਐਨਆਈਟੀਟੀਟੀਆਰ ਚੰਡੀਗੜ੍ਹ ਨੇ ਪਿਛਲੇ 57 ਸਾਲਾਂ ਵਿੱਚ ਦੇਸ਼ ਦੇ ਤਕਨੀਕੀ ਸਿੱਖਿਆ ਈਕੋਸਿਸਟਮ ਨੂੰ ਅਪਗ੍ਰੇਡ ਕਰਨ ਵਿੱਚ ਇੱਕ ਬਹੁਤ ਹੀ ਵਿਲੱਖਣ ਭੂਮਿਕਾ ਨਿਭਾਈ ਹੈ।

ਇਹ ਦਰਜਾ ਮਿਲਣ ਨਾਲ ਲੋੜੀਂਦੀ ਲਚਕਤਾ ਮਿਲੇਗੀ ਅਤੇ ਐਨਈਪੀ 2020 ਦੇ ਅੰਤਰਗਤ ਰਾਸ਼ਟਰੀ ਮਿਸ਼ਨਾਂ ਦੇ ਅਨੁਰੂਪ ਪ੍ਰੋਗਰਾਮ ਸ਼ੁਰੂ ਕਰਨ ਲਈ ਖੁਦਮੁਖਤਿਆਰੀ ਮਿਲੇਗੀ ਜਿਸਦਾ ਮੁਖ ਵਿਸ਼ਾ ਹਰਿਆਲੀ ਅਤੇ ਟਿਕਾਊ ਵਿਕਾਸ , ਮਹਿਲਾ ਦੀ ਅਗਵਾਈ ਵਿਕਾਸ ਅਤੇ ਨਵੀਨਤਾਕਾਰੀ ਪੈਡਾਗੋਜੀਸ ਤੇ ਧਿਆਨ ਕੇਂਦਰਿਤ ਕਰਨਾ ਹੈ।

ਐਨਆਈਟੀਟੀਟੀਆਰ ਚੰਡੀਗੜ੍ਹ ਤਕਨੀਕੀ ਅਧਿਆਪਕ ਸਿੱਖਿਆ ਵਿੱਚ ਅਗਵਾਈ ਪ੍ਰਦਾਨ ਕਰੇਗਾ ਅਤੇ ਨਵੀਨਤਾਕਾਰੀ ਅਕਾਦਮਿਕ ਪ੍ਰੋਗਰਾਮਾਂ, ਡਾਕਟਰੇਟ ਅਤੇ ਪ੍ਰਣਾਲੀਗਤ ਖੋਜ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ 'ਤੇ ਧਿਆਨ ਕੇਂਦਰਿਤ ਕਰੇਗਾ ਅਤੇ ਯੂਜੀਸੀ ਦੁਆਰਾ ਨਿਰਧਾਰਿਤ ਮਾਪਦੰਡਾਂ ਅਤੇ ਮਾਪਦੰਡਾਂ ਦੇ ਅਨੁਰੂਪ ਹੋਵੇਗਾ। ਸੰਸਥਾਨ ਐਨਬੀਏ ਅਤੇ ਐਨਏਏਸੀ ਦੁਆਰਾ ਸੰਸਥਾਨ ਦੇ ਕੋਰਸਾਂ ਦੀ ਪ੍ਰਮਾਨਿਕਤਾ ਲਈ ਕਦਮ ਚੁੱਕੇਗਾ ਅਤੇ ਰਾਸ਼ਟਰੀ ਸੰਸਥਾਗਤ ਰੈਂਕਿੰਗ ਫਰੇਮਵਰਕ (ਐਨਆਈਆਰਐੱਫ) ਦੁਆਰਾ ਜਾਰੀ ਸਲਾਨਾ ਭਾਰਤੀ ਰੈਂਕਿੰਗ ਵਿੱਚ ਹਿੱਸਾ ਲਵੇਗਾ ਅਤੇ ਸਮਰਥ ਈ-ਗੋਵ ਨੂੰ ਅਪਣਾਵੇਗਾ।

# ਐਨਆਈਟੀਟੀਟੀਆਰ ਚੰਡੀਗੜ੍ਹ ਨੂੰ ਡੀਮਡ ਯੂਨੀਵਰਸਿਟੀ ਦਾ ਦਰਜਾ ਦਿੱਤਾ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ViksitBharat; 2047 ਦੀ ਰੌਸ਼ਨੀ ਵਿੱਚ, ਮਾਨਯੋਗ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਯੋਗ ਅਗਵਾਈ ਹੇਠ ਸ, ਕੇਂਦਰੀ ਸਿੱਖਿਆ ਮੰਤਰਾਲੇ, ਜਿਸ ਦੀ ਅਗਵਾਈ ਸ਼੍ਰੀ ਧਰਮੇਂਦਰ ਪ੍ਰਧਾਨ ਜੀ ਕਰ ਰਹੇ ਹਨ, ਨੇ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਐਕਟ 1956 ਦੀ ਧਾਰਾ 3 ਤਹਿਤ ਨੈਸ਼ਨਲ ਇੰਸਟੀਟਿਊਟ ਆਵ ? ਟੈਕਨੀਕਲ ਟੀਚਰਸ ਟ੍ਰੇਨਿੰਗ ਐਂਡ ਰਿਸਰਚ (ਐਨਆਈਟੀਟੀਟੀਆਰ), ਚੰਡੀਗੜ੍ਹ ਨੂੰ ਵਿਲੱਖਣ ਸ਼੍ਰੇਣੀ ਤਹਿਤ ਡੀਮਡ-ਟੂ-ਬੀ-ਯੂਨੀਵਰਸਿਟੀ ਦਾ ਦਰਜਾ ਦੇਣ ਲਈ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਐਨਆਈਟੀਟੀ ਟੀਆਰ ਚੰਡੀਗੜ੍ਹ ਨੂੰ ਅਗਲੇ ਛੇ ਸਾਲਾਂ ਵਿੱਚ ਡੀਮਡ ਯੂਨੀਵਰਸਿਟੀਆਂ ਲਈ ਯੂਜੀਸੀ ਦੇ ਨਿਯਮਾਂ ਦੀ ਪਾਲਣਾ ਕਰਨ ਦੀ ਉਮੀਦ ਹੈ ਡਾ: ਭੋਲਾ ਰਾਮ ਗੁਰਜਰ, ਡਾਇਰੈਕਟਰ ਐਨਆਈਟੀਟੀਟੀਆਰ ਚੰਡੀਗੜ੍ਹ ਨੇ ਕਿਹਾ ਕਿ, ਇੱਕ ਪ੍ਰਮੁੱਖ ਰਾਸ਼ਟਰੀ ਸੰਸਥਾ ਵਜੋਂ, ਐਨਆਈਟੀ ਟੀਟੀਆਰ ਚੰਡੀਗੜ੍ਹ ਨੇ ਪਿਛਲੇ 57 ਸਾਲਾਂ ਵਿੱਚ ਦੇਸ਼ ਦੇ ਤਕਨੀਕੀ ਸਿੱਖਿਆ ਈਕੋਸਿਸਟਮ ਨੂੰ ਅਪਗ੍ਰੇਡ ਕਰਨ ਵਿੱਚ ਇੱਕ ਬਹੁਤ ਹੀ ਵਿਲੱਖਣ ਭੂਮਿਕਾ ਨਿਭਾਈ ਹੈ। ਇਹ ਦਰਜਾ ਮਿਲਣ ਨਾਲ ਲੋੜੀਂਦੀ ਲਚਕਤਾ ਮਿਲੇਗੀ ਅਤੇ ਐਨਈਪੀ 2020 ਦੇ ਅੰਤਰਗਤ ਰਾਸ਼ਟਰੀ ਮਿਸ਼ਨਾਂ ਦੇ ਅਨੁਰੂਪ ਪ੍ਰੋਗਰਾਮ ਸ਼ੁਰੂ ਕਰਨ ਲਈ ਖੁਦਮੁਖਤਿਆਰੀ ਮਿਲੇਗੀ ਜਿਸਦਾ ਮੁਖ ਵਿਸ਼ਾ ਹਰਿਆਲੀ ਅਤੇ ਟਿਕਾਊ ਵਿਕਾਸ , ਮਹਿਲਾ ਦੀ ਅਗਵਾਈ ਵਿਕਾਸ ਅਤੇ ਨਵੀਨਤਾਕਾਰੀ ਪੈਡਾਗੋਜੀਸ ਤੇ ਧਿਆਨ ਕੇਂਦਰਿਤ ਕਰਨਾ ਹੈ। ਐਨਆਈਟੀਟੀਟੀਆਰ ਚੰਡੀਗੜ੍ਹ ਤਕਨੀਕੀ ਅਧਿਆਪਕ ਸਿੱਖਿਆ ਵਿੱਚ ਅਗਵਾਈ ਪ੍ਰਦਾਨ ਕਰੇਗਾ ਅਤੇ ਨਵੀਨਤਾਕਾਰੀ ਅਕਾਦਮਿਕ ਪ੍ਰੋਗਰਾਮਾਂ, ਡਾਕਟਰੇਟ ਅਤੇ ਪ੍ਰਣਾਲੀਗਤ ਖੋਜ ਪ੍ਰੋਗਰਾਮਾਂ ਨੂੰ ਸ਼ੁਰੂ ਕਰਨ 'ਤੇ ਧਿਆਨ ਕੇਂਦਰਿਤ ਕਰੇਗਾ।

# ਦੋ ਧਿਰਾਂ ਦਰਮਿਆਨ ਰਾਜ਼ੀਨਾਮਾ ਕਰਵਾਉਣ ਬਦਲੇ 10000 ਰੁਪਏ ਰਿਸ਼ਵਤ ਲੈਂਦਾ ਸਿਪਾਹੀ ਵਿਜੀਲੈਂਸ ਬਿਊਰੋ ਵੱਲੋਂ ਗ੍ਰਿਫ਼ਤਾਰ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਮੁਹਿੰਮ ਤਹਿਤ ਬੁੱਧਵਾਰ ਨੂੰ ਥਾਣਾ ਮੂਲੇਪੁਰ, ਜ਼ਿਲਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਤਾਇਨਾਤ ਸਿਪਾਹੀ ਜਗਜੀਤ ਸਿੰਘ ਨੂੰ 10000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਿਸ ਮੁਲਾਜ਼ਮ ਨੂੰ ਖੁਸ਼ਪਾਲ ਸਿੰਘ ਵਾਸੀ ਪਿੰਡ ਨੌਲੱਖਾ, ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ ਵੱਲੋਂ ਦਰਜ ਕਰਵਾਈ ਸ਼ਿਕਾਇਤ 'ਤੇ ਗਿਫ਼ਤਾਰ ਕੀਤਾ ਗਿਆ ਹੈ ।

ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਹੈ ਕਿ ਉਸਨੇ ਇੱਕ ਮੱਝ ਜਸਵੀਰ ਸਿੰਘ ਨੂੰ 84,000 ਰੁਪਏ ਵਿੱਚ ਵੇਚੀ ਸੀ ਪਰ ਖਰੀਦਦਾਰ ਪੈਸੇ ਦੇਣ ਵਿੱਚ ਟਾਲ-ਮਟੋਲ ਕਰਦਾ ਰਿਹਾ। ਇਸ ਤੋਂ ਬਾਅਦ ਸ਼ਿਕਾਇਤਕਰਤਾ ਨੇ ਐਸ.ਐਸ.ਪੀ. ਫ਼ਤਹਿਗੜ੍ਹ ਸਾਹਿਬ ਕੋਲ ਸ਼ਿਕਾਇਤ ਦਰਜ ਕਰਵਾਈ, ਜਿਸ ਦੀ ਪੜਤਾਲ ਸਿਪਾਹੀ ਜਗਜੀਤ ਸਿੰਘ ਕਰ ਰਿਹਾ ਸੀ। ਸ਼ਿਕਾਇਤਕਰਤਾ ਨੇ ਅੱਗੇ ਦੋਸ਼ ਲਾਇਆ ਕਿ ਦੋਵਾਂ ਧਿਰਾਂ ਵਿਚਾਲੇ ਰਾਜ਼ੀਨਾਮਾ ਕਰਵਾਉਣ ਬਦਲੇ ਉਕਤ ਸਿਪਾਹੀ ਨੇ 10,000 ਰੁਪਏ ਦੀ ਮੰਗ ਕੀਤੀ ਹੈ।

ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਪੜਤਾਲ ਤੋਂ ਬਾਅਦ ਵਿਜੀਲੈਂਸ ਬਿਊਰੋ ਦੇ ਯੂਨਿਟ ਫਤਿਹਗੜ੍ਹ ਸਾਹਿਬ ਦੀ ਟੀਮ ਨੇ ਮੁਲਜ਼ਮ ਸਿਪਾਹੀ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 10,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸਬੰਧ ਵਿੱਚ ਥਾਣਾ ਵਿਜੀਲੈਂਸ ਪਟਿਆਲਾ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

## ਤੇਜ਼ਾਬ ਹਮਲੇ ਦੇ ਦੋਸ਼ੀ ਨੂੰ ਉਮਰ ਕੈਦ ਤੇ 40 ਲੱਖ ਰੁਪਏ ਜੁਰਮਾਨਾ ਕੀਤਾ

**ਸ੍ਰੀਨਗਰ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਅਦਾਲਤ ਨੇ 2022 ਵਿਚ ਤੇਜ਼ਾਬ ਹਮਲੇ ਦੇ ਮੁਲਜ਼ਮ ਸਾਜਿਦ ਰਾਥਰ ਨੂੰ ਦੋਸ਼ੀ ਕਰਾਰ ਦਿੰਦੇ ਹੋਏ ਉਮਰ ਕੈਦ ਦੀ ਸਜ਼ਾ ਸੁਣਾਈ ਹੈ ਅਤੇ 40 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਅਦਾਲਤ ਨੇ ਜੁਰਮਾਨੇ ਦੀ ਰਕਮ ਉਸ ਦੀ ਜਾਇਦਾਦ ਵਿੱਚੋਂ ਵਸੂਲਣ ਦੇ ਹੁਕਮ ਦਿੱਤੇ ਹਨ। ਪੀੜਤ ਦੇ ਵਕੀਲ ਮੁਤਾਬਕ ਇਸ ਘਟਨਾ ਨੂੰ 1 ਫਰਵਰੀ 2022 ਨੂੰ ਦੋ ਵਿਅਕਤੀਆਂ ਨੇ ਅੰਜਾਮ ਦਿੱਤਾ ਸੀ, ਜਿਨ੍ਹਾਂ ਵਿੱਚੋਂ ਇੱਕ ਨਾਬਾਲਗ ਸੀ। ਲੜਕੀ ਵੱਲੋਂ ਵਿਆਹ ਦੇ ਪ੍ਰਸਤਾਵ ਨੂੰ ਠੁਕਰਾਉਣ 'ਤੇ ਦੋਸ਼ੀ ਉਸ ਨੂੰ 'ਸਬਕ ਸਿਖਾਉਣ ਅਤੇ ਬਦਲਾ ਲੈਣਾ ਚਾਹੁੰਦਾ ਸੀ।

# ਆਉਣ ਵਾਲੀਆਂ ਲੋਕ ਸਭਾ ਚੋਣਾਂ ਨੌਜਵਾਨਾਂ ਦੇ ਉੱਜਵਲ ਭਵਿੱਖ ਅਤੇ ਮਹਾਨ ਭਾਰਤ ਦੀ ਸਿਰਜਣਾ ਲਈ ਹਨ: ਸ਼ਾਹ



**ਲੁਧਿਆਣਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਮਹਾਰਾਸ਼ਟਰ ਦੇ ਜਲਗਾਓਂ 'ਚ ਯੁਵਾ ਸੰਮੇਲਨ ਨੂੰ ਸੰਬੋਧਨ ਕਰਦੇ ਹੋਏ ਸਪੱਸ਼ਟ ਕੀਤਾ ਕਿ ਆਉਣ ਵਾਲੀਆਂ ਲੋਕ ਸਭਾ ਚੋਣਾਂ ਨੌਜਵਾਨਾਂ ਦੇ ਉੱਜਵਲ ਭਵਿੱਖ ਅਤੇ ਮਹਾਨ ਭਾਰਤ ਦੀ ਸਿਰਜਣਾ ਲਈ ਹਨ। ਭਾਰਤੀ ਜਨਤਾ ਪਾਰਟੀ ਦੇ ਪ੍ਰਮੁੱਖ ਨੇਤਾ ਸ਼ਾਹ ਦਾ ਮੰਨਣਾ ਹੈ ਕਿ ਭਾਜਪਾ ਨੂੰ ਵੋਟ ਦੇਣ ਦਾ ਮਤਲਬ ਨੌਜਵਾਨਾਂ ਦਾ ਉੱਜਵਲ ਭਵਿੱਖ, ਮਹਾਨ ਭਾਰਤ ਦੀ ਸਿਰਜਣਾ ਅਤੇ ਮੋਦੀ ਜੀ ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਉਣਾ ਹੈ। ਜੇਕਰ ਅਸੀਂ ਪਿਛਲੇ 10 ਸਾਲਾਂ 'ਤੇ ਇੱਕ ਸਰਸਰੀ ਨਜ਼ਰ ਮਾਰੀਏ ਤਾਂ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਮੋਦੀ ਸਰਕਾਰ ਨੇ ਨੌਜਵਾਨਾਂ ਲਈ ਪੁਲਾੜ ਤੋਂ ਸੈਮੀਕੰਡਕਟਰ, ਡਿਜੀਟਲ ਤੋਂ ਡਰੋਨ ਤੱਕ, ਏਆਈ ਤੋਂ ਟੀਕੇ ਤੱਕ ਅਤੇ 5ਜੀ ਤੋਂ ਫਿਨਟੈਕ ਤੱਕ ਦੇ ਦਰਵਾਜ਼ੇ ਖੋਲ੍ਹੇ ਹਨ, ਜੋ ਬੇਮਿਸਾਲ ਕੰਮ ਕੀਤਾ ਹੈ। ਕੰਮ ਦੇਸ਼ ਨੂੰ 2035 ਤੱਕ ਪੁਲਾੜ ਸਟੇਸ਼ਨ ਸਥਾਪਤ ਕਰਨ ਅਤੇ 2036 ਵਿੱਚ ਓਲੰਪਿਕ ਦੇ ਆਯੋਜਨ ਤੋਂ ਲੈ ਕੇ 2040 ਵਿੱਚ ਭਾਰਤੀ ਪੁਲਾੜ ਯਾਤਰੀਆਂ ਨੂੰ ਚੰਦਰਮਾ 'ਤੇ ਭੇਜਣ ਤੱਕ ਦਾ ਸਫ਼ਰ ਪੂਰਾ ਹੋ ਜਾਵੇਗਾ ਕਿਉਂਕਿ ਇਹ ਮੋਦੀ ਦੀ ਗਾਰੰਟੀ ਹੈ।

# ਕਾਂਗਰਸੀ ਵਿਧਾਇਕਾਂ ਵੱਲੋਂ ਵਿਧਾਨ ਸਭਾ ਅੱਗੇ ਸਰਕਾਰ ਖ਼ਿਲਾਫ਼ ਮੁਜ਼ਾਹਰਾ

## ਮੁੱਖ ਮੰਤਰੀ ਨੂੰ ਕਾਂਗਰਸੀ ਵਿਧਾਇਕ ਕੋਟਲੀ ਤੋਂ ਮੁਆਫ਼ੀ ਮੰਗਣ ਲਈ ਕਿਹਾ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਵਿੱਚ ਅੱਜ ਬਜਟ ਸੈਸ਼ਨ ਦੀ ਸ਼ੁਰੂਆਤ ਤੋਂ ਪਹਿਲਾਂ ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਸਰਕਾਰ ਖ਼ਿਲਾਫ਼ ਨਾਅਰੇ ਲਾਏ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਕਾਂਗਰਸੀ ਵਿਧਾਇਕ ਦਾ ਕਥਿਤ ਅਪਮਾਨ ਕਰਨ ਦੇ ਦੋਸ਼ ਲਗਾਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਵੱਲੋਂ ਕਾਂਗਰਸੀ ਵਿਧਾਇਕ ਲਈ ਵਰਤੀ ਸ਼ਬਦਾਵਲੀ ਇਤਰਾਜ਼ਯੋਗ ਹੈ। ਇਸ ਲਈ ਮੁੱਖ ਮੰਤਰੀ ਨੂੰ ਵਿਧਾਇਕ ਕੋਟਲੀ ਤੋਂ ਮੁਆਫੀ ਮੰਗਣੀ ਚਾਹੀਦੀ ਹੈ।

ਸ੍ਰੀ ਬਾਜਵਾ ਨੇ ਕਿਹਾ ਕਿ ਲੰਘੇ ਦਿਨ ਵਿਧਾਨ ਸਭਾ ਵਿੱਚ ਮੁੱਖ ਮੰਤਰੀ ਦਾ ਰਵੱਈਆ ਬਿਲਕੁਲ ਗ਼ਲਤ ਸੀ ਜਿਸ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਜਾਵੇਗਾ। ਮੁੱਖ ਮੰਤਰੀ ਵੱਲੋਂ ਵਿਧਾਨ ਸਭਾ ਨੂੰ ਅੰਦਰੋਂ ਤਾਲਾ ਲਗਾਉਣ ਲਈ ਸਪੀਕਰ ਨੂੰ ਕੀਤੀ ਅਪੀਲ ਵੀ ਗਲਤ ਸੀ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਣੇ ਹੋਰਨਾਂ ਵਿਧਾਇਕਾਂ ਦਾ ਵਿਧਾਨ ਸਭਾ ਵਿੱਚ ਰਵੱਈਆ ਬਿਲਕੁਲ ਗੈਰਜ਼ਿੰਮੇਵਾਰਾਨਾ ਹੈ। ਇਸ ਨੂੰ ਕਾਂਗਰਸ ਪਾਰਟੀ ਤੇ ਪੰਜਾਬ ਦੇ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਸਰਕਾਰ ਵੱਲੋਂ ਕਿਸਾਨਾਂ ਦੇ ਹਮਾਇਤੀ ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਨੂੰ ਵਰਗਲਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਅਣਦੇਖੀ ਕਾਰਨ ਹੀ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਹੋਈ। ਹਰਿਆਣਾ ਸਰਕਾਰ ਪੰਜਾਬ ਦੀ ਧਰਤੀ 'ਤੇ ਆ ਕੇ ਕਿਸਾਨਾਂ 'ਤੇ ਹਮਲੇ ਕਰ ਰਹੀ ਹੈ, ਪਰ ਪੰਜਾਬ ਸਰਕਾਰ ਬੈਠੀ ਦੇਖ ਰਹੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਇਹ ਮੁੱਦੇ ਚੁੱਕਣੇ ਸਨ ਪਰ ਮੁੱਖ ਮੰਤਰੀ ਨੇ ਸੋਚੀ ਸਮਝੀ ਸਾਜਿਸ਼ ਤਹਿਤ ਵਿਧਾਨ ਸਭਾ ਦਾ ਸਮਾਂ ਬਰਬਾਦ ਕਰਨ ਅਤੇ ਸਾਰਿਆਂ ਦਾ ਧਿਆਨ ਭਟਕਾਉਣ ਦੀ ਕੋਸ਼ਿਸ਼ ਕੀਤੀ ਹੈ।




ਪੰਜਾਬ ਵਿਧਾਨ ਸਭਾ ਦੇ ਬਾਹਰ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰਦੇ ਹੋਏ ਪ੍ਰਤਾਪ ਸਿੰਘ ਬਾਜਵਾ, ਰਾਜਾ ਵੜਿੰਗ ਤੇ ਹੋਰ ਕਾਂਗਰਸੀ ਆਗੂ। ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ

**ਕਰਜ਼ੇ ਦੀ ਪੰਡ ਲੈ ਕੇ ਵਿਧਾਨ ਸਭਾ ਪਹੁੰਚੇ ਕਾਂਗਰਸੀ ਵਿਧਾਇਕ**

ਵਿਧਾਨ ਸਭਾ ਵਿੱਚ ਬਜਟ ਸੈਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਾਂਗਰਸੀ ਵਿਧਾਇਕ ਰਾਜ ਕੁਮਾਰ ਚੱਬੇਵਾਲ ਸਿਰ 'ਤੇ ਕਰਜ਼ੇ ਦੀ ਪੰਡ ਰੱਖ ਕੇ ਵਿਧਾਨ ਸਭਾ ਪਹੁੰਚੇ। ਸ੍ਰੀ ਚੱਬੇਵਾਲ ਨੇ ਕਿਹਾ ਕਿ ਉਹ ਸਰਕਾਰ ਸਿਰ ਚੜ੍ਹੇ ਕਰਜ਼ੇ ਦਾ ਬੋਝ ਉਤਾਰਨ ਆਏ ਹਨ। ਉਨ੍ਹਾਂ ਕਿਹਾ ਕਿ 'ਆਪ' ਨੇ ਚੋਣਾਂ ਸਮੇਂ ਸੂਬੇ ਸਿਰ ਚੜ੍ਹੇ ਕਰਜ਼ੇ ਨੂੰ ਘਟਾਉਣ ਦਾ ਵਾਅਦਾ ਕੀਤਾ ਸੀ, ਪਰ ਹੁਣ ਕਰਜ਼ਾ ਲਗਾਤਾਰ ਵਧਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਿਰ ਦੋ ਸਾਲਾਂ ਵਿੱਚ 70 ਹਜ਼ਾਰ ਕਰੋੜ ਦਾ ਕਰਜ਼ਾ ਹੋਰ ਚੜ੍ਹ ਗਿਆ ਹੈ। ਕਾਂਗਰਸੀ ਵਿਧਾਇਕ ਨੇ ਕਿਹਾ ਕਿ ਜੇ ਇਸੇ ਤਰ੍ਹਾਂ ਸਰਕਾਰ ਕਰਜ਼ਾ ਚੁੱਕਦੀ ਰਹੀ ਤਾਂ ਪੰਜਾਬ ਸਿਰ ਕਰਜ਼ਾ ਪੰਜ ਲੱਖ ਕਰੋੜ ਰੁਪਏ ਜਲਦ ਹੀ ਟੱਪ ਜਾਵੇਗਾ।

# ਰੇਵਾੜੀ 'ਚ ਰੋਡਵੇਜ਼ ਦੀ ਬੱਸ ਤੇ ਕਾਰ ਵਿਚਾਲੇ ਸਿੱਧੀ ਟੱਕਰ ਕਾਰਨ 5 ਮੌਤਾਂ




**ਰੇਵਾੜੀ (ਹਰਿਆਣਾ), 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਰੇਵਾੜੀ ਵਿੱਚ ਰੋਡਵੇਜ਼ ਦੀ ਬੱਸ ਅਤੇ ਕਾਰ ਵਿਚਾਲੇ ਹੋਈ ਆਹਮੋ-ਸਾਹਮਣੀ ਟੱਕਰ ਵਿੱਚ ਪੰਜ ਵਿਅਕਤੀਆਂ ਦੀ ਮੌਤ ਹੋ ਗਈ। ਹਾਦਸੇ 'ਚ ਮਾਰੇ ਗਏ ਸਾਰੇ ਵਿਅਕਤੀ ਕਾਰ 'ਚ ਸਵਾਰ ਸਨ। ਇਹ ਹਾਦਸਾ ਮਹਿੰਦਰਗੜ੍ਹ ਰੋਡ 'ਤੇ ਪਿੰਡ ਸੀਹਾ ਨੇੜੇ ਉਸ ਸਮੇਂ ਵਾਪਰਿਆ, ਜਦੋਂ ਕਾਰ ਸਵਾਰ ਵਿਆਹ 'ਚ ਸ਼ਾਮਲ ਹੋ ਕੇ ਚਰਖੀ ਦਾਦਰੀ ਨੂੰ ਪਰਤ ਰਹੇ ਸਨ। ਸਥਾਨਕ ਲੋਕਾਂ ਨੇ ਗੰਭੀਰ ਜ਼ਖ਼ਮੀਆਂ ਨੂੰ ਕਾਰ 'ਚੋਂ ਬਾਹਰ ਕੱਢ ਕੇ ਟਰਾਮਾ ਸੈਂਟਰ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਪੰਜਾਂ ਨੂੰ ਮ੍ਰਿਤਕ ਐਲਾਨ ਦਿੱਤਾ।

# ਅੰਮ੍ਰਿਤਪਾਲ ਸਿੰਘ ਦਾ ਸਾਥੀ ਕੁਲਵੰਤ ਧਾਲੀਵਾਲ ਹਸਪਤਾਲ 'ਚ ਦਾਖਲ

**ਡਿਬਰੂਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੋਂ ਦੀ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੇ ਸਾਥੀ ਕੁਲਵੰਤ ਸਿੰਘ ਧਾਲੀਵਾਲ ਨੂੰ ਮਿਰਗੀ ਕਾਰਨ ਪੈਦਾ ਹੋਈਆਂ ਸਿਹਤ ਸਮੱਸਿਆਵਾਂ ਸਬੰਧੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਸੀਨੀਅਰ ਪੁਲੀਸ ਅਧਿਕਾਰੀ ਅਨੁਸਾਰ, 'ਉਸ ਨੂੰ ਮਿਰਗੀ ਕਾਰਨ ਪੈਦਾ ਹੋਈਆਂ ਸਮੱਸਿਆਵਾਂ ਕਾਰਨ ਬੀਤੀ ਰਾਤ 10 ਵਜੇ ਦੇ ਕਰੀਬ ਡਿਬਰੂਗੜ੍ਹ ਦੇ ਅਸਾਮ ਮੈਡੀਕਲ ਕਾਲਜ ਅਤੇ ਹਸਪਤਾਲ (ਏਐਮਸੀਐਚ) ਵਿੱਚ ਦਾਖਲ ਕਰਵਾਇਆ ਗਿਆ। ਉਸ ਦਾ ਇਲਾਜ ਚੱਲ ਰਿਹਾ ਹੈ ਅਤੇ ਉਸ ਦੀ ਸਿਹਤ ਹੁਣ ਸਥਿਰ ਹੈ।'

# ਕਾਂਗਰਸ ਨੇ ਹਿਮਾਚਲ 'ਚ 'ਕਰਾਸ ਵੋਟਿੰਗ' ਕਰਨ ਵਾਲੇ ਸੁਧੀਰ ਸ਼ਰਮਾ ਨੂੰ ਸਕੱਤਰ ਅਹੁਦੇ ਤੋਂ ਹਟਾਇਆ

**ਨਵੀਂ ਦਿੱਲੀ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਨੇ ਹਿਮਾਚਲ ਪ੍ਰਦੇਸ਼ 'ਚ ਰਾਜ ਸਭਾ ਦੀਆਂ ਚੋਣਾਂ 'ਚ ਭਾਜਪਾ ਦੇ ਪੱਖ ਵਿਚ ਕਰਾਸ ਵੋਟਿੰਗ ਕਰਨ ਵਾਲੇ 6 ਵਿਧਾਇਕਾਂ ਵਿਚੋਂ ਇਕ ਸੁਧੀਰ ਸ਼ਰਮਾ ਨੂੰ ਬੁੱਧਵਾਰ ਨੂੰ ਪਾਰਟੀ ਦੇ ਸਕੱਤਰ ਅਹੁਦੇ ਤੋਂ ਹਟਾ ਦਿੱਤਾ। ਪਾਰਟੀ ਦੇ ਸੰਗਠਨ ਜਨਰਲ ਸਕੱਤਰ ਕੇ. ਸੀ. ਵੇਣੂਗੋਪਾਲ ਵਲੋਂ ਜਾਰੀ ਬਿਆਨ ਮੁਤਾਬਕ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਸੁਧੀਰ ਸ਼ਰਮਾ ਨੂੰ ਅਖਿਲ ਭਾਰਤੀ ਕਾਂਗਰਸ ਕਮੇਟੀ ਦੇ ਸਕੱਤਰ ਅਹੁਦੇ ਤੋਂ ਤੁਰੰਤ ਪ੍ਰਭਾਵ ਤੋਂ ਹਟਾ ਦਿੱਤਾ ਹੈ। ਹਿਮਾਚਲ ਪ੍ਰਦੇਸ਼



ਦੇ ਧਰਮਸ਼ਾਲਾ ਨਾਲ ਸਬੰਧ ਰੱਖਣ ਵਾਲੇ ਸ਼ਰਮਾ ਪ੍ਰਦੇਸ਼ ਦੇ ਸੀਨੀਅਰ ਨੇਤਾਵਾਂ ਵਿਚ ਸ਼ੁਮਾਰ ਕੀਤੇ ਜਾਂਦੇ ਹਨ। ਹਾਲ ਹੀ ਵਿਚ ਉਨ੍ਹਾਂ ਨੂੰ ਅਤੇ 5 ਹੋਰ ਵਿਧਾਇਕਾਂ ਨੂੰ ਅਯੋਗ ਠਹਿਰਾਇਆ ਗਿਆ।

ਦੱਸ ਦੇਈਏ ਕਿ ਹਿਮਾਚਲ 'ਚ ਪਿਛਲੇ ਦਿਨੀਂ ਰਾਜ ਸਭਾ ਦੀ ਇਕਮਾਤਰ ਸੀਟ ਲਈ ਪਈਆਂ ਵੋਟਾਂ ਵਿਚ ਕਾਂਗਰਸ ਦੇ 6 ਵਿਧਾਇਕਾਂ ਵਲੋਂ ਕਰਾਸ ਵੋਟਿੰਗ ਕੀਤੇ ਜਾਣ ਮਗਰੋਂ ਭਾਜਪਾ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਸੀ ਅਤੇ ਉਸ ਤੋਂ ਬਾਅਦ ਸੂਬੇ ਵਿਚ ਸਿਆਸੀ ਸੰਕਟ ਪੈਦਾ ਹੋ ਗਿਆ ਸੀ। ਵਿਧਾਨ ਸਭਾ ਸਪੀਕਰ ਕੁਲਦੀਪ ਸਿੰਘ ਪਠਾਨੀਆ ਨੇ ਬੀਤੇ ਵੀਰਵਾਰ ਨੂੰ ਇਨ੍ਹਾਂ 6 ਵਿਧਾਇਕਾਂ ਨੂੰ ਅਯੋਗ ਐਲਾਨ ਕਰ ਦਿੱਤਾ। ਵਿਧਾਇਕਾਂ ਨੇ ਸਦਨ ਵਿਚ ਵਿੱਤੀ ਬਿੱਲ 'ਤੇ ਸਰਕਾਰ ਦੇ ਪੱਖ ਵਿਚ ਵੋਟਿੰਗ ਕਰਨ ਦੇ ਪਾਰਟੀ ਵ੍ਹਿਪ ਦਾ ਉਲੰਘਣ ਕੀਤਾ ਸੀ।

# ਐੱਮ. ਪੀ. ਰਵਨੀਤ ਬਿੱਟੂ ਤੇ ਭਾਰਤ ਭੂਸ਼ਣ ਆਸ਼ੂ ਸਮੇਤ ਚਾਰਾਂ ਨੂੰ ਮਿਲੀ ਜ਼ਮਾਨਤ

**ਲੁਧਿਆਣਾ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਨਗਰ-ਨਿਗਮ ਮੁੱਖ ਦਫ਼ਤਰ ਨੂੰ ਤਾਲਾ ਲਾਉਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਭਾਰਤ ਭੂਸ਼ਣ ਆਸ਼ੂ, ਸਾਬਕਾ ਵਿਧਾਇਕ ਤੇ ਜ਼ਿਲ੍ਹਾ ਕਾਂਗਰਸ ਦੇ ਪ੍ਰਧਾਨ ਸੰਜੈ ਤਲਵਾੜ ਤੇ ਸਾਬਕਾ ਸੀਨੀਅਰ ਡਿਪਟੀ ਮੇਅਰ ਸ਼ਾਮ ਸੁੰਦਰ ਮਲਹੋਤਰਾ ਨੂੰ ਅੱਜ ਅਦਾਲਤ ਵਲੋਂ ਜ਼ਮਾਨਤ 'ਤੇ ਰਿਹਾਅ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਨ੍ਹਾਂ ਸਾਰਿਆਂ ਨੂੰ ਬੀਤੇ ਕੱਲ੍ਹ ਗ੍ਰਿਫ਼ਤਾਰ ਕਰਨ ਤੋਂ ਬਾਅਦ ਸਥਾਨਕ ਅਦਾਲਤ ਵਿਚ ਪੇਸ਼



ਕੀਤਾ ਗਿਆ ਸੀ, ਜਿੱਥੇ ਅਦਾਲਤ ਨੇ ਇਨ੍ਹਾਂ ਨੂੰ 14 ਦਿਨ ਦੀ ਨਿਆਇਕ ਹਿਰਾਸਤ ਲਈ ਜੇਲ੍ਹ ਭੇਜ ਦਿੱਤਾ ਸੀ।

# ਅਕਾਲੀ-ਭਾਜਪਾ ਗਠਜੋੜ ਸਬੰਧੀ ਦੋਵਾਂ ਦੇ ਆਗੂਆਂ ਵਿਚਾਲੇ ਗੱਲਬਾਤ ਚੱਲ ਰਹੀ ਹੈ : ਪਰਨੀਤ ਕੌਰ

**ਨਵੀਂ ਦਿੱਲੀ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀਆਂ ਕਿਆਸਅਰਾਈਆਂ ਲਗਾਤਾਰ ਜਾਰੀ ਹਨ ਤੇ ਜਿਉਂ-ਜਿਉਂ ਲੋਕ ਸਭਾ ਚੋਣਾਂ ਨੇੜੇ ਆਉਂਦੀਆਂ ਜਾ ਰਹੀਆਂ ਨੇ, ਇਸ ਨੂੰ ਲੈ ਕੇ ਚਰਚਾ ਹੋਰ ਵੀ ਵੱਧਦੀ ਜਾ ਰਹੀ ਹੈ। ਬੀਤੇ ਦਿਨੀਂ ਢੀਂਡਸਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦਾ ਸ਼੍ਰੋਮਣੀ ਅਕਾਲੀ ਦਲ ਵਿਚ ਰਲੇਵਾਂ ਕਰ ਦਿੱਤਾ ਗਿਆ, ਜਿਸ ਨਾਲ ਅਕਾਲੀ ਦਲ ਨੂੰ ਮਜ਼ਬੂਤੀ ਮਿਲੀ ਹੈ। ਉੱਥੇ ਹੀ ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਦੇ ਗਠਜੋੜ ਦੀਆਂ ਚਰਚਾਵਾਂ ਵੀ ਲਗਾਤਾਰ ਜਾਰੀ ਹੈ। ਭਾਰਤੀ ਜਨਤਾ ਪਾਰਟੀ ਦੇ ਸੁਨੀਲ ਜਾਖੜ-ਕੈਪਟਨ ਅਮਰਿੰਦਰ ਸਿੰਘ ਜਿਹੇ ਕਈ ਵੱਡੇ ਆਗੂ ਖੁੱਲ੍ਹ ਕੇ ਗਠਜੋੜ ਦੇ ਹੱਕ ਵਿਚ ਬਿਆਨ ਦੇ ਚੁੱਕੇ ਹਨ। ਹੁਣ ਇਸ ਨੂੰ ਲੈ ਕੇ ਪਰਨੀਤ ਕੌਰ ਦਾ ਵੱਡਾ ਬਿਆਨ ਸਾਹਮਣੇ ਆਈ ਹੈ। ਦੋਹਾਂ ਪਾਰਟੀਆਂ ਦੇ ਗਠਜੋੜ ਨੂੰ ਲੈ



ਕੇ ਪਰਨੀਤ ਕੌਰ ਨੇ ਕਿਹਾ ਹੈ ਕਿ 1 ਨਾਲ 1 ਜੁੜਕੇ 2 ਬਣਦੇ ਹਨ ਤੇ ਮਜਬੂਤੀ ਮਿਲਦੀ ਹੈ। ਉਨ੍ਹਾਂ ਕਿਹਾ ਕਿ ਦੋਵਾਂ ਪਾਰਟੀਆਂ ਦੇ ਉੱਚ ਆਗੂਆਂ ਵਿਚਾਲੇ ਗੱਲਬਾਤ ਲਗਾਤਾਰ ਚੱਲ ਰਹੀ ਹੈ। ਉਨ੍ਹਾਂ ਵੱਲੋਂ ਜੋ ਵੀ ਫ਼ੈਸਲਾ ਲਿਆ ਜਾਵੇਗਾ, ਉਹ ਸਭ ਨੂੰ ਮਨਜ਼ੂਰ ਹੋਵੇਗਾ। ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਕੀ ਕੈਪਟਨ ਅਮਰਿੰਦਰ ਸਿੰਘ ਦੇ ਵੱਲੋਂ ਵੀ ਸਿਫਾਰਿਸ਼ ਕੀਤੀ ਗਈ ਹੈ ਤਾਂ ਉਨ੍ਹਾਂ ਨੇ ਕਿਹਾ ਕਿ ਕੈਪਟਨ ਸਾਹਿਬ ਦੇ ਵੱਲੋਂ ਕਈ ਮੁੱਦਿਆਂ ਦੇ ਉੱਪਰ ਕੇਂਦਰੀ ਮੰਤਰੀਆਂ ਨੂੰ ਸਿਫਾਰਿਸ਼ ਕੀਤੀ ਗਈ ਹੈ, ਚਾਹੇ ਉਹ ਗਠਜੋੜ ਹੋਵੇ, ਚਾਹੇ ਕਿਸਾਨਾਂ ਦਾ ਮੁੱਦਾ ਹੋਵੇ। ਉਨ੍ਹਾਂ ਕਿਹਾ ਕਿ ਜੋ ਕੁਝ ਵੀ ਪੰਜਾਬ ਦੇ ਭਲੇ ਦੇ ਲਈ ਹੋਵੇਗਾ, ਉਸ ਦੀ ਜ਼ਰੂਰ ਸਿਫਾਰਿਸ਼ ਕਰਦੇ ਰਹਾਂਗੇ।

**2020 'ਚ ਟੁੱਟਿਆ ਸੀ ਗਠਜੋੜ**

ਇੱਥੇ ਜ਼ਿਕਰਯੋਗ ਹੈ ਕਿ ਅਕਾਲੀ ਦਲ 1996 ਤੋਂ ਭਾਜਪਾ ਦੀ ਅਗਵਾਈ ਵਾਲੇ ਰਾਸ਼ਟਰੀ ਜਮਹੂਰੀ ਗਠਜੋੜ (ਐੱਨ.ਡੀ.ਏ.) ਦਾ ਹਿੱਸਾ ਰਿਹਾ ਸੀ, ਪਰ ਕੇਂਦਰ ਵੱਲੋਂ ਲਿਆਂਦੇ ਤਿੰਨ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਦੇ ਮੱਦੇਨਜ਼ਰ 2020 ਵਿਚ ਗਠਜੋੜ ਤੋੜ ਗਿਆ ਸੀ। ਭਾਜਪਾ ਨੇ ਉਸ ਸਮੇਂ ਇਸ ਨੂੰ ਜਲਦਬਾਜ਼ੀ 'ਚ ਚੁੱਕਿਆ ਗਿਆ ਕਦਮ ਕਰਾਰ ਦਿੱਤਾ ਸੀ। ਹੁਣ ਇਕ ਵਾਰ ਫ਼ਿਰ ਦੋਹਾਂ ਪਾਰਟੀਆਂ ਦੇ ਗਠਜੋੜ ਲਈ ਮੀਟਿੰਗਾਂ ਦੀਆਂ ਖ਼ਬਰਾਂ ਆ ਰਹੀਆਂ ਸਨ, ਪਰ ਮੰਨਿਆ ਜਾ ਰਿਹਾ ਹੈ ਕਿ ਦੁਬਾਰਾ ਸ਼ੁਰੂ ਹੋਏ ਕਿਸਾਨ ਅੰਦੋਲਨ ਕਾਰਨ ਇਸ ਵਿਚ ਅੜਿੱਕਾ ਪੈ ਗਿਆ ਸੀ।

# ਖੁਰਾਕ ਤੇ ਜਨਤਕ ਵੰਡ ਵਿਭਾਗ ਦਾ ਡਿਪਟੀ ਡਾਇਰੈਕਟਰ ਆਰ.ਕੇ. ਸਿੰਗਲਾ ਇੱਕ ਹੋਰ ਕੇਸ ਵਿੱਚ ਭਗੌੜਾ ਕਰਾਰ

**ਚੰਡੀਗੜ੍ਹ, 7 ਮਾਰਚ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਬੀ.ਐਸ. ਨਗਰ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਮਜ਼ਦੂਰੀ ਅਤੇ ਢੋਆ-ਢੁਆਈ ਦੇ ਠੇਕੇ ਵੱਧ ਰੇਟਾਂ ਉੱਤੇ ਅਲਾਟ ਕਰਨ ਸਬੰਧੀ ਇੱਕ ਕੇਸ ਵਿੱਚ ਖੁਰਾਕ ਤੇ ਜਨਤਕ ਵੰਡ ਵਿਭਾਗ, ਪੰਜਾਬ ਦੇ ਡਿਪਟੀ ਡਾਇਰੈਕਟਰ ਮੁਲਜ਼ਮ ਆਰ.ਕੇ. ਸਿੰਗਲਾ ਨੂੰ ਸੀ.ਜੇ.ਐਮ. ਐਸ.ਬੀ.ਐਸ. ਨਗਰ ਦੀ ਅਦਾਲਤ ਵੱਲੋਂ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ।

ਇਸ ਤੋਂ ਪਹਿਲਾਂ ਉਕਤ ਮੁਲਜ਼ਮ ਰਾਕੇਸ਼ ਕੁਮਾਰ ਸਿੰਗਲਾ ਨੂੰ ਲੁਧਿਆਣਾ ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਅਨਾਜ ਦੀ ਢੋਆ-ਢੁਆਈ ਦੇ ਘੁਟਾਲੇ ਸੰਬੰਧੀ ਦਰਜ ਕੇਸ ਵਿੱਚ ਲੁਧਿਆਣਾ ਦੀ ਅਦਾਲਤ ਵੱਲੋਂ ਭਗੌੜਾ ਐਲਾਨਿਆ ਜਾ ਚੁੱਕਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਸ ਸਬੰਧੀ ਆਰ.ਕੇ. ਸਿੰਗਲਾ, ਸਾਬਕਾ ਖੁਰਾਕ ਤੇ ਜਨਤਕ ਵੰਡ ਮੰਤਰੀ ਭਾਰਤ ਭੂਸ਼ਣ ਆਸ਼ੂ ਅਤੇ ਠੇਕੇਦਾਰਾਂ ਸਮੇਤ ਸੱਤ ਮੁਲਜ਼ਮਾਂ ਖ਼ਿਲਾਫ਼ ਵਿਜੀਲੈਂਸ ਬਿਊਰੋ ਦੇ ਥਾਣਾ ਜਲੰਧਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7, 8, 12, 13 (2) ਅਤੇ ਆਈ.ਪੀ.ਸੀ. ਦੀ ਧਾਰਾ 409, 420, 467, 468, 471, 120-ਬੀ ਅਧੀਨ ਐਫ.ਆਈ.ਆਰ. ਨੰਬਰ 18 ਮਿਤੀ 22-09-2022 ਨੂੰ ਦਰਜ ਕੀਤੀ ਹੋਈ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਮੁਲਜ਼ਮ ਸਿੰਗਲਾ ਨੇ ਸਾਬਕਾ ਮੰਤਰੀ ਅਤੇ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਨਾਲ ਮਿਲੀਭੁਗਤ ਕਰਕੇ ਰਿਸ਼ਵਤਾਂ ਲੈ ਕੇ ਠੇਕੇਦਾਰਾਂ ਨੂੰ ਵੱਡੀਆਂ ਕੀਮਤਾਂ 'ਤੇ ਟੈਂਡਰ ਦਿੱਤੇ ਸਨ। ਉਨ੍ਹਾਂ ਦੱਸਿਆ ਕਿ ਜਾਂਚ ਦੌਰਾਨ ਇਹ ਵੀ ਸਾਹਮਣੇ ਆਇਆ ਹੈ ਕਿ ਠੇਕੇਦਾਰਾਂ ਨੇ ਮੰਡੀਆਂ ਤੋਂ ਗੋਦਾਮਾਂ ਤੱਕ ਅਨਾਜ ਦੀ ਢੋਆ-ਢੁਆਈ ਲਈ ਟਰੈਕਟਰ, ਹਾਰਵੈਸਟਰ ਕੰਬਾਈਨਾਂ, ਦੋ ਪਹੀਆ ਵਾਹਨਾਂ ਆਦਿ ਦੇ ਰਜਿਸਟ੍ਰੇਸ਼ਨ ਨੰਬਰ ਦੇ ਕੇ ਜਾਅਲੀ ਦਸਤਾਵੇਜ਼ ਜਮ੍ਹਾਂ ਕਰਵਾਏ ਹਨ।

ਬੁਲਾਰੇ ਨੇ ਦੱਸਿਆ ਕਿ ਇਸ ਮਾਮਲੇ ਵਿੱਚ 7 ਮੁਲਜ਼ਮਾਂ ਵਿੱਚੋਂ ਠੇਕੇਦਾਰ ਤੇਲੂ ਰਾਮ, ਭਾਰਤ ਭੂਸ਼ਣ ਆਸ਼ੂ ਅਤੇ ਉਹਨਾਂ ਦੇ ਨਿੱਜੀ ਸਕੱਤਰ ਮੀਨੂ ਮਲਹੋਤਰਾ ਦਾ ਚਲਾਨ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾ ਚੁੱਕਾ ਹੈ। ਦੱਸਣਯੋਗ ਹੈ ਕਿ ਜ਼ਿਲ੍ਹਾ ਖੁਰਾਕ ਅਤੇ ਜਨਤਕ ਵੰਡ ਕੰਟਰੋਲਰ ਰਾਕੇਸ਼ ਭਾਸਕਰ ਦਾ ਦਿਹਾਂਤ ਹੋ ਚੁੱਕਾ ਹੈ।

ਇਸ ਸਬੰਧੀ ਮੁਕੱਦਮੇ ਦੀ ਸੁਣਵਾਈ ਦੌਰਾਨ ਉਕਤ ਕਥਿਤ ਮੁਲਜ਼ਮ ਆਰ.ਕੇ. ਸਿੰਗਲਾ ਵੱਲੋਂ ਅਦਾਲਤ 'ਚ ਪੇਸ਼ ਨਾ ਹੋਣ ਕਰਕੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਹੈ। ਆਰ.ਕੇ. ਸਿੰਗਲਾ ਦੇ ਨਾਲ ਮੁਲਜ਼ਮ ਠੇਕੇਦਾਰਾਂ ਅਜੇ ਪਾਲ ਅਤੇ ਯਸ਼ ਪਾਲ ਦੇ ਖਿਲਾਫ਼ ਇੱਕ ਹੋਰ ਸਪਲੀਮੈਂਟਰੀ ਚਲਾਣ ਜਲਦ ਹੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਹੁਣ ਭਾਰਤੀ ਰੇਲਵੇ 'ਚ ਯਾਤਰੀਆਂ ਦੀ ਸੁਰੱਖਿਆ ਹੋਵੇਗੀ ਬਿਹਤਰ, ਅਪਰਾਧੀਆਂ 'ਤੇ ਕੱਸੇਗਾ ਸ਼ਿਕੰਜਾ

ਨਵੀਂ ਦਿੱਲੀ 7 ਮਾਰਚ। ਭਾਰਤੀ ਰੇਲਵੇ ਜਰੀਏ ਰੋਜਾਨਾਂ ਹਜਾਰਾਂ ਯਾਤਰੀ ਯਾਤਰਾ ਕਰਦੇ ਹਨ। ਇਸ ਦੇ ਨਾਲ ਹੀ ਅਪਰਾਧੀਆਂ ਤੋਂ ਯਾਤਰੀ ਅਤੇ ਜਾਨ-ਮਾਲ ਦੀ ਸੁਰੱਖਿਆ ਰੇਲਵੇ ਵਿਭਾਗ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਹੁਣ ਭਾਰਤੀ ਰੇਲਵੇ ਦੀਆਂ ਰੇਲ ਗੱਡੀਆਂ ਵੀ ਹਵਾਈ ਅੱਡਿਆਂ ਵਾਂਗ ਹਾਈਟੈਕ ਹੋਣ ਜਾ ਰਹੀਆਂ ਹਨ। ਰੇਲਵੇ ਨੇ 44 ਹਜਾਰ



ਕੋਚਾਂ ਵਿੱਚ ਚਿਹਰੇ ਦੀ ਪਛਾਣ ਕਰਨ ਵਾਲੇ ਸੀਸੀਟੀਵੀ ਕੈਮਰੇ ਲਗਾਉਣ ਲਈ ਟੈਂਡਰ ਜਾਰੀ ਕੀਤਾ ਹੈ। 38 ਹਜਾਰ ਤੋਂ ਵੱਧ ਕੋਚਾਂ ਵਿੱਚ 8 ਕੈਮਰੇ ਹੋਣਗੇ, ਜਦੋਂ ਕਿ 2,700 ਕੋਚਾਂ ਵਿੱਚ 5 ਕੈਮਰੇ, 2,000 ਕੋਚਾਂ ਵਿੱਚ 4 ਕੈਮਰੇ ਅਤੇ 960 ਕੋਚਾਂ ਵਿੱਚ 6 ਕੈਮਰੇ ਹੋਣਗੇ। ਇਸ ਨਾਲ ਟਰੇਨਾਂ 'ਚ ਅਪਰਾਧੀਆਂ ਦੀ ਆਵਾਜਾਈ 'ਤੇ ਨਕੇਲ ਕੱਸੀ ਜਾਵੇਗੀ। ਕੇਂਦਰੀ ਰੇਲਵੇ, ਪੀ. ਰੇਲਵੇ, ਪੂਰਬੀ ਰੇਲਵੇ ਅਤੇ ਇਕ ਦਰਜਨ ਹੋਰ ਰੇਲਵੇ ਰੂਟਾਂ 'ਤੇ ਚੱਲਣ ਵਾਲੀਆਂ ਟਰੇਨਾਂ 'ਚ ਕੈਮਰੇ ਲਗਾਏ ਜਾਣਗੇ। ਟੈਂਡਰ ਦੀਆਂ ਸਰਤਾਂ ਅਨੁਸਾਰ 'ਇਨ੍ਹਾਂ ਕੈਮਰਿਆਂ 'ਚ ਇਮੇਜ ਕ੍ਰੌਪਿੰਗ ਟੂਲ ਹੋਣਾ ਚਾਹੀਦਾ ਹੈ। ਤਾਂ ਕਿ ਸਨਗਲਾਸ, ਸਕਾਰਫ ਅਤੇ ਮੂੰਹ ਦਾ ਅੱਧਾ ਹਿੱਸਾ ਢੱਕ ਕੇ ਵੀ ਪਛਾਣ ਕੀਤੀ ਜਾ ਸਕੇ। ਚਿਹਰਾ ਪਛਾਣਨ ਵਾਲੇ ਕੈਮਰਿਆਂ ਵਿੱਚ ਕੈਦ ਕੀਤੀਆਂ ਤਸਵੀਰਾਂ ਨੂੰ ਅਸਲ ਸਮੇਂ 'ਤੇ ਅਪਰਾਧੀਆਂ ਦੇ ਡੇਟਾਬੇਸ ਨਾਲ ਜੋੜਿਆ ਜਾਵੇਗਾ। ਦੀ ਮਦਦ ਨਾਲ ਮੈਚਿੰਗ ਕਰਕੇ ਰੀਅਲ ਟਾਈਮ ਟ੍ਰੈਕਿੰਗ ਕੀਤੀ ਜਾਵੇਗੀ। ਜੇਕਰ ਚਿਹਰੇ ਦਾ ਮਾਸਕ ਪਹਿਨਿਆ ਜਾਂਦਾ ਹੈ, ਤਾਂ ਚਿਹਰੇ ਦੀ ਪਛਾਣ 95% ਤੱਕ ਸਹੀ ਹੋਵੇਗੀ

## ਲੁਧਿਆਣਾ 'ਚ ਵੱਡੀ ਵਾਰਦਾਤ, ਤੇਜਧਾਰ ਹਥਿਆਰ ਨਾਲ ਕੀਤਾ ਹਮਲਾ

ਲੁਧਿਆਣਾ 7 ਮਾਰਚ। ਥਾਣਾ ਮਾਡਲ ਟਾਊਨ ਦੀ ਪੁਲਸ ਨੇ ਦੋ ਸਕੇ ਭਰਾਵਾਂ 'ਤੇ ਕੁੱਟਮਾਰ ਕਰਕੇ ਜਖਮੀ ਕਰਨ ਅਤੇ ਉਨ੍ਹਾਂ ਦਾ ਮੋਬਾਇਲ ਖੋਹਣ ਦੇ ਦੋਸ ਹੇਠ ਕੇਸ ਦਰਜ ਕੀਤਾ ਹੈ। ਪੁਲਸ ਨੇ ਇੰਦਰਾ ਨਗਰ ਦੇ ਰਹਿਣ ਵਾਲੇ ਰਾਹੁਲ ਕੁਮਾਰ ਦੇ ਬਿਆਨਾਂ 'ਤੇ ਅਮਨ, ਸੱਗੂ, ਰਾਜੂ, ਕਿੱਕੀ, ਦਵਿੰਦਰ, ਗੋਲਡੀ, ਰਾਜੂ ਅਤੇ ਉਨ੍ਹਾਂ ਦੇ ਸਾਥੀਆਂ ਖ਼ਿਲਾਫ ਕਾਰਵਾਈ ਕੀਤੀ ਹੈ। ਰਾਹੁਲ ਨੇ ਪੁਲਸ ਨੂੰ ਦੱਸਿਆ ਕਿ ਉਸ ਦਾ ਭਰਾ ਸੁਮਿਤ ਕੁਝ ਦਿਨ ਪਹਿਲਾਂ ਜਿੰਮ ਤੋਂ ਵਾਪਸ ਆ ਰਿਹਾ ਸੀ ਤਾਂ ਉਕਤ ਦੋਸੀ ਅਮਨ ਨੇ ਉਸ ਦੇ ਭਰਾ ਸੁਮਿਤ ਨੂੰ ਆਪਣੀ ਐਕਟਿਵਾ ਨਾਲ ਟੱਕਰ ਮਾਰ ਦਿੱਤੀ ਅਤੇ ਫਰਾਰ ਹੋ ਗਿਆ। ਅਗਲੇ ਦਿਨ ਜਦੋਂ ਉਹ ਆਪਣੇ ਘਰ ਨੇੜੇ ਸਥਿਤ ਕਰਿਆਨੇ ਦੀ ਦੁਕਾਨ ਤੋਂ ਸਾਮਾਨ ਲੈਣ ਜਾ ਰਿਹਾ ਸੀ ਤਾਂ ਤੇਜਧਾਰ ਹਥਿਆਰਾਂ ਨਾਲ ਲੈਸ ਉਕਤ ਮੁਲਜਮਾਂ ਨੇ ਉਸ 'ਤੇ ਹਮਲਾ ਕਰ ਦਿੱਤਾ

# ਭਾਈ ਅੰਮ੍ਰਿਤਪਾਲ ਸਿੰਘ ਦੇ ਮਾਤਾ-ਪਿਤਾ ਨੇ ਗਿਆਨੀ ਹਰਪ੍ਰੀਤ ਸਿੰਘ ਨਾਲ ਕੀਤੀ ਮੁਲਾਕਾਤ

ਕਿਸ਼ਨ ਪਾਲ

ਅੰਮ੍ਰਿਤਸਰ 7 ਮਾਰਚ। ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜਰਬੰਦ ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੇ ਪਰਿਵਾਰਾਂ ਨੇ ਅੱਜ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਅੱਜ 15 ਦਿਨ ਤੋਂ ਸਾਡੇ ਨੌਜਵਾਨ ਤੇ ਉਨ੍ਹਾਂ ਦੇ ਪਰਿਵਾਰ ਭੁੱਖ ਹੜਤਾਲ 'ਤੇ ਬੈਠੇ ਹਨ, ਪਰ ਸਰਕਾਰ ਦਾ ਕੋਈ ਵੀ ਨੁਮਾਇੰਦਾ ਇਨ੍ਹਾਂ ਪਰਿਵਾਰਾਂ ਨਾਲ ਗੱਲ ਕਰਨ ਜਾਂ ਹਾਲ ਪੁੱਛਣ ਲਈ ਵੀਂ ਨਹੀ ਆਇਆ। ਉਨ੍ਹਾਂ ਕਿਹਾ ਕਿ ਅਜਾਦ ਭਾਰਤ ਵਿਚ ਖਾਸ ਕਰ ਸਿੱਖਾਂ ਨੂੰ ਹੱਕੀ ਮੰਗਾਂ ਮਨਵਾਉਣ ਲਈ ਰੋਸ ਮਾਰਚਾਂ ਤੇ ਭੁੱਖ ਹੜਤਾਲਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਲੋਕਤੰਤਰ ਵਿਚ ਅਜਿਹਾ ਨਹੀ ਹੁੰਦਾ। ਜਥੇਦਾਰ ਨੇ ਕਿਹਾ ਕਿ ਜੇਕਰ ਜੇਲ੍ਹ ਵਿਚ ਬੰਦ ਸਿੰਘਾਂ ਜਾਂ ਉਨ੍ਹਾਂ ਦੇ ਪਰਿਵਾਰਾਂ ਨੂੰ ਕੁਝ ਵੀ ਹੁੰਦਾ ਹੈ ਤਾਂ ਉਸ ਦੀ ਜ਼ਿੰਮੇਵਾਰੀ ਸਰਕਾਰਾਂ ਦੀ ਹੋਵੇਗੀ। ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਨਾਲ ਗੱਲ ਕਰਨੀ ਚਾਹੀਦੀ ਹੈ ਤੇ ਇਨ੍ਹਾਂ ਦਾ ਜਾਇਜ ਮੰਗ ਮੰਨਣੀ ਚਾਹੀਦੀ ਹੈ ਕਿ ਜੇਲ੍ਹ ਵਿਚ ਬੰਦ ਸਿੰਘ ਪੰਜਾਬ ਦੀ ਕਿਸੇ ਜੇਲ੍ਹ ਵਿਚ ਲਿਆਂਦੇ ਜਾਣ ਤਾਂ ਜੋ ਪਰਿਵਾਰ ਆਪਣੇ ਬੱਚਿਆਂ ਨੂੰ ਅਸਾਨੀ ਨਾਲ ਮਿਲ ਸਕਣ।



ਉਨ੍ਹਾਂ ਕਿਹਾ ਕਿ ਸਾਨੂੰ ਮਰਿਆ ਨਹੀ ਸਮਝਣਾ ਚਾਹੀਦਾ, ਪੰਜਾਬ ਦੇ ਸਿੱਖ ਅਜੇ ਜਿਉਂਦੇ ਹਨ। ਪੰਜਾਬ ਵਿਚ ਸਿੱਖਾਂ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ। ਜੇ ਪੰਜਾਬ ਵਿਚ ਇਹ ਹਾਲਾਤ ਹਨ ਤਾਂ ਪੂਰੇ ਭਾਰਤ ਦੇ ਸਿੱਖਾਂ ਦੀ ਹਾਲਾਤ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ। ਜਥੇਦਾਰ ਨੇ ਕਿਹਾ ਕਿ ਧਾਰਮਿਕ ਸੰਸਥਾਵਾਂ ਦੀ ਭਰੋਸੇਯੋਗਤਾ 1984 ਤੋਂ ਬਾਅਦ ਘਟੀ ਹੈ ਤੇ ਸੋਸ਼ਲ ਮੀਡੀਆ ਦੇ ਜਮਾਨੇ ਵਿਚ ਇਸ 'ਤੇ ਪ੍ਰਸਨ ਚਿੰਨ੍ਹ ਲੱਗਾ ਹੈ। ਇਹ ਹੀ ਕਾਰਨ ਹੈ ਕਿ ਸਰਕਾਰ ਸਾਡੇ ਸਿੱਖ ਆਗੂਆਂ ਦੀ ਗੱਲ ਸੁਨਣ ਨੂੰ ਵੀ ਤਿਆਰ ਨਹੀਂ ਹੈ। ਕਿਸਾਨਾਂ ਬਾਰੇ ਤੇ ਬੰਦੀ ਸਿੱਖਾਂ ਬਾਰੇ ਗੱਲ ਕਰਦਿਆਂ ਜਥੇਦਾਰ ਨੇ ਕਿਹਾ ਕਿ ਲਗਦਾ ਹੈ ਕਿ ਸਾਨੂੰ ਧੱਕ ਕੇ ਸਰਕਾਰ ਹੀ ਪਾਕਿਸਤਾਨ ਵੱਲ ਤੋਰ ਰਹੀ ਹੈ। ਸਰਕਾਰਾਂ ਹੀ ਪੰਜਾਬ ਦਾ ਮਾਹੌਲ ਖਰਾਬ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਜਪਾ ਸਮੇਤ ਵੱਖ-ਵੱਖ ਰਾਜਨੀਤਕ ਪਾਰਟੀਆਂ ਵਿਚ ਬੈਠੇ ਸਿੱਖਾਂ ਨੂੰ ਚਾਹੀਦਾ ਹੈ ਕਿ ਸਿੱਖ ਮੰਗਾਂ ਪ੍ਰਤੀ ਗੰਭੀਰ ਹੋਣ। ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਅਸੀਂ ਇਕ ਸਾਲ ਤੋਂ ਲੜਾਈ ਲੜ ਰਹੇ ਹਾਂ ਪਰ ਸਰਕਾਰ ਸਾਜਿਸ਼ੀ ਢੰਗ ਨਾਲ ਕੈਮਰੇ ਲਗਾ ਕੇ ਜਸੂਸੀ ਕਰ ਰਹੀ ਹੈ। ਅਫਸੋਸ ਹੈ ਕਿ ਸਿੱਖ ਲੀਡਰਸ਼ਿਪ ਵੀ ਚੁੱਪ ਧਾਰ ਗਈ ਹੈ। ਅੱਜ ਸਾਡੀਆਂ ਧੀਆਂ ਭੈਣਾ ਸੜਕਾਂ 'ਤੇ ਰੁਲ ਰਹੀਆਂ ਹਨ ਤੇ ਸਿੱਖ ਲੀਡਰ ਖਾਮੋਸ਼ ਹਨ। ਅਖੌਤੀ ਪੰਥਕ ਵੀ ਚੁੱਪ ਹਨ। ਹਰਿਆਣਾ ਸਰਹੱਦ 'ਤੇ ਕਿਸਾਨਾਂ 'ਤੇ ਜ਼ੁਲਮ ਹੋ ਰਿਹਾ ਹੈ ਕੋਈ ਵੀ ਰਾਜਨੀਤਕ ਆਗੂ ਹਰਿਆਣਾ ਸਰਹੱਦ 'ਤੇ ਨਹੀ ਗਿਆ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਵਿਚ ਜਾ ਕੇ ਨੌਜਵਾਨਾਂ ਦੇ ਮਨਾ ਵਿਚ ਸਹਿਮ ਪੈਦਾ ਕਰ ਰਹੀ ਹੈ। ਇਸ ਮੌਕੇ ਤਰਸੇਮ ਸਿੰਘ, ਬੀਬੀ ਬਲਵਿੰਦਰ ਕੌਰ, ਬੀਬੀ ਨੀਰੂ ਕਲਸੀ ਅਤੇ ਪਰਮਪਾਲ ਸਿੰਘ ਸਭਰਾ ਵੀ ਹਾਜਰ ਸਨ।

## ਪੁਲਸ ਨੇ ਹੁਸ਼ਿਆਰਪੁਰ ਜੇਲ 'ਚ ਬੰਦ ਭਗੌੜੇ ਨੂੰ ਪ੍ਰੋਟੈਕਸ਼ਨ ਵਾਰੰਟ 'ਤੇ ਲਿਆ ਕੇ ਅਦਾਲਤ 'ਚ ਕੀਤਾ ਪੇਸ਼

ਨੂਰਪੁਰਬੇਦੀ 7 ਮਾਰਚ। ਕਰੀਬ 3 ਸਾਲ ਪਹਿਲਾਂ ਭਗੌੜਾ ਐਲਾਨੇ ਗਏ ਇਕ ਮੁਲਜ਼ਮ ਨੂੰ ਨੂਰਪੁਰਬੇਦੀ ਪੁਲਸ ਨੇ ਹੁਸ਼ਿਆਰਪੁਰ ਜੇਲ 'ਚੋਂ ਪ੍ਰੋਟੈਕਸ਼ਨ ਵਾਰੰਟ 'ਤੇ ਲਿਆ ਕੇ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ ਵਿਚ ਪੇਸ਼ ਕੀਤਾ ਹੈ। ਜਿਸ ਨੂੰ ਮਾਣਯੋਗ ਅਦਾਲਤ ਨੇ 18 ਮਾਰਚ ਤੱਕ ਨਿਆਇਕ ਹਿਰਾਸਤ ਵਿਚ ਭੇਜਣ ਦਾ ਹੁਕਮ ਦਿੱਤਾ। ਜਾਣਕਾਰੀ ਦਿੰਦਿਆਂ ਥਾਣਾ ਨੂਰਪੁਰਬੇਦੀ ਅਧੀਨ ਪੈਂਦੀ ਪੁਲਸ ਚੌਕੀ ਕਲਵਾਂ ਦੇ ਇੰਚਾਰਜ ਏ.ਐੱਸ.ਆਈ. ਸਮਰਜੀਤ ਸਿੰਘ ਨੇ ਦੱਸਿਆ ਕਿ ਕਰੀਬ 5 ਸਾਲ ਪਹਿਲਾਂ 2018 'ਚ ਨੂਰਪੁਰਬੇਦੀ ਥਾਣੇ ਵਿਖੇ ਧੋਖਾਦੇਹੀ ਦੇ ਦੋਸ਼ ਹੇਠ ਦਰਜ ਹੋਏ 420 ਦੇ ਇਕ ਮੁਕੱਦਮੇ 'ਚ ਮਾਣਯੋਗ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ ਵਲੋਂ ਮਨੋਹਰ ਲਾਲ ਪੁੱਤਰ ਚੰਨਣ ਦਾਸ ਨਿਵਾਸੀ ਪਿੰਡ ਪੰਡੋਰੀ ਬੀਤ, ਥਾਣਾ ਗੜ੍ਹਸ਼ੰਕਰ ਨੂੰ 15 ਨਵੰਬਰ 2019 ਨੂੰ ਭਗੌੜਾ ਐਲਾਨਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਉਕਤ ਮੁਲਜ਼ਮ ਕਿਸੇ ਇਕ ਹੋਰ ਮੁਕੱਦਮੇ ਵਿਚ ਹੁਸ਼ਿਆਰਪੁਰ ਦੀ ਜੇਲ ਵਿਚ ਬੰਦ ਸੀ ਜਿਸਨੂੰ ਪ੍ਰੋਟੈਕਸ਼ਨ ਵਾਰੰਟ 'ਤੇ ਲਿਆ ਕੇ ਦੇਰ ਸ਼ਾਮ ਸ੍ਰੀ ਅਨੰਦਪੁਰ ਸਾਹਿਬ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਇਸ ਸਬੰਧੀ ਏ.ਐੱਸ.ਆਈ. ਸਮਸ਼ੇਰ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ ਦੀ ਸੁਣਵਾਈ ਕਰਦਿਆਂ ਮਾਣਯੋਗ ਜੱਜ ਨੇ ਮੁਲਜ਼ਮ ਮਨੋਹਰ ਲਾਲ ਨੂੰ 14 ਦਿਨ ਦੀ ਨਿਆਇਕ ਹਿਰਾਸਤ 'ਚ ਭੇਜਣ ਦਾ ਹੁਕਮ ਦਿੱਤਾ ਹੈ ਜਿਸ ਤੋਂ ਬਾਅਦ ਉਸਨੂੰ ਮੁੜ ਹੁਸ਼ਿਆਰਪੁਰ ਜੇਲ ਵਿਖੇ ਭੇਜ ਦਿੱਤਾ ਗਿਆ ਹੈ।

## ਸੁਲਤਾਨਪੁਰ ਲੋਧੀ 'ਚ ਵਾਪਰੀ ਦਿਲ ਨੂੰ ਵਲੂੰਧਰਣ ਵਾਲੀ ਘਟਨਾ

ਸੁਲਤਾਨਪੁਰ ਲੋਧੀ 7 ਮਾਰਚ। ਕਪੂਰਥਲਾ ਜ਼ਿਲ੍ਹੇ 'ਚ ਆਵਾਰਾ ਕੁੱਤਿਆਂ ਦਾ ਆਤੰਕ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ ਹੈ। ਹਰ ਰੋਜ ਆਵਾਰਾ ਕੁੱਤੇ ਨੋਚ-ਨੋਚ ਕੇ ਛੋਟੇ ਬੱਚਿਆਂ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ। ਇਸ ਤੋਂ ਪਹਿਲਾਂ ਵੀ ਕੁਝ ਲੋਕ ਇਨ੍ਹਾਂ ਕੁੱਤਿਆਂ ਦਾ ਸ਼ਿਕਾਰ ਹੋ ਚੁੱਕੇ ਹਨ ਅਤੇ ਉਨ੍ਹਾਂ ਦੀ ਮੌਤ ਵੀ ਹੋ ਚੁੱਕੀ ਹੈ। ਤਾਜਾ ਮਾਮਲਾ ਸੁਲਤਾਨਪੁਰ ਲੋਧੀ ਅਧੀਨ ਪੈਂਦੇ ਪਿੰਡ ਊਗਰੂਪੁਰ ਅਤੇ ਹੈਦਰਾਬਾਦ ਬੇਟ ਦਾ ਹੈ, ਜਿੱਥੇ ਆਵਾਰਾ ਕੁੱਤਿਆਂ ਨੇ ਇਕ ਕੁੜੀ ਅਤੇ ਇਕ ਮੁੰਡੇ ਨੂੰ ਬੁਰੀ ਤਰ੍ਹਾਂ ਵੱਢ ਕੇ ਜਖਮੀ ਕਰ ਦਿੱਤਾ ਹੈ, ਜਿਨ੍ਹਾਂ 'ਚੋਂ ਬੱਚੀ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ, ਜੋਕਿ ਇਕ ਪ੍ਰਵਾਸੀ ਮਜਦੂਰ ਦੀ ਬੇਟੀ ਦੱਸੀ ਜਾਂਦੀ ਹੈ, ਜਿਸ ਨੂੰ ਬੁਰੀ ਤਰ੍ਹਾਂ ਨਾਲ ਆਵਾਰਾ ਕੁੱਤਿਆਂ ਵੱਲੋਂ ਵੱਢਿਆ ਗਿਆ ਹੈ। ਦੋਵੇਂ ਬੱਚਿਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸੁਲਤਾਨਪੁਰ ਲੋਧੀ ਵਿਖੇ ਦਾਖਲ ਕਰਵਾਇਆ ਗਿਆ ਹੈ। ਜਾਣਕਾਰੀ ਦਿੰਦਿਆਂ ਡਿਊਟੀ ਡਾਕਟਰ ਪੁਨੀਤ ਕੌਰ ਨੇ ਦੱਸਿਆ ਕਿ ਮੀਰਾ (6) ਪੁੱਤਰੀ ਵਿਨੋਦ ਹਾਲ ਵਾਸੀ ਊਗਰੂਪੁਰ ਅਤੇ ਕਾਰਤਿਕ (3) ਪੁੱਤਰ ਮਨੀ ਕੁਮਾਰ ਵਾਸੀ ਹੈਦਰਾਬਾਦ ਬੇਟ ਸਾਡੇ ਕੋਲ ਆਵਾਰਾ ਕੁੱਤਿਆ ਕੱਟਣ ਕਾਰਨ ਇਲਾਜ ਕਰਾਉਣ ਲਈ ਆਏ ਸਨ, ਜਿਨ੍ਹਾਂ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਰੈਫਰ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਮੀਰਾ ਦੀ ਹਾਲਤ ਕਾਫੀ ਗੰਭੀਰ ਬਣੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਦੋਵੇਂ ਬੱਚੇ ਖੇਡ ਰਹੇ ਸਨ। ਉਸ ਸਮੇਂ ਆਵਾਰਾ ਕੁੱਤਿਆਂ ਨੇ ਬੱਚਿਆਂ ਨੂੰ ਆਪਣਾ ਨਿਸਾਨਾ ਬਣਾਇਆ। ਆਵਾਰਾ ਕੁੱਤਿਆਂ ਨੇ ਇਕ ਬੱਚੇ ਦਾ ਚਿਹਰਾ ਪੂਰੀ ਤਰ੍ਹਾਂ ਨੋਚ ਲਿਆ ਹੈ। ਸਰਪੰਚ ਸੁਖਚੈਨ ਸਿੰਘ ਨੇ ਕਿਹਾ ਕਿ ਸਰਕਾਰ ਨੂੰ ਆਵਾਰਾ ਕੁੱਤਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ। ਕੁੱਤੇ ਹੁਣ ਆਦਮਖੋਰ ਬਣ ਗਏ ਹਨ, ਜਿਨ੍ਹਾਂ ਨੂੰ ਪ੍ਰਸਾਸਨ ਵੱਲੋਂ ਕਾਬੂ ਕਰਨਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਵੀ ਸਾਡੇ ਇਲਾਕੇ ਵਿਚ ਆਵਾਰਾ ਕੁੱਤਿਆਂ ਨੇ ਇਕ ਔਰਤ ਅਤੇ ਬੱਚੇ ਨੂੰ ਵੱਢ ਲਿਆ ਸੀ, ਜਿਨ੍ਹਾਂ ਦੀ ਮੌਤ ਹੋ ਗਈ ਸੀ। ਉਨ੍ਹਾਂ ਕਿਹਾ ਕਿ ਕੁੱਤਿਆਂ ਕਾਰਨ ਲੋਕਾਂ ਵਿਚ ਡਰ ਦਾ ਮਾਹੌਲ ਬਣਿਆ ਹੋਇਆ ਹੈ। ਲੋਕ ਘਰੋਂ ਨਿਕਲਣ ਤੋਂ ਵੀ ਡਰਦੇ ਹਨ।

# 10 ਸਾਲਾਂ 'ਚ ਅਸੀਂ ਅਨਾਜ-ਖੰਡ ਦੀ ਘਟਾਈ ਖਪਤ, ਫਲਾਂ ਤੇ ਦੁੱਧ ਦੀ ਖਪਤ ਵਿੱਚ ਹੋਇਆ ਵਾਧਾ

ਏਜੰਸੀਆਂ

ਬਿਜਨੈੱਸ ਡੈਸਕ 7 ਮਾਰਚ। ਪਿਛਲੇ ਇਕ ਦਹਾਕੇ ਤੋਂ ਸਾਡੀਆਂ ਖਾਣ-ਪੀਣ ਦੀਆਂ ਆਦਤਾਂ ਕਾਫੀ ਹੱਦ ਤੱਕ ਬਦਲ ਗਈਆਂ ਹਨ। ਖਾਣ-ਪੀਣ ਦੀਆਂ



ਚੀਜਾਂ ਦੇ ਔਸਤ ਮਾਸਿਕ ਖਰਚੇ ਵਿਚ ਅਨਾਜ ਦਾ ਹਿੱਸਾ 5.84 ਫੀਸਦੀ ਤੱਕ ਘੱਟ ਹੋ ਗਿਆ ਹੈ। ਸਾਲ 2011-12 ਵਿਚ ਅਸੀਂ ਅਨਾਜ 'ਤੇ ਕੁੱਲ ਖਰਚ ਦੀ 10.75 ਫੀਸਦੀ ਰਕਮ ਖਰਚ ਕਰਦੇ ਸਨ, ਜੋ ਸਾਲ 2022-23 ਵਿਚ ਘੱਟ ਕੇ 4.91 ਫੀਸਦੀ ਰਹਿ ਗਈ ਹੈ। ਦੱਸ ਦੇਈਏ ਕਿ ਹਾਲ ਵਿਚ ਹੀ ਅੰਕੜਾ ਅਤੇ ਪ੍ਰੋਗਰਾਮ ਲਾਗੂਕਰਨ ਮੰਤਰਾਲੇ ਵਲੋਂ ਜਾਰੀ ਕੀਤੇ ਗਏ ਨੈਸ਼ਨਲ ਸੈਂਪਲ ਸਰਵੇ ਦਫਤਰ ਦੀ ਰਿਪੋਰਟ ਵਿਚ ਇਹ ਅੰਕੜੇ ਸਾਹਮਣੇ ਆਏ ਹਨ। ਇਸ ਦੌਰਾਨ ਦਿਲਚਸਪ ਗੱਲ ਇਹ ਹੈ ਕਿ ਪਿਛਲੇ ਇਕ ਦਹਾਕੇ ਦੌਰਾਨ ਫਲਾਂ 'ਤੇ 0.29 ਫੀਸਦੀ ਅਤੇ ਦੁੱਧ 'ਤੇ 0.29 ਫੀਸਦੀ ਖਰਚ ਵਧਿਆ ਹੈ। ਇਸ ਦੌਰਾਨ ਅਸੀਂ ਖੰਡ ਅਤੇ ਲੂਣ 'ਤੇ ਹੋਣ ਵਾਲਾ ਖਰਚ ਵੀ ਅੱਧਾ ਕਰ ਦਿੱਤਾ ਹੈ। ਹਾਲਾਂਕਿ ਡੱਬਾਬੰਦ ਡਰਿੰਕਸ ਅਤੇ ਬਿਸਕੁਟ ਵਰਗੇ ਪ੍ਰੋਸੈਸਡ ਭੋਜਨ 'ਤੇ 2011-12 ਵਿੱਚ 8.98 ਫੀਸਦੀ ਦੇ ਖਰਚ ਦੇ ਸਥਾਨ 'ਤੇ ਹੁਣ ਅਸੀਂ 10.64 ਫੀਸਦੀ ਖਰਚ ਕਰਦੇ ਹਾਂ। ਖਾਸ ਗੱਲ ਇਹ ਹੈ ਕਿ ਪੇਂਡੂ ਖੇਤਰਾਂ 'ਚ ਵੀ ਇਸੇ ਮਿਆਦ 'ਚ ਪ੍ਰੋਸੈਸਡ ਫੂਡ 'ਤੇ ਖਰਚ 7.9 ਫੀਸਦੀ ਤੋਂ ਵਧ ਕੇ 9.62 ਫੀਸਦੀ ਹੋ ਗਿਆ। ਅਨਾਜ ਅਤੇ ਫਲਾਂ ਦੀ ਖਪਤ ਦਾ ਇਹ ਰੁਝਾਨ 1993-94 ਅਤੇ 2011-12 ਵਿਚਕਾਰ ਸਮਾਨ ਜਾਪਦਾ ਹੈ। 1993-94 ਵਿੱਚ ਪ੍ਰਤੀ ਵਿਅਕਤੀ ਪ੍ਰਤੀ ਦਿਨ ਚੌਲਾਂ ਦੀ ਖਪਤ 220 ਗ੍ਰਾਮ ਸੀ, ਜੋ 2011-12 ਵਿੱਚ ਘੱਟ ਕੇ 190 ਗ੍ਰਾਮ ਰਹਿ ਗਈ। ਕਣਕ ਦੀ ਖਪਤ 148 ਗ੍ਰਾਮ ਤੋਂ ਘਟ ਕੇ 147 ਗ੍ਰਾਮ, ਮੱਕੀ ਦੀ 10 ਗ੍ਰਾਮ ਤੋਂ 3 ਗ੍ਰਾਮ, ਬਾਜਰੇ ਦੀ 45 ਗ੍ਰਾਮ ਤੋਂ 15 ਗ੍ਰਾਮ ਰਹਿ ਗਈ ਹੈ। ਇਸ ਦੇ ਨਾਲ ਹੀ ਫਲਾਂ ਦੀ ਖਪਤ 19.4 ਗ੍ਰਾਮ ਤੋਂ 23 ਗ੍ਰਾਮ, ਦੁੱਧ ਦੀ 147.6 ਗ੍ਰਾਮ ਤੋਂ 165.5 ਗ੍ਰਾਮ, ਮੀਟ ਅਤੇ ਮੱਛੀ ਦੀ ਖਪਤ 12.8 ਗ੍ਰਾਮ ਤੋਂ ਵਧ ਕੇ 15.8 ਗ੍ਰਾਮ ਹੋ ਗਈ ਹੈ। ਤੇਲ ਦੀ ਗੱਲ ਕਰੀਏ ਤਾਂ ਰਿਫਾਇੰਡ ਤੇਲ ਦੀ ਖਪਤ ਸਭ ਤੋਂ ਵੱਧ ਵਧੀ ਹੈ। 1093-94 ਵਿੱਚ ਹਰ ਵਿਅਕਤੀ ਰੋਜਾਨਾ ਔਸਤਨ 0.6 ਗ੍ਰਾਮ ਰਿਫਾਇੰਡ ਦੀ ਖਪਤ ਕਰ ਰਿਹਾ ਸੀ, ਜੋ 2011-12 ਵਿੱਚ 8.4 ਗ੍ਰਾਮ ਤੱਕ ਪਹੁੰਚ ਗਿਆ। . ਚੌਲਾਂ ਦੀ ਖਪਤ ਸਿਰਫ ਹੇਠਲੇ ਦੋ ਸਮੂਹਾਂ ਵਿੱਚ ਵਧੀ ਹੈ, ਜਦੋਂ ਕਿ ਕਣਕ ਦੀ ਖਪਤ ਸਿਰਫ ਹੇਠਲੇ ਚਾਰ ਸਮੂਹਾਂ ਵਿੱਚ ਵਧੀ ਹੈ। ਬਾਕੀ ਛੇ ਵਿੱਚ ਗਿਰਾਵਟ ਦਰਜ ਕੀਤੀ ਗਈ ਹੈ, ਹਰ ਆਮਦਨ ਸਮੂਹ ਵਿੱਚ ਮੋਟੇ ਅਨਾਜ ਦੀ ਖਪਤ ਘੱਟ ਦਰਜ ਕੀਤੀ ਗਈ ਹੈ।

# ਪ੍ਰਤਾਪ ਬਾਜਵਾ ਨੇ ਕਬੂਲੀ ਮੁੱਖ ਮੰਤਰੀ ਦੀ ਚੁਣੌਤੀ, ਕਿਹਾ ਕਿਸੇ ਵੀ ਹਲਕੇ ਤੋਂ ਲੜੋ ਚੋਣ, ਕਰਾਂਗਾ ਮੁਕਾਬਲਾ

ਏਜੰਸੀਆਂ

ਚੰਡੀਗੜ੍ਹ 7 ਮਾਰਚ। ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਅੱਜ ਦੂਜੇ ਦਿਨ ਦੀ ਕਾਰਵਾਈ ਖੂਬ ਹੰਗਾਮਾ ਭਰਪੂਰ ਰਹੀ। ਦੁਪਹਿਰੋਂ ਬਾਅਦ ਕਾਂਗਰਸ ਵਲੋਂ ਸਦਨ 'ਚੋਂ ਵਾਕ ਆਊਟ ਕਰ ਦਿੱਤਾ ਗਿਆ। ਇਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਸੱਤਾ ਦੇ ਨਸ਼ੇ ਵਿਚ ਚੂਰ ਹੋ ਕੇ ਵਿਧਾਨ ਸਭਾ ਦੀ ਕਾਰਵਾਈ ਦਾ ਉਲੰਘਣ ਕਰ ਰਹੇ ਹਨ। ਮੁੱਖ ਮੰਤਰੀ ਦੀ ਕੁਰਸੀ ਦੀ ਤਾਕਤ ਭਗਵੰਤ ਮਾਨ ਦੇ ਦਿਮਾਗ 'ਤੇ ਚੜ੍ਹ ਗਈ ਹੈ, ਜਿਸ ਕਾਰਣ ਉਹ ਸਾਰੀਆਂ ਪਰੰਪਰਾ ਭੁੱਲ ਗਏ ਹਨ। ਬਾਜਵਾ ਨੇ ਦੋਸ਼ ਲਗਾਇਆ ਕਿ ਵਿਧਾਨ ਸਭਾ ਵਿਚ ਦੋ ਤਿੰਨ ਵਾਰ ਮੁੱਖ ਮੰਤਰੀ ਨੇ ਗਾਲ੍ਹ ਕੱਢਣ ਦੀ ਕੋਸ਼ਿਸ਼ ਕੀਤੀ। ਬਾਜਵਾ ਨੇ ਦੋਸ਼ ਲਗਾਇਆ ਕਿ ਅੱਜ ਵਿਧਾਨ ਸਭਾ ਵਿਚ ਇਕ ਜਨਤਾ ਦੇ ਚੁਣੇ ਹੋਏ ਦਲਿਤ ਵਿਧਾਇਕ ਦਾ ਅਪਮਾਨ ਕੀਤਾ ਗਿਆ ਹੈ। ਕਾਂਗਰਸੀ ਵਿਧਾਇਕ ਸੁਖਵੰਤ ਕੋਟਲੀ ਜਦੋਂ ਸਵਾਲ ਪੁੱਛ ਰਹੇ ਸਨ ਕਿ ਆਮ ਆਦਮੀ ਪਾਰਟੀ ਸਰਕਾਰ ਨੇ ਇਹ ਵਾਅਦਾ ਕੀਤਾ ਸੀ ਕਿ ਸਰਕਾਰ ਬਣਨ 'ਤੇ ਦਲਿਤ ਉਪ ਮੁੱਖ ਮੰਤਰੀ ਬਣਾਇਆ ਜਾਵੇਗਾ ਪਰ ਅੱਜ ਦੋ ਸਾਲ ਬੀਤਣ ਦੇ ਬਾਵਜੂਦ ਵੀ ਦਲਿਤ ਨੂੰ ਉਪ ਮੁੱਖ ਮੰਤਰੀ ਕਿਉਂ ਨਹੀਂ ਬਣਾਇਆ ਗਿਆ ਤਾਂ ਉਨ੍ਹਾਂ ਲਈ ਬੇਹੱਦ ਭੱਦੀ ਸ਼ਬਦਾਵਲੀ ਵਰਤੀ ਗਈ ਜੋ ਅਤਿ ਨਿੰਦਾ ਯੋਗ ਹੈ। ਬਾਜਵਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਦੀ ਉਸ ਚੁਣੌਤੀ ਨੂੰ ਕਬੂਲ ਕਰਦੇ ਹਨ, ਜਿਸ ਵਿਚ ਉਨ੍ਹਾਂ ਆਖਿਆ ਸੀ ਕਿ ਉਹ ਪੰਜਾਬ ਵਿਚ ਕਿਤੋਂ ਵੀ ਲੋਕ ਸਭਾ ਚੋਣ ਲੜ ਲੈਣ। ਬਾਜਵਾ ਨੇ ਕਿਹਾ ਕਿ ਉਹ ਮੁੱਖ ਮੰਤਰੀ ਨੂੰ ਆਖਦੇ ਹਨ ਕਿ ਭਗਵੰਤ ਮਾਨ ਜੇ ਕਿਸੇ ਹਲਕੇ ਤੋਂ ਲੋਕ ਸਭਾ ਦੀ ਚੋਣ ਲੜਦੇ ਹਨ ਤਾਂ ਉਹ ਉਨ੍ਹਾਂ ਦੇ ਖ਼ਿਲਾਫ ਉਸੇ ਹਲਕੇ ਤੋਂ ਮੈਦਾਨ ਵਿਚ ਉਤਰਨਗੇ। ਬਾਜਵਾ ਨੇ ਕਿਹਾ ਕਿ ਮੁੱਖ ਮੰਤਰੀ ਰੱਬ ਨੂੰ ਭੁੱਲੀ ਬੈਠੇ ਹਨ। ਇਕ ਹੋਰ ਸਿਆਸੀ ਪਾਰਟੀ ਦਾ ਮੁਖੀ ਕਹਿੰਦਾ ਸੀ ਕਿ ਅਸੀਂ 25 ਸਾਲ ਰਾਜ ਕਰਨਾ ਹੈ, ਦੇਖੋ ਅੱਜ ਉਸ ਦਾ ਕੀ ਹਾਲ ਹੈ। ਸਿਆਸੀ ਆਗੂ ਇਹ ਨਾ ਭੁੱਲਣ ਕਿ ਪੰਜਾਬ ਦੀ ਜਨਤਾ 'ਤੇ ਤਖਤ 'ਤੇ ਬਿਠਾ ਸਕਦੀ ਹੈ ਤਾਂ ਉਹ ਲਾਹ ਵੀ ਸਕਦੀ ਹੈ। ਕਾਂਗਰਸੀ ਵਿਧਾਇਕ ਸੁਖਵੰਤ ਕੋਟਲੀ ਅੱਜ ਵਿਧਾਨ ਸਭਾ ਵਿਚ ਹੋਏ ਕਥਿਤ ਅਪਮਾਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਦੌਰਾਨ ਫੁੱਟ ਫੁੱਟ ਕੇ ਰੋ ਪਏ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੋਟਲੀ ਨੇ ਦੋਸ਼ ਲਾਇਆ ਕਿ ਜਦੋਂ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਵਾਲ ਕੀਤਾ ਕਿ ਦੱਸੋ ਪੰਜਾਬ ਅੰਦਰ ਡਿਪਟੀ ਸੀ. ਐੱਮ. ਕਦੋਂ ਬਣਾਉਗੇ ਤਾਂ ਇਹ ਸੁਣਦੇ ਹੀ ਮੁੱਖ ਮੰਤਰੀ ਭੜਕ ਗਏ। ਕੋਟਲੀ ਨੇ ਦੋਸ਼ ਲਾਇਆ ਕਿ ਮਾਨ ਵੱਲੋਂ ਮੇਰਾ ਅਪਮਾਨ ਕੀਤਾ ਗਿਆ ਅਤੇ ਭੱਦੀ ਸ਼ਬਦਾਵਲੀ ਵਰਤੀ ਗਈ। ਦੂਜੇ ਪਾਸੇ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਾਇਆ ਕਿ ਸਦਨ ਵਿਚ ਸਾਡੇ ਦਲਿਤ ਵਿਧਾਇਕ ਦਾ ਅਪਮਾਨ ਕੀਤਾ ਗਿਆ।



## ਪੰਜਾਬ 'ਚ ਮੌਜੂਦਾ ਸੰਸਦ ਮੈਂਬਰਾਂ ਦੀ ਸੀਟ 'ਚ ਬਦਲਾਅ ਕਰ ਸਕਦੀ ਹੈ ਕਾਂਗਰਸ !

ਏਜੰਸੀਆਂ

ਲੁਧਿਆਣਾ 7 ਮਾਰਚ। ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਤੋਂ ਬਾਅਦ ਭਾਜਪਾ ਵੱਲੋਂ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਹੁਣ ਕਾਂਗਰਸ ਦੀ ਲਿਸਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਸ ਵਿਚ ਜੇਕਰ ਪੰਜਾਬ ਦੀ ਗੱਲ ਕਰੀਏ ਤਾਂ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਰਮਿਆਨ ਸਮਝੌਤਾ ਹੋਣ ਦੀ ਸੰਭਾਵਨਾ ਲੱਗਭਗ ਖਤਮ ਹੋ ਗਈ ਹੈ, ਜਿਸ ਕਾਰਨ ਦੋਵੇਂ ਹੀ ਪਾਰਟੀਆਂ ਵੱਲੋਂ ਆਪਣੇ ਉਮੀਦਵਾਰਾਂ ਦੇ ਨਾਂ ਫਾਈਨਲ ਕਰਨ ਲਈ ਸਿਰਖਪਾਈ ਕੀਤੀ ਜਾ ਰਹੀ ਹੈ। ਇਸ ਦੌਰਾਨ ਇਹ ਚਰਚਾ ਸੁਣਨ ਨੂੰ ਮਿਲ ਰਹੀ ਹੈ ਕਿ ਕਾਂਗਰਸ ਕੁਝ ਮੌਜੂਦਾ ਸੰਸਦ ਮੈਂਬਰਾਂ ਦੀ ਟਿਕਟ ਵਿਚ ਬਦਲਾਅ ਕਰ ਸਕਦੀ ਹੈ। ਇਨ੍ਹਾਂ ਵਿਚ ਰਵਨੀਤ ਸਿੰਘ ਬਿੱਟੂ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਨੂੰ ਆਮ ਜਨਤਾ ਦੇ ਨਾਲ ਕਾਂਗਰਸ ਵਰਕਰਾਂ ਦੇ ਭਾਰੀ ਵਿਰੋਧ ਦੇ ਮੱਦੇਨਜ਼ਰ ਵਾਪਸ ਅਨੰਦਪੁਰ ਸਾਹਿਬ ਭੇਜਿਆ ਜਾ ਸਕਦਾ ਹੈ, ਜਿੱਥੋਂ ਉਹ ਪਹਿਲੀ ਵਾਰ ਐੱਮ.ਪੀ. ਬਣੇ ਸਨ, ਜਦੋਂਕਿ ਬਿੱਟੂ ਦੀ ਜਗ੍ਹਾ ਲੁਧਿਆਣਾ ਵਿਚ ਇਕ ਵਾਰ ਫਿਰ ਮੁਨੀਸ਼ ਤਿਵਾੜੀ ਦੀ ਐਂਟਰੀ ਹੋ ਸਕਦੀ ਹੈ, ਜੋ ਪਹਿਲਾਂ ਲੁਧਿਆਣਾ ਤੋਂ ਐੱਮ.ਪੀ. ਰਹਿ ਚੁੱਕੇ ਹਨ ਤੇ ਹੁਣ ਅਨੰਦਪੁਰ ਸਾਹਿਬ ਤੋਂ ਜਿੱਤੇ ਹਨ। ਮਿਲੀ ਜਾਣਕਾਰੀ





ਮੁਤਾਬਕ ਇਸ ਸਬੰਧੀ ਮਤਾ ਪੰਜਾਬ ਕਾਂਗਰਸ ਦੀ ਸਕ੍ਰੀਨਿੰਗ ਕਮੇਟੀ ਵੱਲੋਂ ਹਾਈਕਮਾਨ ਨੂੰ ਭੇਜਿਆ ਗਿਆ ਹੈ, ਜਿਸ ਦੇ ਸੰਕੇਤ ਬਿੱਟੂ ਵੱਲੋਂ ਲੁਧਿਆਣਾ ਕਾਂਗਰਸ ਦੀ ਮੀਟਿੰਗ ਵਿੱਚ ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਦੀ ਨਾਰਾਜ਼ਗੀ ਕਾਰਨ ਹੰਗਾਮਾ ਹੋਣ ਤੋਂ ਬਾਅਦ ਅਚਾਨਕ ਅਨੰਦਪੁਰ ਸਾਹਿਬ ਪੁੱਜ ਕੇ ਗੁਰਦੁਆਰਾ ਕੇਸਗੜ੍ਹ ਸਾਹਿਬ ਵਿਚ ਮੱਥਾ ਟੇਕਣ ਤੋਂ ਵੀ ਮਿਲ ਰਹੇ ਹਨ, ਜਿਸ ਦੀ ਸੂਚਨਾ ਖੁਦ ਬਿੱਟੂ ਵੱਲੋਂ ਆਪਣੇ ਫੇਸਬੁਕ ਪੇਜ 'ਤੇ ਸ਼ੇਅਰ ਕੀਤੀ ਗਈ ਹੈ। ਮਨੀਸ਼ ਤਿਵਾੜੀ ਨੂੰ ਲੈ ਕੇ ਇਹ ਚਰਚਾ ਵੀ ਹੋ ਰਹੀ ਹੈ ਕਿ ਉਹ ਅਨੰਦਪੁਰ ਸਾਹਿਬ ਜਾਂ ਲੁਧਿਆਣਾ ਦੇ ਮੁਕਾਬਲੇ ਚੰਡੀਗੜ੍ਹ ਸੀਟ ਤੋਂ ਚੋਣ ਲੜਨ ਦੇ ਜ਼ਿਆਦਾ ਚਾਹਵਾਨ ਹਨ। ਹਾਲਾਂਕਿ ਉਥੇ ਸੀਨੀਅਰ ਨੇਤਾ ਪਵਨ ਬਾਂਸਲ ਦੀ ਦਾਅਵੇਦਾਰੀ ਕਾਰਨ ਜੇਕਰ ਤਿਵਾੜੀ ਨੂੰ ਟਿਕਟ ਨਾ ਮਿਲੀ ਤਾਂ ਉਨ੍ਹਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਦੀਆਂ ਖਬਰਾਂ ਵੀ ਸੁਣਨ ਨੂੰ ਮਿਲ ਰਹੀਆਂ ਹਨ। ਇਹੀ ਬਦਲ ਤਿਵਾੜੀ ਦੇ ਕੋਲ ਲੁਧਿਆਣਾ ਵਿਚ ਵਾਪਸੀ ਲਈ ਖੁੱਲ੍ਹਾ ਹੋਇਆ ਹੈ।

# ਬਰਸਾਤੀ ਪਾਣੀ ਕਾਰਨ ਮਕਸੂਦਾਂ ਸਬਜੀ ਮੰਡੀ ਬਣਿਆ ਸਵੀਮਿੰਗ ਪੂਲ

ਜਲੰਧਰ 7 ਮਾਰਚ। ਸ਼ਨੀਵਾਰ ਨੂੰ ਹੋਈ ਭਰੀ ਬਰਸਾਤ ਕਾਰਨ ਮਕਸੂਦਾਂ ਸਬਜੀ ਮੰਡੀ ਨੇ ਸਵੀਮਿੰਗ ਪੂਲ ਦਾ ਰੂਪ ਧਾਰ ਲਿਆ ਹੈ। 2 ਦਿਨਾਂ ਤੋਂ ਮੰਡੀ ਦੇ ਅੰਦਰ ਬਰਸਾਤੀ ਪਾਣੀ ਦੀ ਨਿਕਾਸੀ ਇਸ ਲਈ ਨਹੀਂ ਹੋ ਸਕੀ, ਕਿਉਂਕਿ ਨਿਕਾਸੀ ਲਈ ਲੱਖਾਂ ਦੀ ਕੀਮਤ ਦੀ ਲਾਈਆਂ ਮੇਨ ਮੋਟਰਾਂ ਖਰਾਬ ਹਨ। ਇਸ ਦੇ ਇਲਾਵਾ ਜੈਨਰੇਟਰ ਦੀ ਆਪਸ਼ਨ ਵੀ ਨਹੀਂ ਰਹੀ, ਕਾਰਨ ਇਹ ਹੈ ਕਿ ਜਨਰੇਟਰ 'ਚ ਪਾਉਣ ਲਈ ਡੀਜਲ ਤੱਕ ਨਹੀਂ ਹੈ। ਇਸ ਤੋਂ ਪਹਿਲਾਂ ਮੰਡੀ ਦੇ ਇੰਨੇ ਹਾਲਾਤ ਕਦੀ ਨਹੀਂ ਵੇਖਣ ਨੂੰ ਮਿਲੇ, ਕਿਉਂਕਿ ਸੇਵਾ-ਮੁਕਤ ਹੋ ਚੁੱਕੇ ਜੇ. ਈ. ਪੁਖਰਾਜ ਸਿੰਘ ਆਪਣੇ ਦਫਤਰ ਦੌਰਾਨ ਸਮੇਂ-ਸਮੇਂ 'ਤੇ ਮੋਟਰਾਂ ਦੀ ਮੁਰੰਮਤ ਕਰਵਾਉਂਦੇ ਰਹਿੰਦੇ ਸਨ ਅਤੇ ਡੀਜਲ ਦੀ ਕਮੀ ਵੀ ਨਹੀਂ ਰੱਖਦੇ ਸੀ। ਅਜਿਹੇ 'ਚ ਬਰਸਾਤੀ ਪਾਣੀ ਕੁਝ ਸਮੇਂ 'ਚ ਹੀ ਵਹਾ ਦਿੱਤਾ ਜਾਂਦਾ ਸੀ। ਕੁਝ ਆੜ੍ਹਤੀਆਂ ਦੀ ਮੰਨੀਏ ਤਾਂ ਡਿਊਟੀ 'ਤੇ ਤਾਇਨਾਤ ਜੇ.ਈ. ਦੀ ਲਾਪ੍ਰਵਾਹੀ ਕਾਰਨ ਹੁਣ ਸਮੇਂ-ਸਮੇਂ 'ਤੇ ਮੰਡੀ ਅੰਦਰ ਹੀ ਲੱਗੀਆਂ ਮੇਨ ਮੋਟਰਾਂ ਦੀ ਮੁਰੰਮਤ ਨਹੀਂ ਹੁੰਦੀ, ਜਿਸ ਕਾਰਨ ਇਹ ਪ੍ਰੇਸ਼ਾਨੀ ਸਾਹਮਣੇ ਆਈ ਹੈ। ਬਰਸਾਤੀ ਪਾਣੀ ਖੜ੍ਹਾ ਹੋਣ ਕਾਰਨ ਆੜ੍ਹਤੀਆਂ ਤੋਂ ਲੈ ਕੇ ਮੰਡੀ ਆਉਣ-ਜਾਣ ਵਾਲੇ ਲੋਕ ਵੀ ਪ੍ਰੇਸ਼ਾਨ ਹਨ। ਖੜ੍ਹੇ ਪਾਣੀ ਕਾਰਨ ਮੰਡੀ ਦੇ ਅੰਦਰ ਬਦਬੂ ਹੀ ਬਦਬੂ ਹੈ, ਜਿਸ ਨਾਲ ਬੀਮਾਰੀਆਂ ਫੈਲਣ ਦਾ ਵੀ ਡਰ ਬਣਿਆ ਹੋਇਆ ਹੈ। ਪੈਦਲ ਚੱਲਣ ਲਈ ਲੋਕਾਂ ਨੂੰ ਬਰਸਾਤੀ ਪਾਣੀ ਦਰਮਿਆਨ ਨਿਕਲਣਾ ਪੈ ਰਿਹਾ ਹੈ। ਖੜ੍ਹੇ ਪਾਣੀ ਕਾਰਨ ਮੱਛਰ ਆਦਿ ਪੈਦਾ ਹੋਣ ਨਾ ਵੀ ਮੰਡੀ 'ਚ ਬੀਮਾਰੀਆਂ ਫੈਲਣ ਦਾ ਡਰ ਹੈ। ਓਧਰ ਇਸ ਸਬੰਧੀ ਜਦੋਂ ਮਾਰਕੀਟ ਕਮੇਟੀ ਦੇ ਸੈਕ੍ਰੇਟਰੀ ਸੰਜੀਵ ਕੁਮਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਸੋਮਵਾਰ ਨੂੰ ਕੋਈ ਨਾ ਕੋਈ ਹਲ ਕੱਢਿਆ ਜਾਵੇਗਾ ਤਾਂ ਕਿ ਬਰਸਾਤੀ ਪਾਣੀ ਦੀ ਨਿਕਾਸੀ ਹੋ ਸਕੇ। ਉਨ੍ਹਾਂ ਕਿਹਾ ਕਿ ਮੋਟਰਾਂ ਦੇ ਖਰਾਬ ਹੋਣ ਕਾਰਨ ਵੀ ਪਤਾ ਕੀਤੇ ਜਾਣਗੇ।

# ਕਾਂਗਰਸੀ ਲੀਡਰਸ਼ਿਪ ਨੂੰ ਬਜਟ ਸੈਸ਼ਨ 'ਚ ਗੰਭੀਰਤਾ ਨਾਲ ਨਿਭਾਉਣੀ ਹੋਵੇਗੀ ਵਿਰੋਧੀ ਧਿਰ ਦੀ ਭੂਮਿਕਾ

ਸਰਦੂਲ ਸਿੰਘ

ਪਠਾਨਕੋਟ 7 ਮਾਰਚ। ਮਾਰਚ ਦਾ ਮਹੀਨਾ ਸ਼ੁਰੂ ਹੁੰਦੇ ਹੀ ਲੋਕ ਸਭਾ ਚੋਣਾਂ ਦੀ ਆਹਟ ਹੁਣ ਸਿਆਸੀ ਪਾਰਟੀਆਂ ਦੀਆਂ ਚਿੰਤਾਵਾਂ ਨੂੰ ਵਧਾ ਰਹੀ ਹੈ। ਪੰਜਾਬ 'ਚ ਸਾਰੀਆਂ ਪਾਰਟੀਆਂ ਅਜੇ ਵੀ ਅਨਿਸ਼ਚਿਤਤਾ ਭਰੀ ਰਾਜਨੀਤੀ ਕਾਰਨ ਭਰਮ ਦੀ ਸਥਿਤੀ 'ਚ ਹਨ ਕਿ ਪੰਜਾਬ ਦੀ ਜਨਤਾ ਲੋਕ ਸਭਾ 'ਚ ਕੀ ਮਨ ਬਣਾਉਂਦੀ ਹੈ ਅਤੇ ਕਿਸ ਪਾਰਟੀ ਨੂੰ ਆਪਣਾ ਆਸ਼ੀਰਵਾਦ ਦਿੰਦੀ ਹੈ। ਪੂਰੀ ਚੋਣ ਪ੍ਰਕਿਰਿਆ ਅਗਲੇ 60 ਦਿਨਾਂ 'ਚ ਪੂਰਨ ਹੋਣੀ ਹੈ ਅਤੇ ਮੱਧ ਮਈ ਵਿਚ ਨਵੀਂ ਸਰਕਾਰ ਦਾ ਗਠਨ ਹੋਣਾ ਹੈ। ਅਜਿਹੇ ਹਾਲਾਤ 'ਚ ਸਮਾਂ ਇੰਨਾ ਘੱਟ ਰਹਿ ਗਿਆ ਹੈ ਕਿ ਉਮੀਦਵਾਰ ਕਿਸ ਤਰ੍ਹਾਂ ਵੋਟਰਾਂ ਨਾਲ ਆਪਣਾ ਸੰਪਰਕ ਸਾਧ ਸਕਣਗੇ, ਉਸ ਨੂੰ ਲੈ ਕੇ ਉਨ੍ਹਾਂ ਦੀਆਂ ਚਿੰਤਾ ਜਾਇਜ ਹੈ। ਸੱਤਾਸੀਨ ਆਮ ਆਦਮੀ ਪਾਰਟੀ ਨੇ 13 ਉਮੀਦਵਾਰਾਂ ਨੂੰ ਮੈਦਾਨ 'ਚ ਉਤਾਰਦੀ ਹੈ, ਜਿਸ 'ਚ ਜਲੰਧਰ ਨੂੰ ਛੱਡ ਕੇ ਬਾਕੀ 12 ਸਥਾਨਾਂ 'ਤੇ ਨਵੇਂ ਉਮੀਦਵਾਰ ਹੋਣਗੇ ਅਤੇ ਉਨ੍ਹਾਂ ਨੂੰ ਇੰਨੇ ਘੱਟ ਸਮੇਂ 'ਚ ਆਪਣੀ ਗੱਲ ਆਮ ਜਨਤਾ ਤੱਕ ਪਹੁੰਚਾਉਣੀ ਹੋਵੇਗੀ। ਕੋਈ ਸ਼ੱਕ ਨਹੀਂ ਉਨ੍ਹਾਂ ਦੇ ਕੋਲ ਵਿਧਾਇਕਾਂ ਦੀ ਵੱਡੀ ਫੌਜ ਹੈ ਪਰ ਐਂਟੀਕੁਵੈਂਸੀ ਕਾਰਨ ਲੋਕ ਸਭਾ ਉਮੀਦਵਾਰ ਪੂਰੀ ਤਰ੍ਹਾਂ ਨਾਲ ਵਿਧਾਇਕਾਂ 'ਤੇ ਨਿਰਭਰ ਨਹੀਂ ਕਰ ਸਕਦੇ। ਕਾਂਗਰਸ ਦੇ 8 ਐੱਮ. ਪੀ. ਪਿਛਲੀਆਂ ਚੋਣਾਂ 'ਚ ਜੇਤੂ ਹੋਏ ਸਨ, ਜਿਸ 'ਚੋਂ 7 ਅਜੇ ਵੀ ਮੈਦਾਨ ਵਿਚ ਹਨ। ਪਾਰਟੀ ਉਨ੍ਹਾਂ ਨੂੰ ਲੈ ਕੇ ਆਪਣਾ ਕੀ ਮਨ ਬਣਾ ਰਹੀ ਹੈ, ਉਸ 'ਤੇ ਵੀ ਸਾਰਿਆਂ ਦੀ ਨਜ਼ਰ ਹੈ ਅਤੇ ਕਦੋਂ ਤੱਕ ਉਨ੍ਹਾਂ ਦੀਆਂ ਟਿਕਟਾਂ ਹੋਣਗੀਆਂ। ਆਮ ਆਦਮੀ ਪਾਰਟੀ ਵਾਂਗ ਭਾਜਪਾ ਦੀ ਸਥਿਤੀ ਵੀ ਕਾਫੀ



ਰੌਚਕ ਹੈ। ਉਹ ਪਹਿਲਾਂ ਤਿੰਨ ਲੋਕ ਸਭਾ ਸੀਟਾਂ 'ਤੇ ਚੋਣ ਲੜਦੀ ਸੀ ਅਤੇ 10 'ਤੇ ਅਕਾਲੀ ਦਲ ਲੜਦਾ ਸੀ। ਜੇਕਰ ਉਨ੍ਹਾਂ ਨੂੰ ਹੁਣ 13 ਸੀਟਾਂ 'ਤੇ ਚੋਣ ਲੜਨੀ ਪਈ ਤਾਂ ਘੱਟ ਤੋਂ ਘੱਟ 12 ਸੀਟਾਂ 'ਤੇ ਉਨ੍ਹਾਂ ਨੂੰ ਨਵੇਂ ਉਮੀਦਵਾਰ ਉਤਾਰਨੇ ਹੋਣਗੇ। ਨਵੇਂ ਉਮੀਦਵਾਰ ਕਦੋਂ ਲੋਕਾਂ ਕੋਲ ਜਾਣਗੇ ਕਦੋਂ ਆਪਣੀ ਗੱਲ ਰੱਖਣਗੇ ਕਿਉਂਕਿ ਪੂਰੀ ਚੋਣ ਹਵਾ 'ਚ ਤਾਂ ਨਹੀਂ ਲੜੀ ਜਾ ਸਕਦੀ। ਅਕਾਲੀ ਦਲ ਦੀ ਸਥਿਤੀ ਵੀ ਸਾਰਿਆਂ ਦੇ ਸਾਹਮਣੇ ਹੈ, ਉਨ੍ਹਾਂ ਕੋਲ ਉਮੀਦਵਾਰ ਤਾਂ ਹਨ ਪਰ ਵਰਕਰ ਕੀ ਦਿਲ ਤੋਂ ਕੰਮ ਕਰ ਰਿਹਾ ਹੈ ਜਾਂ ਨਹੀਂ, ਕਿਸਾਨ ਅੰਦੋਲਨ ਦਾ ਅਕਾਲੀ ਦਲ 'ਤੇ ਕੀ ਪ੍ਰਭਾਵ ਹੋਣ ਵਾਲਾ ਹੈ, ਉਸ ਨੂੰ ਲੈ ਕੇ ਵੀ ਉਨ੍ਹਾਂ ਦੇ ਆਗੂਆਂ 'ਚ ਚਿੰਤਾ ਹੋਣਾ ਸੰਭਾਵਿਕ ਹੈ। ਅਗਲੇ 15 ਦਿਨ ਰਾਜਨੀਤਿਕ ਰੂਪ ਨਾਲ ਕਾਫੀ ਮਹੱਤਵਪੂਰਨ ਹੋਣ ਵਾਲੇ ਹਨ ਕਿਉਂਕਿ ਪੰਜਾਬ ਵਿਧਾਨ ਸਭਾ ਦਾ ਬਜਟ ਸੈਸ਼ਨ ਚੱਲ ਰਿਹਾ ਹੈ। ਜਿੱਥੇ 92 ਵਿਧਾਇਕ ਆਮ ਆਦਮੀ ਪਾਰਟੀ ਨਾਲ ਸਬੰਧਤ ਹਨ ਅਤੇ 18 ਵਿਧਾਇਕ ਕਾਂਗਰਸ ਦੇ। ਅਜਿਹੇ ਹਾਲਾਤ ਵਿਚ ਕਾਂਗਰਸ ਨੂੰ ਹਰ ਹਾਲਤ 'ਚ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣ ਲਈ ਅੱਡੀ-ਚੋਟੀ ਦਾ ਜੋਰ ਲਗਾਉਣਾ ਹੋਵੇਗਾ। ਉਨ੍ਹਾਂ ਨੂੰ ਆਪਣੇ ਵਰਕਰਾਂ ਨੂੰ ਇਸ ਭ੍ਰਮਜਾਲ ਤੋਂ ਬਾਹਰ ਕੱਢਣਾ ਹੋਵੇਗਾ ਕਿ ਅਕਾਲੀ-ਭਾਜਪਾ ਗੱਠਜੋੜ ਹੋਣ ਦੀ ਸਥਿਤੀ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਵੀ ਗੱਠਜੋੜ ਹੋਵੇਗਾ। 70 ਫੀਸਦੀ ਕਾਂਗਰਸੀ ਵਰਕਰ ਅਤੇ ਨੇਤਾਗਣ ਇਹ ਮੰਨ ਦੇ ਚੱਲ ਰਹੇ ਹਨ ਕਿ ਅਜੇ ਵੀ ਗੱਠਜੋੜ ਦੀ ਸੰਭਾਵਨਾ ਬਰਕਰਾਰ ਹੈ, ਜਿਸ ਕਾਰਨ ਵਰਕਰਾਂ 'ਚ ਆਲਸ ਆਉਣਾ ਸੰਭਾਵਿਕ ਹੈ। ਜੇਕਰ ਇਨ੍ਹਾਂ ਵਿਧਾਨ ਸਭਾ ਸੈਸ਼ਨ ਦੌਰਾਨ ਕਾਂਗਰਸ ਆਪਣੀ ਵਿਰੋਧੀ ਧਿਰ ਦੀ ਭੂਮਿਕਾ ਨੂੰ ਸਥਾਪਿਤ ਕਰਨ 'ਚ ਸਫਲ ਰਹੀ ਤਾਂ ਪਾਰਟੀ ਪੂਰੇ ਜੋਰ ਨਾਲ ਲੋਕ ਸਭਾ 'ਚ ਜਾ ਸਕੇਗੀ। ਜੇਕਰ ਪੰਜਾਬ ਦੀ ਜਨਤਾ ਅਤੇ ਵਰਕਰਾਂ ਨੂੰ ਲੱਗਾ ਕਿ ਫ੍ਰੈਂਡਲੀ ਮੈਚ ਚੱਲ ਰਿਹਾ ਹੈ ਤਾਂ ਉਹ ਫਿਰ ਲੋਕਾਂ ਦੀ ਸੋਚ ਬਾਕੀ ਪਾਰਟੀਆਂ ਵਾਂਗ ਵੀ ਜਾ ਸਕਦੀ ਹੈ, ਜਿਸ ਨਾਲ ਭਾਜਪਾ ਅਤੇ ਅਕਾਲੀ ਦਲ ਦੇ ਵੋਟ ਬੈਂਕ ਦੇ ਵਧਣ ਦੀਆਂ ਸੰਭਾਵਨਾਵਾਂ ਹਨ। ਕਿਸਾਨ ਅੰਦੋਲਨ ਨੂੰ ਪੂਰੀ ਤਰ੍ਹਾਂ ਨਾਲ ਵਿਡਰਾ ਕਰਨਾ ਅਤੇ ਉਨ੍ਹਾਂ ਦੀਆਂ ਮੰਗਾਂ ਨੂੰ ਮੰਨਣਾ ਹੁਣ ਸੰਭਵ ਨਹੀਂ ਲੱਗਦਾ ਕਿਉਂਕਿ ਸਿਰਫ ਦੋ ਹਫਤੇ ਦਾ ਸਮਾਂ ਕੋਡ ਆਫ ਕੰਡਕਟ (ਚੋਣ ਜਾਬਤਾ) ਲੱਗਣ ਨੂੰ ਰਹਿ ਗਿਆ ਹੈ। ਜਦੋਂ ਮੀਟਿੰਗ ਦਾ ਦੌਰ ਸ਼ੁਰੂ ਹੋਵੇਗਾ ਅਤੇ ਕਦੋਂ ਗੱਲ ਅੱਗੇ ਵਧੇਗੀ, ਇਸ ਦੇ ਬਾਰੇ ਵਿਚ ਕੁਝ ਨਹੀਂ ਕਿਹਾ ਜਾ ਸਕਦਾ। ਹੁਣ ਤਾਂ ਅਕਾਲੀ ਭਾਜਪਾ ਗੱਠਜੋੜ ਨੂੰ ਲੈ ਕੇ ਇਹ ਕਿਆਸ ਲਾਏ ਜਾ ਰਹੇ ਹਨ ਕਿ ਇਹ ਮਾਰਚ ਦੇ ਅੰਤ ਤੱਕ ਹੋਵੇਗਾ। ਤਸੀਂ ਕਲਪਨਾ ਕਰ ਸਕਦੇ ਹੋ ਕਿ ਇਸ ਵਾਰ ਚੋਣ ਕਿਸ ਤਰ੍ਹਾਂ ਨਾਲ ਅਤੇ ਕਿਨ੍ਹਾਂ ਹਾਲਾਤ ਵਿਚ ਹੋਣ ਜਾ ਰਹੀਆਂ ਹਨ। ਵੋਟਰ ਅਚਾਨਕ ਹੀ ਆਪਣਾ ਮਨ ਬਣਾਏਗਾ ਅਤੇ ਉਸ ਪਾਰਟੀ ਦੀ ਲਾਟਰੀ ਇਨ੍ਹਾਂ ਚੋਣਾਂ 'ਚ ਨਿਕਲ ਆਏਗੀ। ਆਉਣ ਵਾਲੇ ਦਿਨ ਕਾਫੀ ਰੌਚਕ ਹੈ ਅਤੇ ਅਜੇ ਵੀ ਨਜਰਾਂ 'ਤੇ ਟਿਕੀਆਂ ਹੋਈਆਂ ਹਨ।